# ਸਿਰਜਣਾ

ਜਨਵਰੀ—ਫਰਵਰੀ—ਮਾਰਚ 1968

ਸ਼ਿਵ ਕੁਮਾਰ
ਸੰਤੋਖ ਸਿੰਘ ਧੀਰ
ਸੁਰਿੰਦਰ ਗਿੱਲ
ਡਾ: ਗੁਰਚਰਨ ਸਿੰਘ
ਹੁੰਦਲ, ਰਵੀ, ਨਾਜ਼

ਸੁਖਬੀਰ
ਵਿਰਦੀ
ਗੁਰਵੇਲ
ਕਮਲੇਸ਼ਵਰ

ਸੰਤ ਸਿੰਘ ਸੇਖੋਂ
ਤੇਜਵੰਤ ਸਿੰਘ ਗਿੱਲ
ਹਜ਼ਾਰੀ ਪ੍ਰਸਾਦ ਦਿਵੇਦੀ

ਆਲੋਚਨਾ : ਮਨੋਵਿਗਿਅਕ ਤੇ ਇਤਿਹਾਸਵਾਦੀ
ਸਾਹਿਤ ਵਿਚ ਯਥਾਰਥ : ਨਵੀਂ ਵਿਆਖਿਆ
ਨਵ ਪ੍ਰਕਾਸ਼ਨ
ਨਵੇਂ ਨਾਂ : ਕਰਮਜੀਤ, ਦੇਵ ਤੇ ਬਲਦੇਵ

ਇਕ ਰੁਪਿਆ, ਪੰਜਾਹ ਪੈਸੇ

# ਸਿਰਜਣਾ

[ਸਾਹਿੱਤਕ ਤ੍ਰੈਮਾਸਕ]

ਜਲੰਧਰ


ਜਿਲਦ 4

**ਅੰਕ 1**

ਚੰਦਾ ਦੇਸ : ਪੰਜਰੁਪਏ

ਪ੍ਰਦੇਸ : ਦਸ ਸ਼ਲਿੰਗ


ਨਿਗਰਾਨ : **ਰਘਬੀਰ ਸਿੰਘ**


ਇਕ ਕਾਪੀ : ਡੇਢ ਰੁਪਈਆ

SIRJANA is approved by DPI Punjab for all Schools, Colleges and Social Education Centres vide his letter No 2/6—66B (EP) dated 26.9. 1966

ਜਨਵਰੀ—ਮਾਰਚ 1968

# ਇਸ ਅੰਕ ਵਿਚ


| | | |
|---|---|---|
| ਸੰਪਾਦਕੀ | ਬੌਧਿਕ ਕ੍ਰਾਂਤੀਸ਼ੀਲਤਾ | ਰਘਬੀਰ ਸਿੰਘ |
| ਕਵਿਤਾਵਾਂ | | ਸ਼ਿਵ ਕੁਮਾਰ, ਸੰਤੋਖ ਸਿੰਘ ਧੀਰ, ਸੁਰਿੰਦਰ ਗਿੱਲ, ਹਰਨਾਮ ਸਿੰਘ ਨਾਜ਼, ਹਰਭਜਨ ਸਿੰਘ ਹੁੰਦਲ, ਗੁਰਨਾਮ ਸਿਘ ਢਿਲੋਂ. ਡਾਕਟਰ ਗੁਰਚਰਨ ਸਿੰਘ, ਜੁਗਿੰਦਰ ਸ਼ਮਸ਼ੇਰ, ਦੇਵ, ਕਰਮਜੀਤ, ਮੋਹਨ ਸਿੰਘ ਜੌਹਲ, ਬਲਦੇਵ, ਹਿੰਮਤ ਸਿੰਘ ਸੋਢੀ, ਜੁਗਿੰਦਰ ਅਮਰ,ਕਸ਼ਮੀਰ ਕਾਦਰ,ਮਨਮੋਹਨ ਸਿੰਘ ਦਾਊਂ,ਰਵਿੰਦਰ ਰਵੀ |
| ਕਹਾਣੀਆਂ | | ਸੁਖਬੀਰ, ਜਸਵੰਤ ਸਿੰਘ ਵਿਰਦੀ, ਗੁਰਵੇਲ ਪੰਨੂੰ |
| ਭਰਾਤਰੀ ਸਾਹਿਤ | ਕਹਾਣੀ | ਕਮਲੇਸ਼ਵਰ |
| | ਨਿਬੰਧ | ਹਜ਼ਾਰੀ ਪਰਸ਼ਾਦ ਦਿਵੇਦੀ |
| ਆਲੋਚਨਾ ਪ੍ਰਣਾਲੀਆਂ | ਇਤਿਹਾਸਵਾਦੀ ਆਲੋਚਨਾ | ਸੰਤ ਸਿੰਘ ਸੇਖੋਂ |
| | ਮਨੋਵਿਗਿਆਨਕ ਆਲੋਚਨਾ | ਤੇਜਵੰਤ ਸਿੰਘ ਗਿੱਲ |
| ਨਿਬੰਧ | ਯਥਾਰਥਵਾਦ : ਨਵੀਂ ਵਿਆਖਿਆ | ਚੰਦਰਬਲੀ ਸਿੰਘ |
| ਪੁਸਤਕ ਪੜਚੋਲ | | ਅਮਰਜੀਤ ਸਿੰਘ, ਰਘਬੀਰ ਸਿੰਘ, ਨਰਿੰਦਰ ਜੋਸ਼ੀ |

# ਬੌਧਿਕ ਕ੍ਰਾਂਤੀਸ਼ੀਲਤਾ

ਸਾਹਿਤ ਮੂਲ ਰੂਪ ਵਿਚ ਪ੍ਰਾਪਤ ਸਮਾਜਕ ਪ੍ਰਸਥਿਤੀਆਂ ਦੀ ਉਪਜ ਹੁੰਦਾ ਹੈ। ਜਿਹੋ ਜਿਹੇ ਕਿਸੇ ਦੇਸ਼ ਅਥਵਾ ਪ੍ਰਾਂਤ ਦੇ ਆਰਥਕ ਤੇ ਰਾਜਨੀਤਕ ਸਮਾਚਾਰ ਹੋਣਗੇ, ਉਹੋ ਜਿਹੇ ਸਮਾਚਾਰਾਂ ਦੀ ਅਭਿਵਿਅਕਤੀ ਹੀ ਉਥੋਂ ਦੇ ਸਾਹਿਤ ਵਿਚ ਹੋਵੇਗੀ। ਕੋਈ ਪਰਾਏ ਵਿਚਾਰ ਜਾਂ ਕਲਾ ਰੂਪ ਸਾਹਿਤ ਵਿਚ ਕਿਸੇ ਮੁਹਿੰਮ ਦੁਆਰਾ ਪ੍ਰਚਲਤ ਕੀਤੇ ਜਾ ਸਕਣੇ ਕਠਨ ਹੀ ਨਹੀਂ ਅਸੰਭਵ ਹਨ। ਇਸੇ ਲਈ ਹੀ ਪੰਜਾਬੀ ਸਾਹਿਤ ਵਿਚ ਪ੍ਰਯੋਗਵਾਦ ਤੇ ਆਧੁਨਿਕਤਾਵਾਦ ਦੇ ਨਾਉਂ ਉਪਰ ਕੁਝ ਕੁ ਅਮੋੜ ਵਿਅਕਤੀਆਂ ਵਲੋਂ ਪਤਨ ਦੀ ਅਵਸਥਾ ਨੂੰ ਪਹੁੰਚੇ ਪੂੰਜੀਵਾਦੀ ਪਰਬੰਧ ਦੇ ਅਧੀਨ ਪਛਮੀ ਦੇਸ਼ਾਂ ਵਿਚ ਉਪਜੇ ਵਿਚਾਰਾਂ ਤੇ ਕਲਾ ਰੂਪਾਂ ਦੀ ਅੰਧਾ ਧੁੰਦ ਕੀਤੀ ਨਕਲ ਜੇ ਪੰਜਾਬੀ ਸਾਹਿਤ ਖੇਤਰ ਵਿਚ ਸਵੀਕ੍ਰਿਤੀ ਪ੍ਰਾਪਤ ਨਾ ਕਰ ਸਕੀ ਤਾਂ ਇਸ ਦਾ ਕਾਰਨ ਬੜਾ ਪ੍ਰਤੱਖ ਹੈ। ਉਹਨਾਂ ਵਿਚਾਰਾਂ ਦੇ ਪਸਾਰ ਲਈ ਸਾਡੇ ਉਸ ਪਰਕਾਰ ਦੀਆਂ ਪ੍ਰਸਥਿਤੀਆਂ ਹੋਂਦ ਵਿਚ ਹੀ ਨਹੀਂ ਸਨ ਆਈਆਂ, ਇਸ ਲਈ ਉਹ ਵਿਚਾਰ ਜੜ੍ਹ ਨਾ ਫੜ ਸਕੇ।

ਪਰ ਉਪਰੋਕਤ ਨਾਵਾਂ ਵਾਲੇ ਵਾਦ ਜੇ ਪੰਜਾਬੀ ਤੇ ਦੂਸਰੀਆਂ ਭਾਰਤੀ ਭਾਸ਼ਾਵਾਂ ਵਿਚ ਉਤਪੰਨ ਹੋਏ ਤਾਂ ਉਨ੍ਹਾਂਦਾ ਕਾਰਨ ਕੇਵਲਕੁਝ ਅਮੋੜ ਵਿਅਕਤੀਆਂ ਦੀ ਜ਼ਿੱਦ ਹੀ ਨਹੀਂ ਸੀ,ਸਗੋਂ ਉਨ੍ਹਾਂ ਦਾ ਇਕ ਠੋਸ ਬਾਹਰਮੁਖੀ ਅਥਵਾ ਆਰਥਕ ਰਾਜਨੀਤਕ ਅਧਾਰ ਮੌਜੂਦ ਸੀ।ਉਹ ਅਧਾਰ ਇਕ ਬੰਨੇ ਤਾਂ ਦੇਸ਼ ਵਿਚ ਆਜ਼ਾਦੀ ਦੀ ਪ੍ਰਾਪਤੀ ਪਿਛੋਂ ਇਕ ਸੰਤੁਸ਼ਟ ਮਰਧ-ਵਰਗ ਦੀ ਉਤਪਤੀ ਸੀ ਤੇ ਦੂਸਰੇ ਬੰਨੇ ਪ੍ਰਗਤਿਵਾਦੀ ਸਾਹਿੱਤਕ ਦ੍ਰਿਸ਼ਟੀਕੋਣ ਦੀ ਸੀਮਾਂ ਅਤੇ ਕਮਜ਼ੋਰੀ। ਦੇਸ਼ ਦੀ ਮਧ-ਸ਼ਰੇਣੀ ਵਿਚ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਵਾਲਾ ਸੰਘਰਸ਼ ਦਾ ਮਾਦਾ ਨਹੀਂ ਸੀ ਰਿਹਾ ਤੇ ਕਿਰਤੀ ਕਿਸਾਨ ਸ਼ਰੇਣੀਆਂ ਨਾਲ ਉਹਨਾਂ ਦੀ ਸੰਧੀ ਕੁਝ ਹੱਦ ਤਕ ਖ਼ਤਮ ਹੋ ਗਈ ਸੀ। ਇਸ ਪਰਕਾਰ ਇਕ ਸੰਤੁਸ਼ਟ ਵਰਗ ਵਜੋਂ ਇਸ ਵਰਗ ਦੇ ਵਡੇਰੇ ਭਾਗ ਨੇ ਪਹਿਲਾਂ ਵਾਲੀ ਪ੍ਰਗਤਿ-ਸ਼ੀਲਤਾ ਤੇ ਸਾਰਥਕਤਾ ਨੂੰ ਤਿਆਗ ਦਿੱਤਾ। ਦੂਸਰੇ ਬੰਨੇ ਪ੍ਰਗਤਿਵਾਦੀ ਸਾਹਿਤ ਧਾਰਾ ਆਪਣੀ

ਸਾਰੀ ਚੜ੍ਹਤ ਦੇ ਬਾਵਜੂਦ ਆਪਣੇ ਸਿਧਾਂਤਕ ਅਧਾਰਾਂ ਸਬੰਧੀ ਕਦੇ ਵੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਸੀ ਹੋਈ। ਸਿੱਟੇ ਵਜੋਂ ਕਈ ਇਕ ਤਰੁਟੀਆਂ--ਉਪਭਾਵੁਕਤਾ, ਨਾਅਰੇਬਾਜ਼ੀ, ਰੁਮਾਂਸਕਤਾ, ਆਦਰਸ਼ਵਾਦ, ਸੁਧਾਰਵਾਦ, ਪ੍ਰਕ੍ਰਿਤੀਵਾਦ, ਇਤਿਆਦਿ, ਇਸ ਦੇ ਅੰਦਰ ਏਨੀਆਂ ਪ੍ਰਪੱਕ ਹੋ ਚੁਕੀਆਂ ਸਨ ਕਿ ਚੰਗੀ ਤੋਂ ਕੋਈ ਚੰਗੀ ਪ੍ਰਗਤਿਵਾਦੀ ਰਚਨਾ ਵੀ ਅਜਿਹੀ ਨਹੀਂ ਸੀ ਜੋ ਇਹਨਾਂ ਵਿਚੋਂ ਕਿਸੇ ਇਕ ਜਾਂ ਦੂਸਰੀ ਤਰੁਟੀ ਦਾ ਸ਼ਿਕਾਰ ਨਾ ਹੁੰਦੀ।

ਇਸ ਪਰਕਾਰ ਪ੍ਰਗਤਿਵਾਦ ਦੀ ਪਕੜ ਦੇ ਕਮਜ਼ੋਰ ਪੈਣ ਤੇ ਕਈ ਇਕ ਤੱਤ ਦੇ ਪ੍ਰਤਿਗਾਮੀ ਕਥਿਤ ਨਵੀਨ ਵਾਦਾਂ ਦੀ ਉਤਪਤੀ ਲਈ ਬਾਹਰ ਮੁਖੀ ਪ੍ਰਸਥਿਤੀਆਂ ਮੌਜੂਦ ਸਨ। ਪਰ ਸੁਤੰ-ਤ੍ਰਤਾ ਪ੍ਰਾਪਤੀ ਤੋਂ ਪਿਛੋਂ ਦੇ ਵੀਹ ਕੁਝ ਵਰ੍ਹਿਆਂ ਵਿਚ ਸਾਡੇ ਦੇਸ਼ ਵਿਚ ਬਹੁਤ ਕੁਝ ਵਾਪਰਿਆ ਹੈ। ਆਰਥਕ ਯੋਜਨਾਬੰਦੀ ਦੇ ਬਾਵਜੂਦ ਦੇਸ਼ ਦਾ ਅਰਥਚਾਰਾ ਸੰਤੁਲਨ ਪ੍ਰਾਪਤ ਨਹੀਂ ਕਰ ਸਕਿਆ। ਫਲ ਸਰੂਪ ਜਿਥੇ ਵਸੋਂ ਦੇ ਕਝ ਇਕ ਭਾਗ ਨੂੰ ਬਹੁਤ ਸਾਰੀਆਂ ਆਰਥਕ ਸੁਬਿਧਾਵਾਂ ਪ੍ਰਾਪਤ ਹੋਈਆਂ ਹਨ ਤੇ ਉਸਦੀ ਆਰਥਕ ਸਥਿਤੀ ਪਹਿਲਾਂ ਨਾਲੋਂ ਬਹੁਤ ਚੰਗੇਰੀ ਹੋਈ ਹੈ, ਉਥੇ ਵਿਸ਼ਾਲ ਜਨ-ਸਮੂੰਹ ਦੀ ਦਸ਼ਾ ਲਗਾਤਾਰ ਨਿਘਾਰ ਵਲ ਗਈ ਹੈ। ਸੱਤਾਧਾਰੀ ਵਰਗ ਵਲੋਂ ਉਤਪੰਨ ਕੀਤੀਆਂ ਬਹੁਤ ਸਾਰੀਆਂ ਰੁਕਾਵਟਾਂ ਤੇ ਮੁਸ਼ਕਲਾਂ ਦੇ ਬਾਵਜੂਦ ਵਿਸ਼ਾਲ ਜਨ ਸਮੂੰਹ ਦੀ ਆਪਣੀ ਆਰਥਕ ਅਵਸਥਾ ਤੋਂ ਉਪਰਾਮਤਾ ਵਿਰੋਧ ਤੇ ਸੰਘਰਸ਼ ਦਾ ਰੂਪ ਧਾਰਨ ਕਰਨ ਵਲ ਅੱਗੇ ਵਧ ਰਹੀ ਹੈ। ਇਹਨਾਂ ਪ੍ਰਸਥਿਤੀਆਂ ਵਿਚ, ਸਾਹਿਤ ਵਿਚ ਵੀ, ਇਹ ਸੰਭਵ ਨਹੀਂ ਕਿ ਸੰਤੁਸ਼ਟ ਵਰਗਾਂ ਦੇ ਪ੍ਰਤਿਨਿਧ ਪ੍ਰਮੁਖਤਾ ਦੇ ਸਥਾਨ ਉਤੇ ਰਹਿ ਸਕਣ । ਇਸ ਲਈ ਕੁਝ ਵਰ੍ਹਿਆਂ ਦੇ ਪ੍ਰਦਰਸ਼ਣ ਪਿਛੋਂ ਪ੍ਰਤਿਗਾਮਤਾ ਦੇ ਪ੍ਰਤੀਨਿਧ ਇਹ ਵਾਦ ਖਤਮ ਪੈਣੇ ਅਰੰਭ ਹੋ ਗਏ ਅਤੇ ਪ੍ਰਗਤਿਵਾਦੀ ਤੇ ਸਾਰਥਕ ਕੀਮਤਾਂ ਮੁੜ ਆਪਣੀ ਵਕਤੀ ਖੜੋਤ ਤੋਂ ਪਿਛੋਂ ਚੜ੍ਹਤ ਵਿਚ ਆਉਣ ਲੱਗੀਆਂ। ਪਿਛਲੇ ਤਿੰਨ ਕੁਝ ਸਾਲ਼ਾਂ ਦੇ ਸਮਾਚਾਰ ਇਸੇ ਭਾਂਤ ਦੇ ਹਨ।

ਪ੍ਰਗਟ ਹੈ ਕਿ ਪ੍ਰਗਤਿਵਾਦ ਦੇ ਪੁਨਰ ਸਥਾਪਨ ਲਈ ਬਾਹਰ ਮੁਖੀ ਪ੍ਰਸਥਿਤੀਆਂ ਮੌਜੂਦ ਹਨ। ਪ੍ਰਯੋਗਵਾਦ ਦੇ ਪ੍ਰਵੱਕਤਾ ਥੋੜੇ ਥੋੜੇ ਵਕਫੇ ਪਿਛੋਂ ਕਿਸੇ ਭਿਆਨਕ ਸੁਪਨੇ 'ਚੋਂ ਉਠ ਕੇ ਬਰੜਾਉਣ ਵਾਂਗ ਜੇਪ੍ਰਗਤਿਵਾਦ ਵਿਰੁਧ ਵਿਹੁ ਉਗਲਛਣ ਲਈ ਹਾਲੀ ਵੀਪੰਜ ਦਰਿਆ ਦੇ ਪੰਨੇ ਕਾਲੇ ਕਰ ਦਿੰਦੇ ਹਨ ਤਾਂ ਉਹਨਾਂ ਦਾ ਇਹ ਉਬਾਲ ਮਰ ਰਹੇ ਸੱਪ ਦੇ ਵਿਹੁ ਘੋਲਣ ਤੋਂ ਬਿਨਾਂ ਹੋਰ ਕੁਝ ਨਹੀਂ। ਇਸਦੇ ਟਾਕਰੇ ਪ੍ਰਗਤਿਵਾਦ ਦੇ ਅਨੁਆਈ ਮੁੜ ਉਤਸ਼ਾਹ ਤੇ ਚੜ੍ਹਤ ਨਾਲ ਪ੍ਰਗਟ ਹੋ ਰਹੇ ਹਨ। ਕਈ ਇਕ ਸੁੱਤੀਆਂ ਸਾਹਿਤ ਸਭਾਵਾਂ ਦਾ ਮੁੜਕੇ ਜਾਗਣਾ, 'ਸਿਰਜਣਾ' ਦੇ ਪ੍ਰਕਾਸ਼ਨ ਤੋਂ ਪਿਛੋਂ ਕਈ ਇਕ ਹੋਰ ਪੱਤਰਾਂ ਦਾ ਪ੍ਰਕਾਸ਼ਨਾ ਆਰੰਭਣਾ, ਕੇਂਦਰੀ ਲੇਖਕ ਸਭਾ ਨੂੰ ਮੁੜ ਸੁਰਜੀਤ ਕਰਨ ਤੇ ਪ੍ਰਗਤਿਵਾਦੀ ਲੇਖਕ ਸੰਘ ਦੀ ਸਥਾਪਨ ਦੀ ਚਰਚਾ—ਸਾਰਾ ਕੁਝ ਪ੍ਰਗਤਿਵਾਦੀਆਂ ਵਿਚ ਆਏ ਨਵੇਂ ਉਤਸ਼ਾਹ ਦਾ ਪ੍ਰਤੀਕ ਹੈ।

ਪਰ ਸਾਡੇ ਸਾਹਿਤ ਵਿਚ ਪ੍ਰਗਤਿਵਾਦੀ ਸਾਹਿੱਤਕ ਧਾਰਾ ਦਾ ਦੁਖਾਂਤ ਇਹ ਹੈ ਕਿ ਬਾਹਰਮੁਖੀ ਪ੍ਰਸਥਿਤੀਆਂ ਤਾਂ ਇਸਦੇ ਪਸਾਰ ਲਈ ਸੁਖਾਵੀਆਂ ਹੁੰਦੀਆਂ ਹਨ ਪਰ ਇਹ ਧਾਰਾ ਉਹਨਾਂ ਤੋਂ ਚੇਤੰਨ ਭਾਂਤ ਲਾਭ ਉਠਾਉਣ ਦੇ ਸਮਰੱਥ ਆਪਣੇਆਪ ਨੂੰ ਨਹੀਂ ਬਣਾਉਂਦੀ। ਪ੍ਰਗਤਿ-ਵਾਦ ਵਿਚ, ਜਿਵੇਂ ਕਿ ਉਪਰ ਕਿਹਾ ਗਿਆ ਹੈ, ਬਹੁਤ ਕੁਝ ਹੋਰ ਰੱਲਗੱਡ ਹੋ ਚੁਕਿਆ ਹੈ ਤੇ ਜੇ

ਇਸ ਧਾਰਾ ਨੇ ਨਵੇਂ ਸਿਰਿਉਂ ਸਥਾਪਤ ਹੋਣਾ ਹੈ ਤਾਂ ਅਵੱਸ਼ ਹੀ ਇਸਨੂੰ ਆਪਣੀਆਂ ਸਭ ਤਰੁਟੀਆਂ ਤੋਂ ਮੁਕਤ ਹੋਣਾ ਪਏਗਾ। ਜੇ ਪਿਛਲੇ ਵਰ੍ਹਿਆਂ ਵਿਚ ਸੁਧਾਰਵਾਦ, ਉਪਭਾਵੁਕ ਨਾਅਰੇਬਾਜ਼ੀ, ਪੇਤਲੀ ਦ੍ਰਿਸ਼ਟੀ ਦੇ ਨਾਲ ਨਾਲ ਰੁਮਾਂਸਕਤਾ ਤੇ ਆਦਰਸ਼ਵਾਦ ਦੀ ਚਾਸ਼ਨੀ ਚੱਲ ਸਕਦੀ ਵੀ ਸੀ ਤਾਂ ਅੱਜ ਉਸਦੇ ਲਈ ਉਕਾ ਹੀ ਕੋਈ ਥਾਂ ਨਹੀਂ ਜਾਂ ਇਉਂ ਕਹਿਆ ਜਾ ਸਕਦਾ ਹੈ ਕਿ ਅਜੋਕਾ ਪ੍ਰਗਤਿਵਾਦ ਬੌਧਕ ਪੱਧਰ ਉਪਰ ਅਤਿਅੰਤ ਚੇਤੰਨ ਹੋਵੇਗਾ ਅਤੇ ਕਿਸੇ ਪਰਕਾਰ ਦੇ ਵੀ ਸਿਧਾਂਤਕ ਅਥਵਾ ਕਲਾਤਮਕ ਭੁਲਾਦਰੇ ਤੋਂ ਮੁਕਤ ਹੋਵੇਗਾ। ਅਸੀਂ ਇਸ ਦ੍ਰਿਸ਼ਟੀ ਨੂੰ ਬੌਧਿਕ ਕ੍ਰਾਂਤੀਸ਼ੀਲਤਾ ਦਾ ਨਾਉਂ ਦਿੰਦੇ ਹਾਂ, ਜੋ ਕਿ ਸਭ ਪਰਕਾਰ ਦੀਆਂ ਵਿਕਰਤੀਆਂ, ਰੁਮਾਂਸਵਾਦ, ਸੁਧਾਰਵਾਦ ਆਦਿ ਦਾ ਨਿਖੇਧ ਕਰਦੀ ਹੈ।

ਸ਼ੋਕ ਦੀ ਗੱਲ ਹੈ ਕਿ ਅੱਜ ਕਲ ਪ੍ਰਗਤਿਵਾਦੀ ਸਾਹਿਤੱਕ ਖੇਤਰਾਂ ਵਿਚ ਬਹਿਸ ਇਸ ਗੱਲ ਉਪਰ ਨਹੀਂ ਚੱਲ ਰਹੀ ਕਿ ਉਪਰੋਕਤ ਤਰੁਟੀਆਂ ਤੋਂ ਕਿਵੇਂ ਮੁਕਤ ਹੋਣਾ ਹੈ। ਉਹ ਸਿਰਜਣਾ ਦੀਆਂ ਸਮਸਿਆਵਾਂ ਉਪਰ ਵਿਚਾਰ ਕਰਨ ਨਾਲੋਂ ਸੰਗਠਨ ਦੀਆਂ ਸਮਸਿਆਵਾਂ ਉਪਰ ਵਿਚਾਰ ਕਰਨ ਵਲ ਜ਼ਿਆਦਾ ਰੁਚਿਤ ਪ੍ਰਤੀਤ ਹੁੰਦੇ ਹਨ ਤੇ ਇਹ ਕੁਝ ਉਸ ਹਾਲਤ ਵਿਚ ਹੋ ਰਿਹਾ ਹੈ ਜਦ ਪ੍ਰਗਤਿਵਾਦ ਦਾ ਝੰਡਾ ਚੁਕਕੇ ਤੁਰਨ ਵਾਲੇ ਬਹੁਤੇ ਵਿਅਕਤੀ ਆਪਣੇ ਦ੍ਰਿਸ਼ਟੀਕੋਣ ਦੀ ਸੀਮਾ ਨੂੰ ਸਮਝੇ ਬਗੈਰ ਇਸ ਸੰਤੁਸ਼ਟਤਾ ਵਿਚ ਲੀਨ ਹਨ ਕਿ ਪ੍ਰਯੋਗਵਾਦ ਦਾ ਬੋਲ ਬਾਲਾ ਖਤਮ ਹੋ ਗਿਆ ਹੈ ਤੇ ਮੁੜ ਪ੍ਰਗਤਿਵਾਦ ਚੜ੍ਹਤ ਵਲ ਜਾ ਰਿਹਾ ਹੈ। ਪ੍ਰਤੱਖ ਹੈ ਕਿ ਅਜਿਹੀ ਬਿਰਤੀ ਪ੍ਰਗਤਿਵਾਦੀ ਸਾਹਿੱਤਕ ਧਾਰਾ ਦੇ ਪ੍ਰਫੁਲਨ ਵਿਚ ਸਹਾਇਕ ਨਹੀਂ ਹੋ ਸਕਦੀ।

"ਬੌਧਕ ਕ੍ਰਾਂਤੀਸ਼ੀਲਤਾ" ਦੇ ਅਨੁਆਈ ਹੋਣ ਦਾ ਅਰਥ ਇਹ ਨਹੀਂ ਕਿ ਉਹਨਾਂ ਸਾਹਿੱਤਕਾਰਾਂ ਨੂੰ, ਜਿੰਨ੍ਹਾਂ ਵਿਚ ਹਾਲੇ ਵਿਚਾਰਧਾਰਕ ਤਰੁਟੀਆਂ ਹਨ, ਉਕਾ ਹੀ ਤਿਆਗ ਦੇਣਾ ਹੈ। ਅਜਿਹੇ ਸਾਹਿੱਤਕਾਰਾਂ ਨੂੰ ਅਵੱਸ਼ ਸਿਰਜਣਾ ਪ੍ਰਕ੍ਰਿਆ ਤੇ ਮਿੱਤਰ ਭਾਵੀ ਸਮੀਖਿਆ ਦੁਆਰਾ ਉਹਨਾਂ ਦੀਆਂ ਤਰੁੱਟੀਆਂ ਤੋਂ ਚੇਤੰਨ ਕਰਾਉਣ ਦੀ ਆਵੱਸ਼ਕਤਾ ਹੈ। ਇਸ ਲਈ ਹਾਲ ਦੀ ਘੜੀ ਉਹਨਾਂ ਨੂੰ ਨਾਲ ਰੱਖਣ ਦੀ ਲੋੜ ਹੋਵੇਗੀ। ਪਰ ਇਹ ਨਾਲ ਰੱਖਣ ਦੀ ਗੱਲ ਉਹਨਾਂ ਤੋਂ ਕਿਸੇ ਪਰਕਾਰ ਦੇ ਡਰ ਕਾਰਨ ਜਾਂ ਪ੍ਰਗਤਿਵਾਦ ਦੇ ਸੀਮਤ ਹੋ ਜਾਣ ਦੇ ਖਿਆਲ ਨਾਲ ਨਹੀਂ ਕੀਤੀ ਜਾਣੀ ਚਾਹੀਦੀ। ਪ੍ਰਗਤਿਵਾਦ ਦਾ ਪ੍ਰਫੁਲਨ ਤਾਂ ਇਹਨਾਂ ਤਰੁਟੀਆ ਦੇ ਖਾਤਮੇਂ ਵਿਚ ਹੀ ਸੰਭਵ ਹੈ। ਅਤੇ ਤਰੁਟੀਆਂ ਦਾ ਇਹ ਖਾਤਮਾ ਨਾ ਤਾਂ ਸਮਝੌਤੇਬਾਜ਼ੀ ਨਾਲ ਹੋ ਸਕਦਾ ਹੈ ਤੇ ਨਾ ਹੀ ਸੰਕੀਰਣਤਾ ਨਾਲ। ਬੌਧਿਕ ਚੇਤੰਨਤਾ ਤੇ ਕਲਾ ਨਿਪੁੰਨਤਾ ਹੀ ਇਸਦਾ ਇਕੋ ਇਕ ਹੱਲ ਹੈ।

ਰਘਬੀਰ ਸਿੰਘ



# ਸ਼ਿਵ ਕੁਮਾਰ

ਸ਼ਿਵ ਕੁਮਾਰ ਦੇ ਕਥਾ ਕਾਵਿ ''ਲੂਣਾ'' ਨੂੰ ਇਸ ਵਰ੍ਹੇ ਸਾਹਿਤ ਐਕਾਡਮੀ ਵਲੋਂ ਪੰਜਾਬੀ ਦੀ ਸ੍ਰੇਸ਼ਟ ਪੁਸਤਕ ਵਜੋਂ ਸਨਮਾਨਿਆ ਗਿਆ ਹੈ। ਸ਼ਿਵ ਕੁਮਾਰ ਇਹ ਸਨਮਾਨ ਪ੍ਰਾਪਤ ਕਰਨ ਵਾਲਾ ਨਾ ਕੇਵਲ ਪੰਜਾਬੀ ਸਾਹਿੱਤਕਾਰਾਂ ਵਿਚੋਂ ਸਗੋਂ ਸਭ ਭਾਰਤੀ ਸਾਹਿੱਤਕਾਰਾਂ ਵਿਚੋਂ ਸਭ ਤੋਂ ਘੱਟ ਉਮਰ ਦਾ ਵਿਅਕਤੀ ਹੈ। ਇਸ ਲਈ ਪਰਤੱਖ ਹੈ ਕਿ ਏਨੀ ਛੋਟੀ ਉਮਰ ਵਿਚ ਜੇ ਉਹ ਇਹ ਸਨਮਾਨ ਲੈ ਸਕਿਆ ਹੈ ਤਾਂ ਇਹ ਉਸਦੀ ਕਾਵਿ ਪ੍ਰਤਿਭਾ ਦਾ ਪ੍ਰਮਾਣ ਹੈ। ਅੱਜ ਤਕ ਸਾਹਿਤ ਐਕਾਡਮੀ ਵਲੋਂ ਦਿੱਤੇ ਜਾਣ ਵਾਲੇ ਪੁਰਸਕਾਰ ਪੁਸਤਕ ਨਾਲੋਂ ਜ਼ਿਆਦਾ ਸਬੰਧਤ ਲੇਖਕ ਦੀ ਸ਼ਖਸ਼ੀਅਤ ਅਥਵਾ ਉਸਦੀ ਸਮੁੱਚੀ ਪ੍ਰਾਪਤੀ ਨੂੰ ਦਿੱਤੇ ਜਾਂਦੇ ਸਨ। ਪਰ ''ਲੂਣਾ'' ਦਾ ਇਸ ਐਵਾਰਡ ਲਈ ਚੁਣਿਆ ਜਾਣਾ ਦਰਸਾਉਂਦਾ ਹੈ ਕਿ ਇਸ ਵਾਰ ਐਕਾਡਮੀ ਵਲੋਂ ਵਿਅਕਤੀ ਨਾਲੋਂ ਰਚਨਾ ਵਿਸ਼ੇਸ਼ ਦਾ ਵਧੇਰੇ ਖਿਆਲ ਰਖਿਆ ਗਿਆ ਹੈ।

ਪੰਜਾਬੀ ਸਾਹਿਤ ਵਿਚ ਜਿੰਨੀ ਛੇਤੀ ਸ਼ਿਵ ਕੁਮਾਰ ਨੇ ਪ੍ਰਸਿੱਧਤਾ ਪ੍ਰਾਪਤ ਕੀਤੀ ਹੈ ਉਹ ਕਿਸੇ ਹੋਰ ਸਾਹਿੱਤਕਾਰ ਦਾ ਭਾਗ ਨਹੀਂ ਬਣੀ। ਇਸਦਾ ਕਾਰਨ ਸ਼ਿਵ ਦਾ ਅਸਲੋਂ ਹੀ ਸੱਜਰਾ ਤੇ ਮੌਲਕ ਪ੍ਰਗਟਾ ਢੰਗ ਹੈ ਜਿਸ ਵਿਚ ਕਲਾ ਵੀ ਹੈ ਤੇ ਡੁਲ੍ਹ ਡੁਲ੍ਹ ਪੈਂਦੀ ਪੰਜਾਬੀਅਤ ਵੀ।

ਐਵਾਰਡ ਪ੍ਰਾਪਤ ਕਥਾ ਕਾਵਿ ''ਲੂਣਾ'' ਜਿਥੇ ਸ਼ਿਵ ਕੁਮਾਰ ਦੀ ਕਾਵਿ ਕਲਾ ਦੀ ਉਚਤਮ ਵੰਨਗੀ ਹੈ, ਉਥੇ ਇਸ ਪੁਸਤਕ ਦੁਆਰਾ ਸ਼ਿਵ ਨੇ ਸਾਮੰਤਸ਼ਾਹੀ ਪ੍ਰਬੰਧ ਦੀ ਸ਼ਿਕਾਰ ਤੇ ਹਦੋਂ ਵਧ ਤ੍ਰਿਸਕਾਰੀ ਗਈ ਲੂਣਾ ਨੂੰ ਸਤਿਕਾਰ ਯੋਗ ਪਦਵੀ ਪਰਦਾਨ ਕੀਤੀ ਹੈ।

ਅਸੀਂ ਸ਼ਿਵ ਕੁਮਾਰ ਨੂੰ ਉਸਦੀ ਪ੍ਰਾਪਤੀ ਉਤੇ ਅਤੇ ਸਾਹਿਤ ਐਕਾਡਮੀ ਨੂੰ ਉਸ ਦੀ ਚੋਣ ਉਤੇ ਵਧਾਈ ਦਿੰਦੇ ਹਾਂ।

Jan- March
1968

ਸ਼ਿਵ ਕੁਮਾਰ

## ਸੋਗ

ਰੋਜ਼ ਮੈਂ ਤਾਰਾ ਤਾਰਾ ਗਿਣਕੇ
ਰਾਤ ਬਿਤਾਉਂਦਾ ਹਾਂ
ਰੋਜ਼ ਮੈਂ ਤੇਰੇ ਸਿਰ ਤੋਂ ਸੂਰਜ
ਵਾਰ ਕੇ ਆਉਂਦਾ ਹਾਂ

ਜਦ ਰੋਹੀਆਂ ਵਿਚ ਪੰਛੀ ਤੜਕੇ
ਵਾਕ ਕੋਈ ਲੈਂਦਾ ਹੈ
ਮੈਂ ਆਪਣੇ ਸੰਗ ਸੁੱਤਾ
ਆਪਣਾ ਗੀਤ ਜਗਾਉਂਦਾ ਹਾਂ

ਫਿਰ ਜਦ ਮੈਨੂੰ ਸੂਰਜ ਘਰ ਦੇ
ਮੋੜ ਤੇ ਮਿਲਦਾ ਹੈ
ਨਦੀਏ ਰੋਜ਼ ਨਹਾਵਣ
ਉਹਦੇ ਨਾਲ ਮੈਂ ਜਾਂਦਾ ਹਾਂ

ਮੈਂ ਤੇ ਸੂਰਜ ਜਦੋਂ ਨਹਾ ਕੇ
ਘਰ ਨੂੰ ਮੁੜਦੇ ਹਾਂ
ਮੈਂ ਸੂਰਜ ਲਈ ਵਿਹੜੇ ਨਿੱਮ ਦਾ
ਪੀਹੜਾ ਡਾਹੁੰਦਾ ਹਾਂ

ਮੈਂ ਤੇ ਸੂਰਜ ਬੈਠ ਕੇ ਜਦ ਫਿਰ
ਗੱਲਾਂ ਕਰਦੇ ਹਾਂ

ਮੈਂ ਸੂਰਜ ਨੂੰ ਤੇਰੀ ਛਾਂ ਦੀ
ਗੱਲ ਸੁਣਾਉਂਦਾ ਹਾਂ

ਛਾਂ ਦੀ ਗੱਲ ਸੁਣਾਂਦਾ ਜਦ ਮੈਂ
ਕੰਬਣ ਲਗਦਾ ਹਾਂ
ਮੈਂ ਸੂਰਜ ਦੇ ਗੋਰੇ ਗਲ ਵਿਚ
ਬਾਹਵਾਂ ਪਾਉਂਦਾ ਹਾਂ

ਫਿਰ ਸੂਰਜ ਜਦ ਮੇਰੇ ਘਰ ਦੀ
ਕੰਧ ਉੱਤਰਦਾ ਹੈ
ਮੈਂ ਆਪਣੇ ਹੀ ਪਰਛਾਵੇਂ ਤੋਂ
ਡਰ ਡਰ ਜਾਂਦਾ ਹਾਂ

ਮੈਂ ਤੇ ਸੂਰਜ ਘਰ ਦੇ ਮੁੜ
ਪਿਛਵਾੜੇ ਜਾਂਦੇ ਹਾਂ
ਮੈਂ ਉਹਨੂੰ ਆਪਣੇ ਘਰ ਦੀ
ਮੋਈ ਧੁੱਪ ਵਿਖਾਉਂਦਾ ਹਾਂ

ਜਦ ਸੂਰਜ ਮੇਰੀ ਮੋਈ ਧੁਪ ਲਈ
ਅੱਖੀਆਂ ਭਰਦਾ ਹੈ
ਮੈਂ ਸੂਰਜ ਨੂੰ ਗਲ ਵਿਚ ਲੈ ਕੇ
ਚੁਪ ਕਰਾਉਂਦਾ ਹਾਂ

ਮੈਂ ਤੇ ਸੂਰਜ ਫੇਰ ਚੁਪੀਤੇ
ਟੁਰਦੇ ਜਾਂਦੇ ਹਾਂ
ਰੋਜ਼ ਮੈਂ ਉਹਨੂੰ ਪਿੰਡ ਦੀ ਜੂਹ ਤਕ
ਟੋਰ ਕੇ ਆਉਂਦਾ ਹਾਂ

ਰੋਜ਼ ਉਦਾਸਾ ਸੂਰਜ ਨਦੀਏ
ਡਬ ਕੇ ਮਰਦਾ ਹੈ
ਤੇ ਮੈਂ ਰੋਜ਼ ਮਰੇ ਹੋਏ ਦਿਹੁੰਦਾ
ਸੋਗ ਮਨਾਉਂਦਾ ਹਾਂ

★

ਸੰਤੋਖ ਸਿਘ ਧੀਰ

# ਝੱਖੜ

ਭੁੱਖ ਚੀਖ਼ਦੀ
ਦੁੱਖ ਚੀਖ਼ਦੇ
ਨਿਤ ਨਿਤ ਚੀਖ਼ੇ
ਘੋਰ ਮਹਿੰਗਾਈ;
ਨਾ ਘਰ ਆਟਾ
ਨਾ ਘਰ ਰੋਟੀ
ਨਾ ਘਰ ਸੁਲ੍ਹਗੇ
ਅੱਗ, ਸੁਲ੍ਹਗਾਈ।

ਲੂਣ, ਤੇਲ ਤੇ ਹਲਦੀ ਵੱਡੀ
ਆਟਾ ਵੱਡਾ
ਰੋਟੀ ਵੱਡੀ
ਭਗਤ ਕਬੀਰ
ਤੇ ਨਾਨਕ ਛੋਟੇ
ਈਸਾ ਛੋਟੇ
ਗੌਤਮ ਛੋਟੇ।

ਵਿਸ਼ਵਾ ਮਿੱਤਰ
ਯੱਗ ਰਚਾਇਆ :
ਧਰਤੀ ਤੋਂ ਆਕਾਸ਼ ਤੀਕ
ਫੜ ਲੰਮੀ ਕਾਨੀ
ਵੇਦ ਵਿਆਸ

ਲਿਖੇ ਮਹਾਂਭਾਰਤ
ਬਾਲਮੀਕ
ਰਾਮਾਇਣ ਹੈ ਰਚਦਾ ।

ਲੂਣ–ਤੇਲ
ਮਾਰੀਚ–ਸਬਾਹੂ
ਹਲਦੀ ਬਣ ਗਈ
ਜਿਵੇਂ ਤਾੜਿਕਾ
ਵਿਸ਼ਵਾ ਮਿੱਤਰ :
ਰਿਖੀ ਰਿਖੀਸ਼ਰ
ਅਤਿ ਦਾ ਦੁਖੀਆ
ਟੁਟਿਆ ਭੱਜਿਆ ।

ਭੁੱਖ ਚੀਖ਼ਦੀ
ਦੁੱਖ ਚੀਖ਼ਦੇ
ਰਾਖਸ਼ ਹੱਡੀਆਂ
ਸੁਟ ਸੁਟ ਜਾਂਦੇ ।

*

ਸੁਰਿੰਦਰ ਗਿੱਲ

## ਇਕ ਕਵੀ ਦੀ ਮੌਤ

[ਸ. ਸ. ਮੀਸ਼ਾ ਨੂੰ]

ਉਹਦੇ ਸੰਗ ਮਹਿਫਲਾਂ ਵਿਚ ਬੈਠਣਾ
ਇਕ ਖ਼ੁਸ਼ਨਸੀਬੀ ਸੀ ।

ਉਹ ਆ ਜਾਂਦਾ ਤਾਂ ਮਿੱਤਰਾਂ ਦੇ
ਬੁਝੇ ਚਿਹਰੇ ਚਮਕ ਉਠਦੇ
ਉਹਦੀ ਕਵਿਤਾ ਦੀ ਚਰਚਾ
ਤੇ ਉਹਦੇ ਇਸ਼ਕਾਂ ਦੀਆਂ ਗੱਲਾਂ
ਬੜੇ ਦਿਲਚਸਪ ਕਿੱਸੇ ਸਨ ।

ਬੜੇ ਲੋਗਾਂ ਦੀ ਮਹਿਫਲ ਵਿਚ
ਉਹ ਰਾਜਾ ਬਣਕੇ ਜਾਂਦਾ ਸੀ
ਕ੍ਰਾਂਤੀਕਾਰੀ ਮਿੱਤਰਾਂ ਪਾਸ
ਉਹ ਜੋਗੀ ਬਣਕੇ ਆਉਂਦਾ ਸੀ

ਅਵਾਰਾ ਗਰਦ ਸ਼ਾਇਰਾਂ ਵਿਚ
ਉਹ ਮਚਲਾ ਜਿਹਾ ਮੁੰਡਾ ।

ਕਿਸੇ ਦਾ ਵੀ ਨਹੀਂ ਸੀ ਉਹ
ਜਾਂ ਸਭ ਦਾ ਸੀ ।

ਬੜੇ ਲੋਗਾਂ ਨੂੰ ਇਕ ਦਿਨ ਉਹ
ਸਮੁੱਚਾ ਆਪਣਾ ਦਿਸਿਆ

ਤੇ ਉਹਨਾਂ ਉਸਦੀ ਖਾਤਰ ਵੀ ਇਕ
ਕੁਰਸੀ ਬਣਾ ਦਿਤੀ ।

ਉਹਦੀ ਕੁਰਸੀ ਦੇ ਸਾਹਵੇਂ
ਦੂਰਦਰਸ਼ੀ ਕੋਈ ਸ਼ੀਸ਼ਾ ਸੀ
ਜ੍ਹਿਦੇ ਵਿਚ ਉਸਨੇ ਤਕਿਆ
ਤੇ ਭਾਰਤ ਵਿਚ ਵਸਦੇ ਨੂੰ
ਨਵਾਂ ਭਾਰਤ ਨਜ਼ਰ ਆਇਆ ।

ਉਹਨੂੰ ਆਪਣੀ ਜ਼ਿੰਮੇਵਾਰੀ ਦਾ ਹਰਦਮ ਖਿਆਲ ਰਹਿੰਦਾ ਹੈ ।
ਕਦੇ ਹੁਣ ਮਹਿਫਲਾਂ ਵਿਚ ਉਸਦੀ ਚਰਚਾ ਨਹੀਂ ਹੁੰਦੀ ।

ਨਹੀਂ ! ਹੁਣ ਵੀ ਕਈ ਵਾਰੀਂ
ਜਦੋਂ ਕਾਹਵਾ-ਘਰਾਂ ਵਿਚ ਦੂਰ ਤੋਂ ਕੋਈ ਯਾਰ ਆਉਂਦਾ ਹੈ
ਬੜੇ ਚਾਅ ਨਾਲ ਉਸਦਾ ਹਾਲ ਪੁਛਦਾ ਹੈ
ਤਾਂ ਉਸਦੇ ਯਾਰ ਇਕ ਗੁੰਝਲ 'ਚ ਪੈ ਜਾਂਦੇ ।

ਜਿਵੇਂ ਪ੍ਰਦੇਸ ਤੋਂ ਮੁੜਿਆ ਕੋਈ ਵਿਅਕਤੀ
ਕਿਸੇ ਬਚਪਨ ਦੇ ਜਿਗਰੀ ਯਾਰ ਦੇ ਘਰ ਵਿਚ ਚਲਾ ਜਾਵੇ
ਤੇ ਉਸਨੂੰ ਘਰ ਵਿਚ ਨਾ ਤੱਕਕੇ
ਤੇ ਜਜ਼ਬਾਤੀ ਜਿਹਾ ਹੋ ਕੇ, ਕਹੇ
ਉਸਦੇ ਭਰਾਵਾਂ ਨੂੰ ਕਹੇ
ਕਿਥੇ ਹੈ ਮੇਰਾ ਯਾਰ ਕਿਥੇ ਹੈ ?
ਤੇ ਉਹ ਬਿਟ ਬਿਟ ਖੜੇ ਰਹਿ ਜਾਣ
ਦੱਸ ਨਾ ਸਕਣ ਕਿ
ਉਸਨੂੰ ਤਾਂ ਮੋਇਆਂ ਕਈ ਵਰ੍ਹੇ ਹੋਏ ।

31.7.67

★

ਹਰਨਾਮ ਸਿੰਘ ਨਾਜ਼

## ਜੰਗ ਦਾ ਕਾਰਖਾਨਾ

ਜੰਗ ਇਕ ਕਾਰਖਾਨਾ
ਅੱਜ ਏਥੇ
ਕਲ ਓਥੇ ।

ਟੈਂਕ...ਤੋਪ...ਹਵਾਈ ਜਹਾਜ਼
ਗੋਲੇ...ਬੰਬ...ਰਫਲਾਂ...ਰੌਂਦ
ਦੌੜਦੀਆਂ ਮਸ਼ੀਨਾਂ
ਮੌਤ, ਤਬਾਹੀ, ਅੰਧਕਾਰ
ਜੰਗ ਇਕ ਕਾਰਖਾਨਾ...।

ਜੰਗ ਇਕ ਕਾਰਖਾਨਾ
ਬਿਨ ਕੰਧ ਬਿਨ ਛੱਤ
ਟੋਇਆਂ ਟਿੱਬਿਆਂ
ਕੱਚੀਆਂ ਤੇ ਪੱਕੀਆਂ
ਫਸਲਾਂ ਦੀ ਓਟ ਲੈਕੇ ਵਧਦਾ ਤੇ ਫੈਲਦਾ
ਕੋਠੇ ਮੰਡਪ ਮਾੜੀਆਂ
ਸਿਰਜਣਾ ਦੇ ਸਭੋ ਰੂਪਾਂ ਨੂੰ ਲਿਤਾੜਦਾ ।

ਜੰਗ,
ਮਨੁੱਖ ਦੀ ਪਿਠ ਦਾ ਬੋਝ
ਢਿਡ ਦੇ ਭਾਰ ਰੀਂਗਦੇ ਸਿਪਾਹੀਆਂ ਨੂੰ

ਸੜਦੀਆਂ ਚਿਤਾਵਾਂ ਥਾਣੀਂ
ਲੰਘਣ ਲਈ ਮਜਬੂਰ ਕਰਦੀ ।

ਜੰਗ ਦਾ ਕਾਰਖਾਨਾ
ਧਰਤੀ ਦੇ ਕਲੇਜੇ ਦਾ ਚਲੰਤ ਫੋੜਾ ।
ਕਜਲੇ 'ਚ ਰਲੀ ਹੋਈ ਲੋਹ ਚੂਨ
ਰਾਤ ਦੀ ਤਲੀ ਤੇ ਨਚਦ ਟਟਹਿਣਿਆਂ ਦਾ **ਭਉਜਲ**
ਬਾਲ ਪੰਘੂੜਿਆਂ ਵਲ ਉਡਦੀ ਨਸ਼ਤਰ
ਕਿਰਤ ਦੇ ਸਿਟਿਆਂ ਲਈ ਅੱਗ ਦੀ ਦਾਤੀ
ਆਸਵੰਦ ਕੁੱਖਾਂ ਲਈ ਭਿਆਨਕ ਧਮਾਕਾ ।

ਜੰਗ,
ਸਰਘੀ ਦੀ–ਸੁੱਚੀ ਤਾਜ਼ਗੀ ਲਈ ਸੂਲੀ
ਸੰਧਿਆ ਦੀ ਥਕੀ ਹੋਈ ਹਯਾ ਦਾ ਕਤਲ
ਚੰਦਨ ਦੇ ਬੇਲੇ 'ਚੋਂ, ਲੰਘਦੀ ਪੌਣ ਲਈ **ਜ਼ਹਿਰੀਲੀ ਗੈਸ**
ਸਾਲੂਆਂ, ਸੰਦਲਾਂ, ਸੰਧੂਰਾਂ, ਸੱਧਰਾਂ
ਸੁੰਦਰਤਾ ਸੁਹਾਗਾਂ, ਸਿਹਰਿਆਂ ਸਿਟਿਆਂ—
ਸਾਰਿਆਂ ਲਈ ਖੌਫ ਦਾ ਖੱਫਣ
ਜੀਵਨ ਲਈ ਸਹਿਰਾ ਦੇ ਖੰਡਰਾਂ ਦਾ ਸਹਿਮ ।

ਜੰਗ ਦਾ ਕਾਰਖਾਨਾ
ਮੌਤ ਦੇ ਸ਼ਹਿਰ ਵਸਾਉਂਦਾ
ਅੱਜ ਏਥੇ,
ਕਲ ਓਥੇ ।

ਹਰਭਜਨ ਸਿੰਘ ਹੁੰਦਲ

## ਬੇਦਾਵਾ

ਉਹ ਤਾਂ ਜਦ ਵੀ
ਗੱਲ ਕਰਦਾ ਸੀ
ਚਿੜੀਆਂ ਦੀ ਹੀ ਗੱਲ ਕਰਦਾ ਸੀ।

ਅੰਦਰ-ਖਾਤੇ
ਅਸੀਂ ਤਾਂ ਉਸ ਨੂੰ
ਵੀਹ ਵਾਰੀ ਸਮਝਾ ਚੁਕੇ ਸਾਂ।
ਆਪਣੀ ਵਲੋਂ
ਸਾਰੀ ਵਾਹ ਹੀ ਲਾ ਚੁਕੇ ਸਾਂ!

ਅਸੀਂ ਤਾਂ ਉਸ ਨੂੰ
ਆਖ ਰਹੇ ਸੀ;
"ਇਸ ਧਰਤੀ ਤੇ
ਚਿੜੀਆਂ ਵੀ ਤੇ ਬਾਜ਼
ਇਕੱਠੇ ਰਹਿ ਸਕਦੇ ਨੇ।
ਜੋ ਕੁਝ ਧੁਰੋਂ ਲਿਖਾ ਕੇ ਆਏ
ਲੈ ਸਕਦੇ ਨੇ।"

ਪਰ ਉਹ ਲੋਹੇ ਦੀ ਲੱਠ ਬਣਿਆ,
ਬਾਜ਼ਾਂ ਬਾਰੇ,
ਇਕ ਵੀ ਗੱਲ ਨਹੀਂ ਸੁਣ ਸਕਦਾ।

ਖਬਰ ਨਹੀਂ
ਕਿਸ ਜਾਦੂਗਰ ਨੇ
ਉਸ ਨੂੰ ਕੈਸਾ ਜਾਦੂ ਪਾਇਆ।

ਹੁਣ ਤਾਂ ਉਸ ਦਾ ਇਕੋ ਦਾਰੂ !

ਸਾਡੇ ਵਾਂਗੂ
ਵਾਰੋ ਵਾਰੀ
ਸਾਰੇ ਉਸ ਦਾ ਖਹਿੜਾ ਛਡੋ।
ਤੇ ਇੰਝ
ਚਿੜੀਆਂ ਦੇ ਰਖਵਾਲੇ ਦੀ
ਸਰਦਾਰੀ ਦਾ
ਰਸਤਾ ਵੱਢੋ !

ਗੁਰਨਾਮ ਸਿੰਘ ਢਿਲੋਂ

## ਪਾਤਰ

ਟੁੱਕੀ ਜੀਭ
ਬੋਲੇ ਕੰਨ
ਬੁਝੀਆਂ ਅੱਖਾਂ
ਮਰਿਆ ਮੱਚ।
ਪਾਟੇ ਬੁਲ੍ਹ
ਭੁੱਖਾ ਪੇਟ
ਝੁਰੜਿਆ ਮੂੰਹ
ਟੁੱਟਾ ਲੱਕ।
ਪਰ ਹਾਲੇ ਵੀ
ਪੈਂਦੀ ਇਸ ਦੇ
ਜੀਣ ਕਰਮ ਤੇ ਸ਼ਕ।
ਕਿਸ ਨੇ ਇਸ ਦੀਆਂ
ਰੁੱਤਾਂ ਦੀ ਹੈ
ਮਹਿਕ ਚੁਰਾਈ ?
ਕਿਸ ਨੇ ਇਸ ਦਾ
ਸੂਰਜ ਖਾਧਾ ?
ਕਿਸ ਨੇ ਇਸ ਦੀ
ਧੁੱਪ ਹੰਢਾਈ ?
ਕਿਸ ਨੇ ਇਸ ਦੇ
ਘਰ ਦੇ ਅੰਦਰ
ਭੁੱਖ ਵਰਤਾਈ ?
ਕਿਸ ਨੇ ਇਸ ਦੇ
ਨੈਣਾਂ ਵਿਚ ਜਗਰਾਤੇ ਬੀਜੇ
ਵਰ੍ਹਿਆਂ ਬੱਧੀ
ਕਿਸ ਨੇ ਇਸ ਦੀ
ਨੀਂਦ ਗਵਾਈ ?
ਭਵਿਖ ਕਾਲ ਤੇ
ਨਜ਼ਰ ਮਾਰ ਕੇ
ਪਾਗਲ ਹੋਣ ਪੈਂਦਾ,
ਸੋਚੇ
ਕਿਉਂ ਮੈਂ ਆਪਣੀ
ਜੂਨ ਗਵਾਈ ?
ਮਨ ਹੀ ਮਨ ਵਿਚ
ਪਿਆ ਭਵਿਖ ਦੇ
ਸੁਪਨੇ ਲੀਕੇ—
ਧੁੰਦਲੇ ਧੁੰਦਲੇ
ਗਹਿਰੇ ਗਹਿਰੇ
ਜਿਹਨਾਂ ਉਤੇ
ਚੋਬਦਾਰਾਂ ਦੇ
ਲੱਗੇ ਪਹਿਰੇ।
ਰੰਗ ਮੰਚ ਤੇ
ਭੀੜ ਭੜੱਕਾ
ਰੌਲਾ ਰੱਪਾ
ਗੁਥਮ ਗੁਥਾ
ਧਕਮ ਧੱਕਾ
ਕਿਤੇ ਕਿਤੇ
ਝੀਤਾਂ ਦੇ ਵਿਚੋਂ
ਟਾਵੀਂ ਟਾਵੀਂ
ਕਿਰਣ-ਚੇਤਨਾ
ਨ੍ਹੇਰ ਚੀਰ ਕੇ
ਇਸ ਦੇ ਚਿਹਰੇ
ਉਤੇ ਪੈਂਦੀ
ਕੀ ਵੇਖਦੀ ?
ਬੋਲੇ ਕੰਨ
ਬੁਝੀਆਂ ਅੱਖਾਂ
ਟੁੱਟਾ ਲੱਕ
ਐਪਰ ਅਜੇ ਵੀ
ਪੈਂਦੀ ਇਸ ਦੇ
ਜੀਣ ਕਰਮ ਤੇ
ਸ਼ੱਕ।

ਗੁਰਚਰਨ ਸਿੰਘ (ਡਾਕਟਰ)

## ਇਨਕਲਾਬ

ਅੱਖ ਦਾ ਮੋਤੀ ਨਹੀਂ ਜੋ ਕਿਰ ਪਵਾਂ
ਮੈਂ ਹੁਸਨ ਜਿਉਂ ਚੜ੍ਹਨ ਵਾਲੀ ਚੀਜ਼ ਹਾਂ
ਪੁੰਨਿਆਂ ਦੇ ਚੰਨ ਦੀ ਸੂਰਤ ਦੇ ਵਾਂਗ
ਮੈਂ ਕਰੋੜਾਂ ਹਿਰਦਿਆਂ ਦੀ ਰੀਝ ਹਾਂ ।

ਜਦ ਕਿਸੇ ਅਸਮਾਨ ਵਿਚ ਉਡੇ ਮੁਹਬਤ ਦੀ ਪਰੀ
ਕਲਪਣਾ ਦੀ ਅੱਖ ਦੇ ਵਿਚ ਔਂਸੀਆਂ ਪਾਉਂਦਾ ਹਾਂ ਮੈਂ
ਰਾਂਝਿਆਂ ਦੀਆਂ ਵੰਝਲੀਆਂ ਸੁਣ ਦੂਰ ਕੀਕਰ ਰਹਿ ਸਕਾਂ
ਪੰਜ ਪੀਰਾਂ ਵਾਂਗ ਝੱਟ ਆ ਸ਼ਕਲ ਦਿਖਲਾਉਂਦਾ ਹਾਂ ਮੈਂ ।

ਮੈਂ ਸਪੁਤਨਿਕ ਵਾਂਗ ਇਕ ਆਦੇਸ਼ ਦਿੰਦਾ ਚੰਦ ਹਾਂ
ਮੈਂ ਜਨੂੰ ਅਣਥਕ ਗੇੜਾਂ ਰਾਤ ਦਿਨ ਸਮਿਆਂ ਦਾ ਖੂਹ
ਜਿਸ ਜਗਹ ਜੋਗੀ ਵਿਜੋਗੀ ਨੂੰ ਮਿਲੇ ਰਣ ਖੇਤ ਵਿਚ
ਖੇੜਿਆਂ ਦੀ ਰੰਗ ਭੂਮੀ ਹੈ ਮੇਰੇ ਖੇਡਣ ਦੀ ਜੂਹ।

ਸੁਪਨਿਆਂ ਦੇ ਟੂਣਿਆਂ ਵਿਚ ਜਦ ਕੋਈ ਜਾਗੇ ਖੁਮਾਰ
ਮੈਂ ਊਸ਼ਾ ਦਾ ਕਟੋਰਾ ਦੇ ਉਨੂੰ ਸੋਮਨ ਕਰਾਂ
ਸੀਨਿਆਂ ਵਿਚ ਬਿਜਲੀਆਂ ਧੜਕਾ ਦਿਆਂ ਪਾ ਕੇ ਫਤੂਰ
ਹਾਉਕਿਆਂ ਦੀ ਪਾਲ ਨੂੰ ਮੈਂ ਢਾਲ ਕੇ ਜੋਬਨ ਕਰਾਂ ।

ਮੈਂ ਨਵਾਂ ਸਾਕੀ ਹਾਂ ਖੰਡੇਧਾਰ ਦਾ ਅੰਮ੍ਰਿਤ ਦਿਆਂ
ਮੈਂ ਅੰਗੂਰੀ ਦੇ ਪਿਆਲੇ ਤੋੜ ਦਿਆਂ ਸਹਿਤੀ ਦੇ ਵਾਂਗ
ਮੈਂ ਮਜ਼ੂਰੀ ਤੇ ਕਰਾਂ ਚੂਰੀ ਦਾ ਜੋੜ
ਮੈਂ ਸੰਧੂਰੀ ਕਰ ਦਿਆਂ ਮਿਹਨਤ ਦੀ ਮਾਂਗ।

ਅੱਖ ਦਾ ਮੋਤੀ ਨਹੀਂ ਜੋ ਕਿਰ ਪਵਾਂ
ਮੈਂ ਹੁਸਨ ਜਿਉਂ ਚੜ੍ਹਨ ਵਾਲੀ ਚੀਜ਼ ਹਾਂ
ਪੁੰਨਿਆਂ ਦੇ ਚੰਨ ਦੀ ਸੂਰਤ ਦੇ ਵਾਂਗ
ਮੈਂ ਕਰੋੜਾਂ ਹਿਰਦਿਆਂ ਦੀ ਰੀਝ ਹਾਂ।

ਹਿੰਮਤ ਸਿੰਘ ਸੋਢੀ

## ਹਾਥੀ

ਰੰਗ ਬਰੰਗੇ ਅਸਤਬਲਾਂ ਵਿਚ
ਚਿਟੇ ਚਿਟੇ ਹਾਥੀ ਪਲਦੇ ।
ਗੱਲ ਕਰੋ ਨਾ ਅੱਖ ਮਿਲਾਉਂਦੇ
ਵਿੱਚ ਰਲਾਉ ਘੱਟ ਹੀ ਰਲਦੇ ।
ਕੋੜਕੂਆਂ ਦੇ ਦਾਣੇ ਵਾਂਗਰ
ਕਿਸੇ ਦਾਲ ਅੰਦਰ ਨਾ ਗਲਦੇ ।
ਹਥ ਮਿਲਾਉ, ਸੰਘੀ ਮਲਦੇ
ਸਿਧੀ ਗੱਲ ਕਰੋ ਜੇ ਕੋਈ
ਪੁਠੇ ਪੈਂਦੇ, ਉਤੋਂ ਛਲਦੇ ।
ਨੱਕ ਦੇ ਵਿਚੋਂ ਠੂੰਹੇ ਸੁਟਣ
ਮੂੰਹ ਦੇ ਵਿਚੋਂ ਜ਼ਹਿਰ ਉਗਲਦੇ ।
ਕੰਮ ਹੋਏ, ਕੰਨੀ ਕਤਰਾਉਂਦੇ
ਕੰਮ ਨਾ ਹੋਏ ਬਹੁਤ ਮਚਲਦੇ ।
ਕਿਸੇ ਮਹਾਵਤ ਦੇ ਅੰਕੁਸ਼ ਤੋਂ
ਬਹੁਤਾ ਚਲਦੇ, ਥੋੜਾ ਹਲਦੇ ।
ਸੁੰਡਾਂ ਨਾਲ ਸਲਾਮਾਂ ਕਰਦੇ
ਪਿਛੇ ਪੂਛ ਹਿਲਾਉਂਦੇ ਚਲਦੇ ।
ਚੜ੍ਹਦੇ ਸੂਰਜ ਕਰਨ ਬੰਦਗੀ
ਆਕੜ ਜਾਂਦੇ ਸੂਰਜ ਢਲਦੇ ।
ਧਰਮ ਈਮਾਨ ਨਾ ਕੋਈ ਉਹਨਾਂ ਦਾ
ਨਾ ਉਹ ਜਲ ਦੇ ਨਾ ਉਹ ਥਲ ਦੇ ।
ਨੇਕੀ ਉਹਨਾਂ ਕਦੇ ਨਾ ਕੀਤੀ
ਪਾਪ ਉਹਨਾਂ ਨੂੰ ਬਹੁਤੇ ਫਲਦੇ ।

ਦੇਵ

## ਹੱਕ

ਮੇਰੇ ਜਿਸਮ ਦੀ ਬੰਜਰ ਧਰਤੀ ਉਤੇ
ਮੇਰੇ ਦੋਸਤੋ
ਹਲ ਦਾ ਚੀਰਾ ਫੇਰ ਦੇਵੋ......
ਮੇਰੇ ਸਾਹਾਂ ਅੰਦਰ
ਭਵਿਸ਼ ਦੀਆਂ ਕਸਮਾਂ ਦੇ ਸਿਆੜ ਪਾ ਦਿਉ
ਨਿਘੀ ਮਾਸ ਦੀ ਮਿੱਟੀ
ਕੱਲਰ ਨਹੀਂ ਬਣੇਗੀ......
ਨਾ–ਹੀ
ਦੂਸਰੇ ਜਿਸਮਾਂ ਦੇ ਖੇਤਾਂ ਚੋਂ
ਪਰਾਏ "ਹੱਕ" ਦੀ ਫਸਲ ਦੀਆਂ ਜੜਾਂ
ਪੁਟੇਗੀ......
ਜਾਕੇ ਕਹਿ ਦੇਵੋ
ਕੁਦਰਤ ਦੇ ਕਿਸੇ ਰੱਬ ਨੂੰ
ਕਿ ਮਨੁਖ–ਇਨਸਾਨ ਬਣ ਗਿਆ ਹੈ
ਤੇ ਮੈਨੂੰ ਵਿਸ਼ਵਾਸ ਹੋ ਜਾਵੇ
ਮੇਰੀ ਗਰਭ ਵਿਚ ਚਾਨਣ ਅੱਖ ਹੈ......
ਜੋ ਸਮੇਂ ਦੀਆਂ ਕਾਲਖਾਂ ਚੋਂ
ਭਵਿਸ਼ ਦੀਆਂ ਕੋਹਾਂ ਨਾਪੇਗੀ
ਜਾ ਕੇ ਕਹਿ ਦਿਓ
ਇਨਸਾਨ ਦਾ ਪਹਿਲਾ ਕਦਮ
ਦੇਵਤਿਆਂ ਦੇ ਸੁਪਨਿਆਂ ਦਾ ਰਹਿਨੁਮਾਈ ਹੈ
ਕਿਸੇ ਤਿਰਹਾਏ ਸਿਧਾਰਥ ਦੀ
ਨਿਰਵਾਣ ਦੇ ਫੁਲਾਂ ਦੀ ਮਹਿਕ ਹੈ......
ਚੇਟਕ ਹੈ......ਤੇ ਮੈਨੂੰ ਪਤਾ ਲਗ ਜਾਵੇ
ਹਰ ਮਨੁਖ ਪਿਆਰ ਦੇ ਨਿਰਵਾਣ ਦਾ
ਸਮੇਂ ਦੇ ਸਾਗਰ ਵਿਚ ਪਿਘਲਾਇਆ
ਗੌਤਮ ਹੈ—

ਜੁਗਿੰਦਰ ਸ਼ਮਸ਼ੇਰ

## ਵੀਤਨਾਮ

ਹੇ ਵੀਅਤਨਾਮ ਦੀ ਸੁੰਦਰ ਵਾਦੀ,
ਧੁਰ ਪੂਰਬ ਦੀ ਰਾਣੀ।

ਸਾਡੀ ਧਰਤੀ,
ਤੇਰੀ ਧਰਤੀ,
ਦੋਨੋਂ ਸਕੀਆਂ ਭੈਣਾਂ ਜਾਪਣ।
ਸਾਡੇ ਲੋਕੀਂ
ਤੇਰੇ ਲੋਕੀਂ
ਸਾਰੇ ਅਸੀਂ ਪਰਾਏ ਵੱਸ ਸਾਂ
ਤੇਰੀ ਸਾਡੀ ਇਕ ਕਹਾਣੀ।

ਸਦੀਆਂ ਤੀਕਰ
ਸਾਡੀ ਧਰਤੀ
ਸਦੀਆਂ ਤੀਕਰ
ਤੇਰੀ ਧਰਤੀ
ਭੁੱਖ ਗੁਲਾਮੀ ਦਾ
ਰਹੀ ਕੇਂਦਰ
ਇਹਦੀ ਭੁਖ ਦੀ
ਸਾਰੀ ਪੂੰਜੀ,
ਇਹਦੀ ਝੋਲੀ ਦੇ
ਸਭ ਦਾਣੇ,
ਇਹਦੇ ਹੁਸਨਾਂ ਦਾ
ਸਰਮਾਇਆ

ਇਹਦੇ ਚਿਹਰੇ ਦੀ ਸਭ ਲਾਲੀ,
ਸਭ ਕੁਝ ਹੁੰਦਾ
ਰਿਹਾ ਪਰਾਇਆ ।

ਸਾਡੇ ਲਹੂ ਦਾ
ਇਕ ਇਕ ਟੇਪਾ ।
ਸਾਡੇ ਮਾਸ ਦੀ
ਇਕ ਇਕ ਬੋਟੀ ।
ਸਾਡੇ ਜਿਸਮ ਦੀ
ਇਕ ਇਕ ਹੱਡੀ
ਪਛਮ ਦੇ ਸਭਿਆ ਵਣਜਾਰੇ
ਨੋਚ ਨੋਚ ਕੇ
ਗਿਰਝਾਂ ਵਾਂਗੂੰ
ਸਦੀਆਂ ਤੀਕਰ ਰਹੇ ਚਬਾਉਂਦੇ ।
ਸਾਡੇ ਦੇਸ਼ ਤੇ ਇੰਝ ਰਹੇ ਚੜ੍ਹਦੇ,
ਜਿਵੇਂ ਕੋਈ
ਬਦਮਸਤ ਸ਼ਰਾਬੀ
ਅਬਲਾ ਦੇ ਜਾ ਚੜ੍ਹੇ ਚੁਬਾਰੇ ।
ਜੀਕਣ ਕੋਈ ਫਿੱਟੀ ਬਘਿਆੜੀ
ਹਿਰਨੋਟੀ ਦਾ ਬੱਚਾ ਪਾੜੇ ।
ਫਿਰ ਇਤਿਹਾਸ ਨੇ
ਪੱਤਰੇ ਪਰਤੇ
ਫੇਰ ਸਮੇਂ ਨੇ
ਨਬਜ਼ ਪਛਾਣੀ
ਹੇ ਵੀਅਤਨਾਮ ਦੀ ਸੁੰਦਰ ਵਾਦੀ,
ਧੁਰ ਪੂਰਬ ਦੀ ਰਾਣੀ ।

ਆਈਆਂ ਫੇਰ
ਸੁਖਾਵੀਆਂ ਘੜੀਆਂ
ਜਦ ਕਿ ਤੇਰੇ ਪੁਤਰ ਧੀਆਂ
ਤੇਰੀ ਨਿਘੀ ਗੋਦੀ ਅੰਦਰ
ਸੁਖ ਦੀ ਨੀਂਦੇ ਸੌਵਣ ਲਗੇ ।
ਭਵਿਖ ਦੇ ਰੰਗਲੇ

ਖ਼ਾਬਾਂ ਅੰਦਰ
ਅਮਨ ਅਤੇ ਖ਼ੁਸ਼ਹਾਲੀ ਭਰਿਆ
ਸੁੰਦਰ ਜੀਵਨ
ਕਟ ਰਹੇ ਸਨ
ਤੇਰੇ ਧਾਨ ਦੇ ਖੇਤਾਂ ਅੰਦਰ
ਜ਼ਿੰਦਗੀ ਕਰਵਟ ਬਦਲ ਰਹੀ ਸੀ
ਨਵੇਂ ਉਲੀਕੇ ਰਾਹਾਂ ਉਤੇ
ਲੋਕ ਕਾਫਲਾ ਚਲ ਰਿਹਾ ਸੀ ।
ਉਸ ਮੰਜ਼ਲ ਵਲ
ਜਿਸਦੇ,
ਸੁਪਨੇ ਲੈਂਦੀ,
ਮਾਂ ਬੱਚੇ ਨੂੰ ਲੋਰੀ ਦਿੰਦੀ,
ਸੱਜ ਵਿਆਹੀ ਭੱਤਾ ਢੋਵੇ,
ਭੈਣ ਵੀਰ ਦੇ ਰਖੜੀ ਬੰਨ੍ਹੇ
ਰਖ ਲੈਂਦੀ ਕੋਈ ਵਰਤ ਨਿਮਾਣੀ ।
ਹੇ ਵੀਅਤਨਾਮ ਦੀ ਸੁੰਦਰ ਧਰਤੀ
ਧੁਰ ਪੂਰਬ ਦੀ ਰਾਣੀ ।

ਤੇਰੇ ਸੁਹਜ ਨੂੰ ਨਜ਼ਰਾਂ ਲੱਗੀਆਂ
ਅਜ ਮਿਰਕਣ ਦੇ
ਧਾੜਵੀਆਂ ਨੇ
ਆਣ ਮੁਆਤੇ ਬਾਲੇ
ਜੋ ਤੇਰੇ ਤੇ ਬੰਬ ਵਰ੍ਹਾਉਂਦੇ ।
ਅੰਬਰ ਉਤੇ ਮੇਘਾਂ ਦੀ ਥਾਂ,
ਬੰਬਰ ਭਾਉਂਦੇ ।
ਵਰਖਾ ਦੀ ਥਾਂ
ਅੱਗ ਵਰ੍ਹਦੀ ਹੈ ।
ਧੂਆਂ ਤੇ ਲਾਸ਼ਾਂ ਦਾ ਸਾੜਾ
ਪੌਣਾਂ ਵਿਚ ਸੁਗੰਧੀਆਂ ਦੀ,
ਥਾਂ, ਮੱਲੀ ਬੈਠਾ ।
ਅਜ ਫਿਰ ਨਵੇਂ ਚੰਗੇਜ਼ ਉੱਠੇ ਨੇ,
ਅਜ ਫਿਰ ਪਛਮ ਦੇ ਵਣਜਾਰੇ
ਮੰਡੀਆਂ ਖਾਤਰ,

ਅੜਿਆਂ ਖਾਤਰ,
ਲੋਕਾਂ ਦੀਆਂ ਅਣਖਾਂ ਅਜ਼ਮਾਉਂਦੇ ।
ਖੇਤਾਂ ਉਤੇ, ਸ਼ਹਿਰਾਂ ਉਤੇ,
ਫੁੱਲਾਂ ਲੱਦੇ ਬਾਗਾਂ ਉਤੇ,
ਮੰਦਰਾਂ ਉਤੇ ਚਰਚਾਂ ਉਤੇ,
ਕਵਿਤਾ ਉਤੇ, ਰਾਗਾਂ ਉਤੇ,
ਗੈਸਾਂ ਸੁੱਟਦੇ
ਅੱਗਾਂ ਲਾਉਂਦੇ ।
ਵੀਹਵੀਂ ਸਦੀ ਦੇ ਹਤਿਆਰੇ ।

ਪਰ ਹੇ ਬੰਬਾਂ ਦੀ ਝੁਲਸਾਈ
ਸਾਡੀ ਸੂਰਬੀਰ ਹਮਸਾਈ,
ਧੁਰ ਪੂਰਬ ਦੀ ਰਾਣੀ ।
ਤੇਰਾ ਦੁਖ ਅਸਾਡਾ ਦੁਖ ਹੈ
ਤੇਰੀ ਜੰਗ ਅਸਾਡੀ ਜੰਗ ਹੈ ।
ਤੇਰੀ ਜਿੱਤ ਦੇ ਸੁਖ ਮੰਗਦੇ ਹਾਂ
ਤੇਰੀ ਸਾਡੀ ਇਕ ਕਹਾਣੀ ।

*

ਮੋਹਨ ਸਿੰਘ ਜੌਹਲ

## ਮੇਰਾ ਇਸ਼ਕ

ਮੇਰਾ ਇਸ਼ਕ ਮਨੂਰ ਨਹੀਂ ਹੈ
ਹੁਸਨ ਨੂੰ ਤੱਕ ਜੋ
ਪੰਘਰੇ ਨਾ ।
ਨਾ ਏ ਨਿਰੀ ਮੋਮ ਦੀ ਬੱਤੀ
ਸੇਕ ਲਗਦਿਆਂ ਪਿਘਲ ਟੁਰੇ ।
ਵਿਚ ਹਿਜਰ ਇਹ,
ਗ਼ਮ ਦੀ ਅੱਗ ਨੂੰ,
ਵਾਂਗ 'ਪ੍ਰਹਿਲਾਦੇ',
ਜਰ ਸਕਦਾ ਹੈ ।
ਵਿਚ ਵਸਲ ਇਹ,
ਸਾਵਾਂ ਰਹਿੰਦਾ,
ਹੋਛਿਆਂ ਵਾਂਗਣ
ਚਾਮਲ ਚਾਮਲ
ਪੈਂਦਾ ਨਹੀਂ ।
ਇਹਦੀ ਜੋਤ ਸਦੀਵੀ ਜਗਦੀ
ਇਹ ਨਹੀਂ ਓਸ ਦੀਵੇ
ਦੀ ਵੱਟੀ
ਅੰਤ 'ਤੇ ਆ ਜੋ
ਭੱੜਕ ਮਾਰ ਕੇ
ਬੁਝ ਜਾਂਦਾ ਹੈ ।

ਕਰਮਜੀਤ ਭਾਰਤੀ

## ਸਮਾਂ

ਜਦ ਪਹਿਲਾਂ ਅਣਵਾਕਿਫ ਸਾਂ
ਸੂਹੀ ਸਰਘੀ–ਸਿਖਰ ਦੁਪਹਿਰੇ
ਜਾਂ ਮਟਮੈਲੀ ਆਥਣ
ਕਿਸੇ ਮੋੜ ਤੇ ਮਿਲ ਪੈਂਦੇ ਸਾਂ
ਨਜ਼ਰ ਮਿਲਣ ਤੋਂ ਪਹਿਲਾਂ ਹੀ
ਝੁਕ ਜਾਂਦੀ ਸੀ
ਚਿਹਰੇ ਦੀ ਸੁਰਖੀ
ਤੇਰੇ ਕੰਨਾਂ ਨੂੰ ਛੂਹ ਜਾਂਦੀ ਸੀ
ਦਿਲ ਮੇਰੇ ਦੀ ਧੜਕਨ
ਪੈਰਾਂ ਵਿਚ ਖਿੰਡ ਜਾਂਦੀ ਸੀ

ਵਰ੍ਹਿਆਂ ਦੀ ਖਾਮੋਸ਼ੀ ਅੰਦਰ
ਕੇਵਲ ਇਕ ਦੂਜੇ ਦੇ ਪਛਾਵੇਂ ਤਕ ਕੇ
ਚੋਰ ਅੱਖਾਂ ਥੀਂ-
ਹੁਸਨ ਇਸ਼ਕ ਦੀਆਂ ਗੱਲਾਂ ਕਰਦੇ
ਮੈਂ ਤੇ ਤੂੰ –
ਇਕ ਦੂਜੇ ਦੀ ਹੋਂਦ ਤੋਂ ਵਾਕਿਫ
ਹੋ ਗਏ ਸਾਂ

ਫਿਰ ਸਮਾਂ ਸੀ
ਜਦ ਸੂਹੀ ਸਰਘੀ-ਸਿਖਰ ਦੁਪਹਿਰੇ
ਜਾਂ ਫਿਰ ਮਟਮੈਲੀ ਆਥਣ
ਜਦ ਵੀ ਮਿਲਦੇ
ਆਪਾ ਭੁੱਲ ਕੇ

ਇਕ ਦੂਜੇ ਦੀਆਂ ਬਾਹਾਂ ਅੰਦਰ
ਜਾ ਡਿਗਦੇ ਸਾਂ

ਸ਼ਰਮੀਲੀ ਨਾਰ ਦੇ ਚਿਹਰੇ ਵਾਂਗੂੰ
ਕਿਸੇ ਸ਼ਾਮ ਦੀ ਸ਼ੋਖੀ ਅੰਦਰ
ਅਸੀਂ ਕੱਲ ਦੀਆਂ ਗੱਲਾਂ ਕਰਦੇ–
ਰਾਹਾਂ ਤੇ ਫੁੱਲ ਵਿਛਾਉਂਦੇ
ਸੋਚਾਂ ਦੇ ਮਹਿਲਾਂ ਅੰਦਰ
ਖਾਬਾਂ ਦੇ ਤਾਰੇ ਜੜਦੇ

ਤੇ ਹੁਣ ਸਮਾਂ ਹੈ
ਸੂਹੀ ਸਰਘੀ ਸਿਖਰ ਦੁਪਹਿਰੇ
ਜਾਂ ਮਟਮੈਲੀ ਆਥਣ
ਜਦ ਵੀ ਤੇਰੀ ਗੱਲ ਛਿੜਦੀ ਹੈ
ਇਕ ਮੋਨ ਜਿਹੀ ਪੀੜਾ
ਭੁੱਲੇ ਵਿਸਰੇ ਜ਼ਖਮਾਂ ਅੰਦਰ
ਉਠ ਖਲੋਵੇ
ਮਰ ਚੁਕੀ ਸੱਧਰ ਦੀ ਲਾਸ਼
ਜ਼ਿੰਦਗੀ ਦੇ ਗਲ ਲਗ ਰੋਵੇ

ਕੁਝ ਰਸਮਾਂ ਦੇ ਬੰਧਨਾਂ ਪਿਛੇ
ਕਿਵੇਂ ਬਿਗਾਨੇ ਬਣ ਬੈਠੇ ਹਾਂ
ਸਮੇਂ ਦੀ ਇਸ ਨ੍ਹੇਰੀ ਅੰਦਰ
ਕਿਥੇ ਦੋਵੇਂ ਭਟਕ ਗਏ ਹਾਂ–
ਖੋ ਗਏ ਹਾਂ।

ਮਨਮੋਹਨ ਸਿੰਘ (ਦਾਊਂ)

## ਖੁਲ੍ਹੀ ਤਾਕੀ

ਪੂਰਬ ਵੰਨੇ
ਮੇਰੇ ਕਮਰੇ ਦੀ ਇੱਕ ਤਾਕੀ
ਸੱਜਰੀ ਪੌਣ ਕਲਾਵੇ ਭਰਦੀ,
ਤੇ ਕਿਰਨਾਂ ਦੀ ਮਿਲਣੀ ਕਰਦੀ !!

ਫੁੱਲਾਂ ਦੀ ਹਰ ਰੁੱਤੇ ਖੁਸ਼ਬੋ
ਇਸ ਤਾਕੀ 'ਚੋਂ ਅੰਦਰ ਆਕੇ
ਮੇਰੇ ਕਮਰੇ ਨੂੰ ਭਰ ਜਾਂਦੀ।

ਕਦੇ ਰਾਤ ਦੀ ਰਿਸ਼ਮ-ਚਾਨਣੀ
ਇਸ ਤਾਕੀ ਨੂੰ ਚੁੰਮਣ ਦੇ ਕੇ
ਸੁਪਨੇ ਦੀ ਉਂਗਲ ਫੜ ਲੈਂਦੀ।

ਨਿੱਕੀ ਜਿਹੀ ਨਗੂਣੀ ਤਾਕੀ
ਮੇਰੇ ਹਾਣੀ-ਦੋਸਤ ਵਾਂਗੂੰ
ਰੀਝਾਂ ਦੇ ਸਾਗਰ ਨੂੰ ਤਰਦੀ।

ਮੈਂ ਤਾਕੀ 'ਚੋਂ ਬਾਹਰ ਤੱਕਾਂ
ਲੋਕ ਹੱਕਾਂ ਦੇ ਨਾਅਰੇ ਮਾਰਨ,
ਤੇ 'ਹੋਂਦ' ਮੇਰੀ ਦਾ 'ਆਪਾ' ਤੁਰਿਆ
ਬਾਹਰ ਸਮੇਂ ਦਾ ਸਾਥ ਵਧਾਵਣ।

ਤੇ ਦੂਰ ਪਹਾੜੀ ਦੀ ਛੱਡ ਗੋਦੀ
ਸੂਰਜ ਸਿਰ ਤੇ ਚੜ੍ਹਿਆ ਹੋਇਆ,
ਹਰ ਪਲ ਹੁਣ ਤਾਂ ਆਖ ਰਿਹਾ ਹੈ
ਹੁਣ ਨਾ ਤਾਕੀ ਬੰਦ ਹੋਏਗੀ !!

ਕਸ਼ਮੀਰ ਕਾਦਰ

## ਇੱਕ ਗੁੰਮ ਆਵਾਜ਼

ਆਪਾ ਨਹੀਂ ਦਰਸਾਇਆ ਜਾਂਦਾ
ਆਪਣਿਆਂ ਦੇ ਸਾਹਵੇਂ
ਸੱਚੀ ਅੱਖ
ਬਨਾਉਟੀ ਜਾਪੇ
ਨਕਲੀ ਅੱਖ ਦਾ ਰਾਜ !

ਸੂਰਜ ਖਾਕੇ
ਚੰਨ ਉਗਲਦੀ
ਚਾਨਣ ਖਾਕੇ
ਕਾਲਖ਼ ਉਗਲੇ
ਮੌਸਮ ਦੀ ਪਰਵਾਜ਼ !

ਠੰਡੀ ਠੰਡੀ
ਚਾਨਣੀ ਤਾਈਂ
ਗਰਮ ਹੀ ਗਰਮ
ਪਸੀਨਾ ਆਵੇ
ਰਾਤਾਂ ਦੇ ਅੰਦਾਜ਼ !!

ਇੱਕ ਗੁੰਮ ਆਵਾਜ਼ !!
ਇੱਕ ਗੁੰਮ ਆਵਾਜ਼ !!

ਕਲਮਾਂ ਦੇ ਨਹੁੰ
ਤਿੱਖੇ ਤਿੱਖੇ
ਖੋਲ੍ਹੀ ਜਾਂਦੇ ਰਾਜ਼ ।

ਜਗਿੰਦਰ ਅਮਰ

## ਛਾਂ

ਢੇਰ ਚਿਰ
ਸੱਨਾਟੇ ਦੀ ਤਣੀ ਚਾਦਰ
ਹਨੇਰੇ 'ਚ ਠਰਦੀ ਰਹੀ
ਉਲਝਦੇ ਸਾਹਾਂ ਨੂੰ ਕੱਜਣ–
ਦਾ ਹੁੰਗਾਰਾ ਭਰਦੀ ਰਹੀ

ਮੌਸਮਾਂ ਦੇ ਜਿਸਮ ਉੱਤੇ
ਦੇਰ ਤਕ
ਤੱਲਿਸਮ ਦਾ ਅਮਲ ਜਾਰੀ ਰਿਹਾ
ਵਿਸਾਹਾਂ ਦਾ ਪੱਲਾ ਭਾਰੀ ਰਿਹਾ

ਢੇਰ ਚਿਰ
ਧੜਾਂ ਨੂੰ
ਸਿਰਾਂ ਦਾ ਅਹਿਸਾਸ ਨਾ ਹੋਇਆ
ਨਜ਼ਰ ਨੂੰ ਵਿਸ਼ਵਾਸ਼ ਨਾ ਹੋਇਆ

ਪੌਣ ਨੂੰ ਏਨੀਂ ਸੁੱਧ ਨਹੀਂ
ਕਦ ਸਮੇਂ ਨੇ ਉਸ ਨੂੰ ਛਾਣਿਆਂ
ਝੱਖੜ ਨੇ ਆ ਪਹਿਚਾਣਿਆ

ਫਿਜ਼ਾ ਦੇ ਮਨ 'ਚ
ਅਹਿਸਾਸ ਦੀ ਫਿਰ
ਕਿਰਨ ਉੱਗੀ–ਮੁਰਝਾ ਗਈ
ਅਸ਼ੋਕਾ ਪਿੱਲਰ ਦੀ ਛਾਂ–
ਉਸ ਨੂੰ ਖਾ ਗਈ ।

ਬਲਦੇਵ

# ਇਕ ਕਵਿਤਾ

ਇਸ ਝਮ ਝਮ ਕਰਦੇ ਦਿਨ ਅੰਦਰ
ਮੈਂ ਲਟ ਲਟ ਬਲਦਾ ਇਕ ਜੰਗਲ ।

ਇਕ ਪਲ ਕੋਈ ਟਾਹਣੀ,
ਕਿਸੇ ਪੰਛੀ ਦੇ ਪੈਰਾਂ ਦੀ ਛੁਹ ਲਈ,
ਅੰਗੜਾਈ ਲੈਂਦੀ ।
ਪਰ ਦੂਜੇ ਪਲ ਅੱਗ ਦੀ,
ਬੁਕਲ ਵਿੱਚ ਜਾ ਪੈਂਦੀ ।

ਖੁਲ੍ਹੇ ਅਸਮਾਨ 'ਚ ਚੁਹ ਚੁਹ ਕਰਦੇ,
ਪੰਛੀ ਲੰਘ ਰਹੇ ਨੇ
ਪਰ ਮੈਂ ਚੁਹ ਚੁਹ ਦੀ ਤਾਂਘ ਹੰਢਾਉਂਦਾ,
ਲਟ ਲਟ ਬਲਦਾ ਹਾਂ ।

ਰਾਤ ਪਈ ਤੇ ਅੱਗ ਨੇ,
ਜਦ ਬੁੱਝ ਜਾਣਾ ਹੈ,
ਬਚੀ ਹੋਈ ਕਿਸੇ ਟਾਹਣ ਕਚੂਰੀ ਨੇ,
ਚੁਹ ਚੁਹ ਦਾ ਸੁਪਨ ਹੰਢਾਉਣਾ ਹੈ ।

ਦੂਰ ਦੂਰ ਤਾਈਂ ਅੰਬਰ ਸੁੰਨਾ ਹੋਵੇਗਾ,
ਰਾਤ ਪਈ ਤੇ ਕਿਸ ਪੰਛੀ ਨੇ ਆਉਣਾ ਹੈ !

★

ਰਵਿੰਦਰ ਰਵੀ

## ਸੂਰਜ, ਬੱਦਲ, ਪਰਛਾਵੇਂ ਤੇ ਮੈਂ

1.

ਬੱਦਲਾਂ ਦੇ ਪਰਛਾਵੇਂ ਫੜਦਾ
ਧੁੱਪ ਤੋਂ ਡਰਦਾ,
ਕਿਸ ਧਰਤੀ 'ਤੇ ਆਣ ਖੜ੍ਹਾ ਹਾਂ !
ਇਥੇ ਵੀ ਉਹੋ ਹੀ ਥੋੜਾਂ—
ਵਸਦੇ ਮੀਂਹ ਵਿਚ,
ਮਨ ਦੀਆਂ ਔੜਾਂ !
ਏਥੇ ਵੀ ਜੀਵਨ ਲਈ ਦੌੜਾਂ—
ਬੰਦ ਦਰਵਾਜ਼ੇ,
ਖੁਲ੍ਹੀਆਂ ਸੌੜਾਂ !

ਤਪਦੇ ਥਲ ਵਿਚ
ਸੂਰਜ ਸੌਂਹੇਂ
ਵਿਰਲਾ ਵਾਂਜਾ ਖੜ੍ਹ ਸਕਦਾ ਹੈ,
ਕਿੰਞ ਕੋਈ ਛਾਇਆ ਫੜ ਸਕਦਾ ਹੈ ?

2.

ਪਿਆਸਾ ਬੱਦਲ, ਭਰਮੀ ਛਾਇਆ
ਜਾਣ ਬੁਝ ਕੇ
ਇਸ ਭਟਕਣ ਵਿਚ ਭਟਕਣ ਦੇ ਲਈ
ਮਨ ਭਰਮਾਇਆ ?

ਮੈਂ ਪਿਆਸਾ ਮੇਰੀ ਪਿਆਸੀ ਕਾਇਆ !
'ਕੱਲ-ਸਰਾਪੀ ਹੋਂਦ ਮੇਰੀ
ਦੁਖਾਂਤ ਪ੍ਰਾਪਤ,
(ਕਿਉਂਕਿ ਇਸ ਨੇ)
ਭਰ ਮੇਲੇ ਵਿਚ ਮਾਣ ਗੁਆ,
ਪ੍ਰਮਾਣ ਨਾ ਪਾਇਆ !

3.

ਆਪਣੇ ਚਿੱਤੋਂ ਭਾਰਤ ਛੱਡ ਕੇ
ਸਾਗਰ ਦੇ ਵਿਚ
ਸਭ ਪਰਛਾਵੇਂ ਰੋੜ੍ਹ ਆਇਆ ਸਾਂ,
ਰੀਤਾਂ ਬੰਧਨ ਤੋੜ ਆਇਆ ਸਾਂ—
ਦੇਸ਼ ਦੀ ਗੱਲ ਨੂੰ—
ਦੇਸ਼ ਦੇ ਨਾਲ ਹੀ ਜੋੜ ਆਇਆ ਸਾਂ !
ਪਰ ਇਸ ਤਟ ਵਰਾਛਾਂ ਅੱਡੀ
ਫੇਰ 'ਬਿਹਾਰ ਦਾ ਕਾਲ' ਖੜ੍ਹਾ ਹੈ !
ਭਖਦੇ ਪੱਤਰਾਂ ਦੇ ਵਿਚ ਔੜਾਂ ਵਿਚਰ ਰਹੀਆਂ ਹਨ !
ਕਰਜ਼ੇ ਦੀ ਬੋਝਲ ਪੰਡ ਹੇਠੋਂ,
ਵਿਦਿਆ ਵੇਲੇ,
ਮਾਤ ਪਿਤਾ ਤੇ ਪਤਨੀ ਗੱਲਾਂ
ਯਾਦ ਨੇ ਮੈਨੂੰ ਜੋ ਕਹੀਆਂ ਸਨ !

ਉਜੜੇ ਚਿਹਰੇ
ਭੁੱਖੀਆਂ ਆਂਤਾਂ
ਤੇ ਜੀਵਨ ਤੋਂ ਸੱਖਣੀਆਂ ਅੱਖਾਂ—
ਦੂਰ ਤੋਂ ਮੈਨੂੰ ਘੂਰ ਰਹੀਆਂ ਹਨ।
ਕਿੰਨੇ ਕੁਝ ਨੂੰ ਛੱਡ ਕੇ ਵੀ ਮੈਂ
ਕਿੰਨਾਂ ਕੁਝ ਹਾਂ ਨਾਲ ਲਿਆਇਆ !
ਦੁੱਖਾਂ ਤੋਂ ਵੀ ਵਧਿਆ ਜਾਪੇ
ਅੱਜ ਦੁੱਖਾਂ ਦਾ ਸਾਇਆ !

4.

ਜ਼ਿਹਨ ਦੇ ਵਿਚ ਘੁੰਮਦੀਆਂ ਲੋਥਾਂ

ਸੋਚਾਂ ਦੇ ਵਿਚ ਇਕ ਖਲਾਅ ਹੈ !
ਹੜਬੂੰ ਹੜਬੂੰ ਕਰਦੀਆਂ ਭੁੱਖਾਂ
ਦੇ ਸਿਰ ਚੜ੍ਹ ਜਿਉਂਦੀ ਹੋਈ
ਹੋਂਦ ਮੇਰੀ ਵੀ,
ਆਪਣੇ ਤੇ ਅਫ਼ਰੀਕਾ 'ਤੇ ਇਕ ਬੋਝ ਜਿਹਾ ਹੈ !

5.

ਕਾਲੇ ਲੋਕਾਂ
ਤੇ ਉਹਨਾਂ ਦੀ ਰੱਤੀ ਭੋਂ ਦੀ ਪਿੱਠ-ਭੂਮੀ ਵਿਚ,
ਚਮਕ ਰਹੇ ਸੂਰਜ ਤੋਂ ਮੈਨੂੰ ਡਰ ਆਉਂਦਾ ਹੈ !
ਇਹ ਸੂਰਜ ਨਿੱਤ
ਮੈਨੂੰ ਮੇਰੇ ਭੁਖੇ ਵਿਰਸੇ
ਦੇ ਕੁਹਜੇ ਤੇ ਵਿਗੜੇ ਨਕਸ਼ਾਂ
ਤੇ ਚਿੰਤਨ ਦਾ ਚਾਨਣ ਸੁੱਟ ਕੇ—
ਦਰਸਾਉਂਦਾ ਹੈ :

"ਓਥੇ ਵੀ ਤੇਰੇ ਦੁਆਲੇ ਜੋ
ਰੱਤ ਰਿਸ਼ਤੇ ਦਾ ਚੱਕਰ-ਵਯੂਹ ਸੀ—
ਇਕ ਖਲਾਈ ਧੀਰਜ ਤੋਂ ਵਧ,
ਉਹ ਕੋਈ ਤੇਰਾ ਸੰਗ ਨਹੀਂ ਸੀ
ਜਿਸ ਜਿਸ ਰੰਗ ਦੇ
ਜਿਸ ਜਿਸ ਢੰਗ ਦੇ
ਨਿਸਦਿਨ ਉਥੇ ਸਿੱਕੇ ਚੱਲਦੇ,
ਉਨ੍ਹਾਂ ਦੇ ਵਿਚ
ਤੇਰਾ ਕੋਈ ਵੀ ਰੰਗ ਨਹੀਂ ਸੀ
ਤੇਰੇ ਰੰਗ ਦੀ ਮੰਗ ਨਹੀਂ ਸੀ।

ਜਿੱਥੇ ਨਜ਼ਰਾਂ
ਤੇਰੇ ਸ਼ਖਸੀਅਤ ਦੇ ਸੁਤੰਤਰ ਵਾਧੇ ਨਾਲੋਂ
ਇਸ ਨੂੰ ਛਿੱਲ ਤਰਾਸ਼ ਕੇ ਆਪਣੀ
ਚੌਖਟ ਦੇ ਵਿਚ ਜੜਨ 'ਤੇ ਲੱਗੀਆਂ,

ਉੱਥੇ ਆਪਣੀ ਹੋਂਦ ਬਨਾਉਣੀ
ਹੱਥ ਵਿਚ ਸੂਰਜ ਪਕੜਨ ਤੁੱਲ ਸੀ,
ਜਾਂ ਫਿਰ ਆਪਣਾ ਆਪਾ ਤਜ ਕੇ
ਬੇਗਾਨੇ ਨੂੰ ਆਪਣਾ ਸਮਝਣ
ਜੇਡੀ ਭੁੱਲ ਸੀ ।

ਤੂੰ ਨਾ ਦੇਸ਼ ਕਾਲ ਦਾ ਕੈਦੀ
ਤੇਰੇ ਵਿਚ ਹੈ ਤੜਪ ਅਲਹਿਦੀ ।''

ਪਰ ਮੈਂ ਸੋਚਾਂ !
''ਮਨ ਪਰਦੇਸੀ'', ''ਦੇਸ ਪਰਾਏ !''
'ਕੱਲ-ਸਰਾਪੀ' ਹੋਂਦ ਮੇਰੀ ਕਿਉਂ
ਬੱਦਲਾਂ ਦੇ ਪਰਛਾਵੇਂ ਪਿੱਛੇ
ਭੱਜੀ ਜਾਏ ???

(ਇਕ ਲੰਮੀ ਕਵਿਤਾ ਦੇ ਕੁਝ ਭਾਗ)

★

ਸੁਖਬੀਰ

# ਪੰਜਾਂ ਕਹਾਣੀਆਂ ਦੀ ਕਹਾਣੀ

ਮੇਰੀਆਂ ਤਿੰਨ ਕਹਾਣੀਆਂ ਇਕ ਪੱਤ੍ਰਕਾ ਵਲੋਂ ਮੁੜ ਆਈਆਂ ਹਨ, ਦੋ ਕਹਾਣੀਆਂ ਇਕ ਹੋਰ ਪੱਤ੍ਰਕਾ ਵਲੋਂ ਮੁੜ ਆਈਆਂ ਹਨ। ਤੇ ਮੇਰੇ ਦਿਲ ਵਿਚ ਇਕ ਬੜਾ ਕੌੜਾ ਸਵਾਦ ਹੈ।

ਮੈਂ ਆਪਣੇ ਇਸ ਛੋਟੇ ਜਹੇ ਕਮਰੇ ਵਿਚ ਚੁੱਪ ਕੀਤਾ ਬੈਠਾ ਹਾਂ। ਮੇਰੀ ਪਤਨੀ ਰਸੋਈ ਵਿਚ ਚੁੱਪ ਕੀਤੀ ਬੈਠੀ ਹੈ। ਮੇਰੀ ਮਾਂ ਵਿਹੜੇ ਵਿਚ ਚੁੱਪ ਕੀਤੀ ਬੈਠੀ ਹੈ। ਤੇ ਸਾਡਾ ਦੋ ਵਰ੍ਹਿਆਂ ਦਾ ਬੱਚਾ ਮੀਨੂ ਸਾਡੀ ਇਸ ਚੁੱਪ ਤੇ ਹੈਰਾਨ ਹੈ। ਉਹ ਕਦੇ ਮੇਰੇ ਕਮਰੇ ਵਿਚ ਆਉਂਦਾ ਹੈ, ਕਦੇ ਰਸੋਈ ਵਿਚ ਜਾਂਦਾ ਹੈ, ਪਰ ਕੋਈ ਉਸ ਨੂੰ ਬੁਲਾ ਨਹੀਂ ਰਿਹਾ।

ਮੀਨੂ ਆਪਣੀ ਮਾਂ ਤੋਂ ਆਟੇ ਦੀ ਚਿੜੀ ਮੰਗ ਰਿਹਾ ਹੈ। ਮਾਂ ਕੁਝ ਨਹੀਂ ਬੋਲਦੀ। ਮੀਨੂ ਫੇਰ ਚਿੜੀ ਮੰਗਦਾ ਹੈ। ਮਾਂ ਫੇਰ ਚੁੱਪ ਰਹਿੰਦੀ ਹੈ। ਤੇ ਜਦ ਉਹ ਜ਼ਿੱਦ ਕਰਦਾ ਹੈ ਤਾਂ ਮਾਂ ਉਸ ਦੇ ਮੂੰਹ 'ਤੇ ਚਪੇੜ ਮਾਰਦੀ ਹੈ। ਉਹ ਰੋਣ ਲਗ ਪੈਂਦਾ ਹੈ।

ਮੈਂ ਆਪਣੀ ਪਤਨੀ ਵਲ ਵੇਖਦਾ ਹਾਂ। ਉਹ ਠੰਢੇ ਚੁੱਲ੍ਹੇ ਵਾਂਗ ਹੈ। ਉਸ ਦੀਆਂ ਅੱਖਾਂ ਵਿਚ ਇਕ ਰੇਸ਼ਮੀ ਸਾੜ੍ਹੀ ਦੀ ਸੁਆਹ ਹੈ, ਦੋ ਸੋਨੇ ਦੇ ਝੁਮਕਿਆਂ ਦੀ ਸੁਆਹ ਹੈ, ਕਈ ਰਾਂਗਲੀ ਸੁਪਨਿਆਂ ਦੀ ਸੁਆਹ ਹੈ।

ਹੁਣ ਮੀਨੂੰ ਮੇਰੇ ਕੋਲ ਖੜਾ ਬਾਜ਼ਾਰ ਚਲਣ ਲਈ ਕਹਿ ਰਿਹਾ ਹੈ। ਮੈਂ ਕਹਿੰਦਾ ਹਾਂ, ਮੀਨੂੰ, ਬਾਜ਼ਾਰ ਛੀ ਛੀ। ਯਾਨੀ ਬਾਜ਼ਾਰ ਚੰਗਾ ਨਹੀਂ, ਬਾਜ਼ਾਰ ਨਹੀਂ ਜਾਈਦਾ।

ਪਰ ਮੀਨੂੰ ਬਾਜ਼ਾਰ ਚਲਣ ਲਈ ਜ਼ਿੱਦ ਕਰਦਾ ਹੈ।

ਇਸ ਵਾਰ ਮੈਂ ਕਹਿੰਦਾ ਹਾਂ, "ਬਾਜ਼ਾਰ ਵਿਚ ਬਿੱਲੀ ਏ। ਉਹ ਫੜ ਲੈਂਦੀ ਏ।"

ਉਹ ਬਿੱਲੀ ਦੇ ਨਾਂ ਤੋਂ ਰਤਾ ਕੁ ਡਰਦਾ ਹੈ, ਪਰ ਮੁੜ ਬਾਜ਼ਾਰ ਚਲਣ ਲਈ ਜ਼ਿੱਦ ਕਰਦਾ ਹੈ।

ਮੈਂ ਉਸ ਨੂੰ ਬਾਜ਼ਾਰ ਲੈ ਜਾਣੋਂ ਡਰਦਾ ਹਾਂ। ਉਥੇ ਜਾ ਕੇ ਉਹ ਕਈ ਚੀਜ਼ਾਂ ਮੰਗੇਗਾ।

ਖਾਣ ਦੀਆਂ ਚੀਜ਼ਾਂ, ਖੇਡਣ ਦੀਆਂ ਚੀਜ਼ਾਂ। ਤੇ ਉਹ ਚੀਜ਼ਾਂ ਖਰੀਦ ਕੇ ਦੇਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ।

ਮੇਰੇ ਦਿਲ ਵਿਚ ਆਉਂਦਾ ਹੈ ਕਿ ਉਸ ਦੇ ਮੂੰਹ 'ਤੇ ਚਪੇੜ ਕੱਢ ਮਾਰਾਂ। ਪਰ ਮੇਰਾ ਹੱਥ ਜਿਵੇਂ ਨਿਰਜਿੰਦ ਬਣਿਆ ਹੋਇਆ ਹੈ।

ਮੇਰੀ ਮਾਂ ਵਿਹੜੇ ਵਿਚ ਬੈਠੀ ਸਭ ਕੁਝ ਵੇਖ ਰਹੀ ਹੈ, ਭਾਵੇਂ ਕਿ ਉਸ ਦੀਆਂ ਅੱਖਾਂ ਵਿਚ ਮੋਤੀਆ ਉਤਰਿਆ ਹੋਇਆ ਹੈ। ਪਤਾ ਨਹੀਂ ਉਸ ਦੀਆਂ ਅੱਖਾਂ ਦਾ ਅਪਰੇਸ਼ਨ ਕਦ ਹੋ ਸਕੇਗਾ। ਉਸ ਲਈ ਦੁਨੀਆਂ ਹਨੇਰ ਬਣੀ ਹੋਈ ਹੈ। ਇਹ ਹਨੇਰਾ ਉਸ ਦੀਆਂ ਅੱਖਾਂ ਵਿਚ ਹੀ ਨਹੀਂ, ਉਸ ਦੇ ਦਿਲ ਵਿਚ ਵੀ ਹੈ।

ਰਾਤ ਦਾ ਹਨੇਰਾ।

ਹੁਣ ਮੀਨੂੰ ਸੌਂ ਰਿਹਾ ਹੈ। ਉਹ ਨੀਂਦ ਵਿਚ ਮੁਸਕਰਾ ਰਿਹਾ ਹੈ। ਉਹ ਸ਼ਾਇਦ ਉਸ ਲਾਲ ਖੰਭਾਂ ਤੇ ਪੀਲੀ ਚੁੰਝ ਵਾਲੀ ਚਿੜੀ ਦਾ ਸੁਪਨਾ ਵੇਖ ਰਿਹਾ ਹੈ, ਜਿਸ ਬਾਰੇ ਮੈਂ ਉਸ ਨੂੰ ਇਕ ਕਹਾਣੀ ਸੁਣਾਈ ਸੀ ਤੇ ਦਸਿਆ ਸੀ ਕਿ ਉਹ ਚਿੜੀ ਨਾ ਕੁਝ ਮੰਗਦੀ ਹੈ, ਨਾ ਬਾਜ਼ਾਰ ਜਾਣ ਲਈ ਜ਼ਿੱਦ ਕਰਦੀ ਹੈ, ਕਿਉਂਕਿ ਉਥੇ ਇਕ ਬਿੱਲੀ ਹੁੰਦੀ ਹੈ, ਜੋ ਬਚਿਆਂ ਤੇ ਚਿੜੀਆਂ ਨੂੰ ਫੜ ਲੈਂਦੀ ਹੈ। ਸੋ ਉਹ ਬਹੁਤ ਚੰਗੀ ਚਿੜੀ ਹੈ।

ਮੀਨੂ ਦੀ ਉਸ ਮੁਸਕਰਾਹਟ ਵਿਚ ਮੈਨੂੰ ਵਿਅੰਗ ਮਹਿਸੂਸ ਹੁੰਦਾ ਹੈ।

......ਹਾਂ, ਮੈਂ ਕਹਿ ਰਿਹਾ ਸੀ ਕਿ ਮੇਰੀਆਂ ਤਿੰਨ ਕਹਾਣੀਆਂ ਇਕ ਪੱਤ੍ਰਕਾ ਵਲੋਂ ਮੁੜ ਆਈਆਂ ਹਨ, ਦੋ ਕਹਾਣੀਆਂ ਇਕ ਹੋਰ ਪੱਤ੍ਰਕਾ ਵਲੋਂ ਮੁੜ ਆਈਆਂ ਹਨ, ਤੇ ਮੇਰੇ ਦਿਲ ਵਿਚ ਇਕ ਬੜਾ ਕੌੜਾ ਸਵਾਦ ਹੈ।

ਪਿਛਲੇਰੇ ਮਹੀਨੇ ਮੈਂ ਇਹ ਪੰਜ ਕਹਾਣੀਆਂ ਲਿਖੀਆਂ ਸਨ। ਮੇਰੀ ਉਹਨਾਂ ਦਿਨਾਂ ਦੀ ਬੇਕਾਰੀ ਇਕ ਤਰ੍ਹਾਂ ਨਾਲ ਫਾਇਦੇਮੰਦ ਸਾਬਤ ਹੋਈ ਸੀ। ਉਂਝ ਤਾਂ ਕਈ ਵਾਰ ਮਹੀਨੇ ਵਿਚ ਇਕ ਵੀ ਕਹਾਣੀ ਨਹੀਂ ਲਿਖੀ ਜਾਂਦੀ। ਖਾਸ ਕਰ ਬੇਕਾਰੀ ਦੇ ਦਿਨਾਂ ਵਿਚ। ਪਰ ਪਿਛਲੇਰੇ ਮਹੀਨੇ ਕੱਠੀਆਂ ਪੰਜ ਕਹਾਣੀਆਂ ਲਿਖ ਕੇ ਮੈਂ ਆਪਣੇ ਆਪ ਨੂੰ ਬੜਾ ਹੌਲਾ ਮਹਿਸੂਸ ਕੀਤਾ ਸੀ, ਤੇ ਇਹ ਕਹਾਣੀਆਂ ਮੈਂ ਉਹਨਾਂ ਦੋ ਪੱਤ੍ਰਕਾਵਾਂ ਨੂੰ ਭੇਜੀਆਂ ਸਨ, ਜੋ ਰਚਨਾਵਾਂ ਦੇ ਚੰਗੇ ਪੈਸੇ ਦਿੰਦੀਆਂ ਹਨ। ਉਹਨਾਂ 'ਚੋਂ ਇਕ ਸਰਕਾਰੀ ਪੱਤ੍ਰਕਾ ਹੈ, ਤੇ ਦੂਜੀ ਕਿਸੇ ਦੀ ਆਪਣੀ।

ਦੋਵਾਂ ਪੱਤ੍ਰਕਾਵਾਂ ਨੇ ਹੀ ਕਹਾਣੀਆਂ ਮੋੜ ਦਿਤੀਆਂ ਸਨ, ਤੇ ਉਹ ਇੰਝ ਮੂੰਹ ਲਮਕਾਈ ਹੋਈ ਮੇਰੇ ਕੋਲ ਪਰਤ ਆਈਆਂ ਸਨ ਕਿ ਕੀ ਦੱਸਾਂ? ਕਿਥੇ ਤਾਂ ਇਹ ਕਹਾਣੀਆਂ ਲਿਖਕੇ ਮੈਂ ਆਪਣੀ ਤਲਖ ਬੇਕਾਰੀ ਨੂੰ ਭੁੱਲ ਗਿਆ ਸਾਂ, ਤੇ ਇਹਨਾਂ ਨੂੰ ਪੜ੍ਹ ਕੇ ਮੇਰੀ ਪਤਨੀ ਦੇ ਉਦਾਸ ਬੁੱਲ੍ਹਾਂ 'ਤੇ ਮੁਸਕਰਾਹਟ ਆਈ ਸੀ, ਤੇ ਉਸ ਨੇ ਕੋਲ ਖੜੇ ਮੀਨੂ ਨੂੰ ਚੁੰਮ ਲਿਆ ਸੀ, ਤੇ ਕਿਥੇ ਹੁਣ ਜਦ ਇਹ ਮੁੜ ਆਈਆਂ ਹਨ ਤਾਂ ਉਸ ਨੇ ਉਸ ਦੇ ਮੂੰਹ ਤੇ ਚਪੇੜ ਮਾਰੀ ਹੈ, ਤੇ ਉਸ ਦੇ ਬੁਲ੍ਹਾਂ ਤੇ ਮੁਸਕਰਾਹਟ ਦੀ ਥਾਂ ਇਕ ਚੁੱਪ ਜੰਮ ਗਈ ਹੈ।

ਪਹਿਲਾਂ ਵੀ ਕਦੇ ਏਸੇ ਤਰ੍ਹਾਂ ਮੇਰੀਆਂ ਕਹਾਣੀਆਂ ਪੱਤ੍ਰਕਾਵਾਂ ਵਲੋਂ ਮੁੜ ਆਇਆ ਕਰਦੀਆਂ ਸਨ। ਉਹਨੀਂ ਦਿਨੀਂ ਮੈਂ ਸਮਝ ਸਕਦਾ ਸਾਂ ਕਿ ਉਹ ਉਹਨਾਂ ਪੱਤ੍ਰਕਾਵਾਂ ਦੀ ਪੱਧਰ

ਤੋਂ ਨੀਵੀਆਂ ਹੋਣ ਕਰ ਕੇ ਮੁੜ ਆਉਂਦੀਆ ਸਨ । ਉਹਨੀਂ ਦਿਨੀਂ ਮੈਂ ਲਿਖਣਾ ਹਾਲੀ ਸ਼ੁਰੂ ਹੀ ਕੀਤਾ ਸੀ। ਪਰ ਅੱਜ ਜਦ ਹਰ ਪੱਤ੍ਰਕਾ ਮੈਨੂੰ ਛਾਪ ਕੇ ਖੁਸ਼ ਹੁੰਦੀ ਹੈ, ਤਾਂ ਇਹਨਾਂ ਕਹਾਣੀਆਂ ਦਾ ਮੁੜ ਆਉਣਾ ਮੈਥੋਂ ਸਹਾਰਿਆ ਨਹੀਂ ਜਾ ਰਿਹਾ।

ਸ਼ਾਇਦ ਤੁਸੀਂ ਇਹਨਾਂ ਕਹਾਣੀਆਂ ਬਾਰੇ ਜਾਨਣਾ ਚਾਹੋਗੇ ।

ਤਿੰਨ ਕਹਾਣੀਆਂ ਜੋ ਸਰਕਾਰੀ ਪੱਤ੍ਰਕਾ ਵਲੋਂ ਮੁੜ ਆਈਆਂ ਹਨ, ਉਹਨਾਂ 'ਚੋਂ ਇਕ ਕਹਾਣੀ ਮੈਂ ਆਪਣੇ ਪਿੰਡ ਦੇ ਸੰਤਾ ਸਿੰਘ ਕਿਸਾਨ ਬਾਰੇ ਲਿਖੀ ਸੀ, ਜਿਸ ਦੇ ਚਿਹਰੇ 'ਤੇ ਜ਼ਿੰਦਗੀ ਭਰ ਖੇਤਾਂ ਦੀ ਔੜ ਰਹੀ ਸੀ । ਉਹ ਪਿਛਲੇ ਵਰ੍ਹੇ ਮਰ ਗਿਆ ਸੀ । ਉਸ ਦੀ ਕਿਸਮਤ ਉਸ ਦੀ ਕੱਲਰ ਮਾਰੀ ਭੋਂ ਦੇ ਉਸ ਛੋਟੇ ਜਿਹੇ ਖੱਤੇ ਨਾਲ ਜੁੜੀ ਹੋਈ ਸੀ, ਜਿਸ ਵਿਚ ਉਹ ਫਸਲ ਬੀਜਦਾ ਸੀ, ਜੋ ਉਸ ਦੇ ਲਹੂ ਮੁੜ੍ਹਕੇ ਨੂੰ ਪੀ ਕੇ ਵਧਣ ਫੁਲਣ ਲਗਦੀ ਸੀ, ਤੇ ਫੇਰ ਜਾਂ ਕਦੇ ਮੀਂਹ ਨਹੀਂ ਸੀ ਵਰ੍ਹਦਾ ਤੇ ਉਹ ਸੁੱਕ ਜਾਂਦੀ ਸੀ,ਜਾਂ ਕਦੇ ਏਨਾ ਮੀਂਹ ਵਰ੍ਹਦਾ ਸੀ ਕਿ ਉਹ ਤਬਾਹ ਹੋ ਜਾਂਦੀ ਸੀ । ਮਨੁੱਖ ਤੇ ਕੁਦਰਤ ਦੀ ਇਹ ਸਦੀਆਂ ਪੁਰਾਣੀ ਜਦੋਜਹਿਦ ਹਾਲੀ ਵੀ ਮੁੱਕੀ ਨਹੀਂ ਸੀ, ਤੇ ਮਨੁੱਖ ਹਾਲੀ ਵੀ ਲਾਚਾਰ ਬਣਿਆ ਹੋਇਆ ਮਾਰ ਖਾ ਰਿਹਾ ਸੀ ਤੇ ਸੰਤਾ ਸਿੰਘ ਵਰ੍ਹਿਆਂ ਦੀ ਮਿਹਨਤ ਤੇ ਭੁੱਖਾਂ ਤੇ ਗ਼ਮਾਂ ਦੇ ਭਾਰ ਥਲੇ ਦਬਿਆ ਆਪਣੀ ਨਿਵੀਂ ਹੋਈ ਕਮਰ ਸਦਕਾ ਸਰਕਾਰ ਸਾਹਮਣੇ ਇਕ ਸਵਾਲੀਆ ਨਿਸ਼ਾਨ ਬਣਿਆ ਹੋਇਆ ਸੀ।........... ਦੂਜੀ ਕਹਾਣੀ ਮੇਰੇ ਉਸ ਮਿੱਤਰ ਬਾਰੇ ਸੀ, ਜੋ ਕਲਰਕ ਹੈ ਤੇ ਬੇਕਾਰ ਹੈ। ਬੇਕਾਰੀ ਵਿਚ ਉਹ ਭਟਕਦਾ ਹੈ, ਭਟਕਦਾ ਹੈ। ਸਾਹਮਣੇ ਬਸ ਇਕ ਆਤਮ ਹੱਤਿਆ ਹੀ ਦਿਖਦੀ ਹੈ । ਅਖੀਰ ਇਕ ਬੈਂਕ ਵਿਚ ਹੜਤਾਲ ਹੋਣ ਤੇ ਉਸ ਨੂੰ ਉਥੇ ਨੌਕਰੀ ਮਿਲਦੀ ਹੈ, ਪਰ ਉਹ ਮਨਜ਼ੂਰ ਨਹੀਂ ਕਰਦਾ, ਕਿਉਂਕਿ ਉਥੇ ਪਹੁੰਚਣ ਲਈ ਰਾਹ ਵਿਚ ਉਸ ਨੂੰ ਆਪਣੇ ਵਰਗੇ ਕਿਸੇ ਕਲਰਕ ਦੇ ਢਿੱਡ ਤੇ ਪੈਰ ਰਖ ਕੇ ਜਾਣਾ ਪੈਂਦਾ ਹੈ।.........ਤੀਜੀ ਕਹਾਣੀ ਉਸ ਤੀਵੀਂ ਬਾਰੇ ਸੀ, ਜੋ ਮੇਰੀ ਪਤਨੀ ਵੀ ਹੈ, ਮੇਰੀ ਪ੍ਰੇਮਕਾ ਵੀ, ਮੇਰੀ ਮਾਂ ਵੀ, ਤੇ ਸੜਕਾਂ 'ਤੇ ਘੁੰਮਣ ਵਾਲੀ ਉਹ ਵੇਸਵਾ ਵੀ, ਜੋ ਬੜਾ ਚਿਰ ਹੋਇਆ ਮੈਨੂੰ ਮਿਲੀ ਸੀ, ਤੇ ਮੈਨੂੰ ਫਸਾ ਨਹੀਂ ਸੀ ਸਕੀ ਕਿਉਂਕਿ ਮੇਰੀ ਜੇਬ ਖਾਲੀ ਸੀ।

ਇਹ ਤਿੰਨੋਂ ਕਹਾਣੀਆਂ ਮੁੜ ਆਈਆਂ ਹਨ, ਇਸ ਲਈ ਨਹੀਂ ਕਿ ਕਲਾਤਮਕ ਨੁਕਤੇ ਤੋਂ ਇਹ ਭੈੜੀਆਂ ਕਹਾਣੀਆਂ ਹਨ, ਸਗੋਂ ਇਸ ਲਈ ਕਿ ਇਹ ਉਸ ਸਰਕਾਰੀ ਪੱਤ੍ਰਕਾ ਦੀ ਪਾਲਸੀ ਨਾਲ ਮੇਲ ਨਹੀਂ ਖਾਂਦੀਆਂ । ਪੱਤ੍ਰਕਾ ਦੇ ਸੰਪਾਦਕ ਨੇ, ਜੋ ਮੈਨੂੰ ਜਾਣਦਾ ਹੈ ਤੇ ਮੇਰੀ ਕਦਰ ਕਰਦਾ ਹੈ, ਖਾਸ ਤੌਰ 'ਤੇ ਅਫਸੋਸ ਜ਼ਾਹਿਰ ਕਰਦਿਆਂ ਕਹਾਣੀਆਂ ਮੋੜੀਆਂ ਹਨ, ਤੇ ਉਚੇਚੀ ਖਾਹਿਸ਼ ਜ਼ਾਹਿਰ ਕੀਤੀ ਹੈ ਕਿ ਸਰਕਾਰ ਦੀ ਪਾਲਸੀ ਅਨੁਸਾਰ ਕੋਈ ਕਹਾਣੀ ਲਿਖਾਂ ਤਾਂ ਉਹ ਛਾਪ ਕੇ ਖੁਸ਼ ਹੋਵੇਗਾ ।

ਮੈਨੂੰ ਨਹੀਂ ਸਮਝ ਆ ਰਹੀ ਕਿ ਸਰਕਾਰ ਦੀ ਪਾਲਸੀ ਕੀ ਹੈ। ਆਖਿਰ ਇਹ ਤਾਂ ਅਸੰਭਵ ਹੈ ਕਿ ਮੈਂ ਸਰਕਾਰ ਦੀ ਕਿਸੇ ਯੋਜਨਾ 'ਤੇ ਕਹਾਣੀ ਲਿਖਾਂ, ਜੋ ਕਈਆਂ ਵਰ੍ਹਿਆਂ ਤੋਂ ਹਾਲੀ ਕਾਗਜ਼ਾਂ 'ਤੇ ਹੀ ਸੁੱਤੀ ਪਈ ਹੈ।

ਪਰ ਇਸ ਪੱਤ੍ਰਕਾ ਵਿਚ ਉਸ ਲੇਖਕ ਦੀਆਂ ਵੀ ਤਾਂ ਕਹਾਣੀਆਂ ਛਪਦੀਆਂ ਹਨ, ਜੋ ਮਾਨਸਿਕ ਰੋਗੀਆਂ ਦੀਆਂ ਕਹਾਣੀਆਂ ਲਿਖਦਾ ਹੈ। ਬਸ ਕਿਸੇ ਬੀਮਾਰ ਮਨ ਦੀ ਗੰਢ ਫੜ ਕੇ ਖੋਹਲ ਦਿੰਦਾ ਹੈ ਤੇ ਕਹਾਣੀ ਬਣ ਜਾਂਦੀ ਹੈ। ਤੇ ਉਹ ਕਹਾਣੀ ਸਰਕਾਰ ਦੀ ਪੰਜ ਸਾਲਾ ਯੋਜਨਾ ਨੂੰ ਪੂਰਾ ਕਰਨ ਵਿਚ ਸ਼ਾਇਦ ਮਦਦ ਦਿੰਦੀ ਹੈ।..... ਇਸ ਪੱਤ੍ਰਕਾ ਵਿਚ ਉਸ ਲੇਖਕ ਦੀਆਂ ਵੀ ਤਾਂ ਕਹਾਣੀਆਂ ਛਪਦੀਆਂ ਹਨ, ਜੋ ਇਕ ਵੱਡੇ ਸਰਕਾਰੀ ਅਹੁਦੇ 'ਤੇ ਲੱਗਾ ਹੋਇਆ ਹੈ। ਭਲਾ ਉਸ ਦੀਆਂ ਏਨੀਆਂ ਰੁੱਖੀਆਂ ਕਹਾਣੀਆਂ ਕੌਣ ਪੜ੍ਹਦਾ ਹੋਵੇਗਾ ? ਉਹਨਾਂ ਦੀ ਥਾਂ ਸਰਕਾਰ ਦੀ ਪੰਜ ਸਾਲਾ ਯੋਜਨਾ 'ਤੇ ਸਿੱਧਾ ਲੇਖ ਹੀ ਕਿਉਂ ਨਹੀਂ ਲਿਖ ਦਿੰਦਾ ?......ਤੇ ਇਸ ਪੱਤ੍ਰਕਾ ਵਿਚ ਉਸ ਲੇਖਕ ਦੀਆਂ ਵੀ ਤਾਂ ਕਹਾਣੀਆਂ ਛਪਦੀਆਂ ਹਨ ਜੋ.........

ਵੇਖਿਆ, ਮੇਰੇ ਅੰਦਰ ਕਿਹੋ ਜਹੀ ਕੁੜਿੱਤਣ ਹੈ ਕਿ ਮੈਂ ਦੂਜੇ ਲੇਖਕਾਂ ਨੂੰ ਗਾਲ੍ਹਾਂ ਕੱਢਣ ਲਗ ਪਿਆ ਹਾਂ। ਉਂਝ ਜੇ ਮੈਂ ਇਹ ਕੁੜਿੱਤਣ ਏਥੇ ਨਾ ਕੱਢਾਂ ਤਾਂ ਫੇਰ ਆਪਣੀ ਪਤਨੀ 'ਤੇ ਕੱਢਾਂਗਾ, ਆਪਣੀ ਮਾਂ ਜਾਂ ਬੱਚੇ 'ਤੇ ਕੱਢਾਂਗਾ, ਜਾਂ ਫੇਰ ਆਪਣੇ ਆਪ ਤੇ ਕੱਢਾਂਗਾ।

ਹੁਣ ਇਹ ਪੰਜੇ ਕਹਾਣੀਆਂ ਦੂਜੀਆਂ ਪੱਤ੍ਰਕਾਵਾਂ ਵਿਚ ਪ੍ਰਕਾਸ਼ਤ ਹੋਣਗੀਆਂ। ਮੈਨੂੰ ਮਜ਼ਬੂਰ ਹੋਕੇ ਦੂਜੀਆਂ ਪੱਤ੍ਰਕਾਵਾਂ ਨੂੰ ਭੇਜਣੀਆਂ ਪੈਣਗੀਆਂ, ਜਿਨ੍ਹਾਂ ਵਲੋਂ ਕਿ ਇਕ ਵੀ ਪੈਸਾ ਨਹੀਂ ਮਿਲਣਾ। ਸੋ ਤੁਸੀਂ ਖੁਦ ਹੀ ਦਸੋ ਕਿ ਮੇਰੀਆਂ ਅੱਖਾਂ ਵਿਚ ਇਹ ਜੋ ਉਦਾਸੀ ਹੈ, ਤੇ ਮੇਰੀ ਪਤਨੀ ਦੇ ਬੁੱਲ੍ਹਾਂ 'ਤੇ ਇਹ ਜੋ ਉਦਾਸੀ ਹੈ, ਤੇ ਮੇਰੀ ਮਾਂ ਦੀ ਹਨੇਰੀ ਜ਼ਿੰਦਗੀ ਵਿਚ ਇਹ ਜੋ ਉਦਾਸੀ ਹੈ, ਮੈਂ ਉਸ ਨੂੰ ਕਿਥੋਂ ਤਕ ਸਹਾਰ ਸਕਦਾ ਹਾਂ।

ਮੇਰੀਆਂ ਦੋ ਕਹਾਣੀਆਂ ਜੋ ਦੂਜੀ ਪੱਤ੍ਰਕਾ ਵਲੋਂ ਮੁੜ ਆਈਆਂ ਹਨ, ਉਹਨਾਂ 'ਚੋਂ ਇਕ ਕਹਾਣੀ ਇਸ ਲਈ ਮਨਜ਼ੂਰ ਨਹੀਂ ਹੋਈ ਕਿਉਂਕਿ ਉਸ ਵਿਚ ਦੁਖਾਂਤ ਦਾ ਅੰਸ਼ ਵਧੇਰੇ ਸੀ। ਉਸ ਪੱਤ੍ਰਕਾ ਦੇ ਚੰਗੇ ਸੁਹਜ ਸਵਾਦ ਵਾਲੇ ਸਾਊ ਪਾਠਕ ਇਹੋ ਜਹੀਆਂ ਕਹਾਣੀਆਂ ਪਸੰਦ ਨਹੀਂ ਕਰਦੇ। ਉਹ ਤਾਂ ਮਨ ਪਰਚਾਵੇ ਲਈ ਪੱਤ੍ਰਕਾ ਪੜ੍ਹਦੇ ਹਨ। ਸੋ ਸੰਪਾਦਕ ਨੇ ਸੁਝਾਅ ਦਿਤਾ ਹੈ ਕਿ ਜੇ ਉਸ ਕਹਾਣੀ ਵਿਚ ਦੁਖਾਂਤ ਦਾ ਅੰਸ ਕੁਝ ਘਟਾਇਆ ਜਾ ਸਕੇ ਤਾਂ ਉਹ ਛਪ ਸਕਦੀ ਹੈ। ਦੂਜੀ ਕਹਾਣੀ ਉਸ ਨੂੰ ਇਸ ਲਈ ਪਸੰਦ ਨਹੀਂ ਆਈ ਕਿਉਂਕਿ ਉਹ ਕਹਾਣੀ ਦੀ ਤਕਨੀਕ ਦੀਆਂ ਹੱਦਾਂ ਵਿਚ ਰਹਿ ਕੇ ਨਹੀਂ ਲਿਖੀ ਗਈ। ਉਹ ਇਕ ਨਵਾਂ ਪ੍ਰਯੋਗ ਜ਼ਰੂਰ ਹੈ, ਪਰ ਉਸ ਨੂੰ ਕਹਾਣੀ ਨਹੀਂ ਕਿਹਾ ਜਾ ਸਕਦਾ। ਨਾ ਹੀ ਪਾਠਕਾਂ ਨੇ ਉਸ ਨੂੰ ਕਹਾਣੀ ਸਮਝ ਕੇ ਪਰਵਾਨ ਕਰਨਾ ਹੈ। ਯਾਨੀ ਫੇਰ ਉਹੋ ਗੱਲ ਕਿ ਉਹ ਪਾਠਕਾਂ ਦਾ ਮਨ ਪਰਚਾਵਾ ਨਹੀਂ ਕਰ ਸਕਣ ਲਗੀ।

ਕਾਸ਼, ਇਸ ਪੱਤ੍ਰਕਾ ਦਾ ਸੰਪਾਦਕ ਕਿਤੇ ਜ਼ਿੰਦਗੀ ਨੂੰ ਵੀ ਵੇਖ ਸਕੇ, ਕਹਾਣੀ-ਕਲਾ ਵਿਚ ਹੋ ਰਹੇ ਨਿੱਤ ਨਵੇਂ ਪ੍ਰਯੋਗਾਂ ਨੂੰ ਵੀ ਵੇਖ ਸਕੇ। ਅਸਲ ਵਿਚ ਉਸ ਦੀਆਂ ਅੱਖਾਂ ਤਾਂ ਪੱਥਰ ਦੀਆਂ ਬਣੀਆਂ ਹੋਈਆਂ ਹਨ।

ਆਖਿਰ ਮੈਂ ਕੀ ਕਰਾਂ ?

ਹੁਣ ਇਹ ਕਹਾਣੀ ਹੀ ਲਉ, ਜੋ ਮੈਂ ਆਪਣੀਆਂ ਪੰਜਾਂ ਕਹਾਣੀਆਂ ਬਾਰੇ ਲਿਖੀ ਹੈ। ਇਹ ਕਹਾਣੀ ਵੀ ਉਹਨਾਂ ਦੋਵਾਂ ਪੱਤ੍ਰਕਾਵਾਂ ਵਿਚ ਛਪ ਨਹੀਂ ਸਕਣ ਲਗੀ। ਪਰ ਇਹ

ਕਹਾਣੀ ਤਾਂ ਮੈਂ ਤੁਹਾਡੇ ਲਈ ਲਿਖੀ ਹੈ—ਤੁਸੀਂ ਜੋ ਮੇਰੀਆਂ ਕਹਾਣੀਆਂ ਦੇ ਪਾਠਕ ਹੋ, ਮੇਰੇ ਵਾਂਗ ਹੀ ਆਪਣੀ ਜ਼ਿੰਦਗੀ ਦੇ ਉਦਾਸ ਬੱਲ੍ਹਾਂ 'ਚੋਂ ਕੁਝਿਤਣ ਥੁਕਦੇ ਹੋ, ਮੇਰੇ ਵਾਂਗ ਹੀ ਬੇਕਾਰੀਆਂ ਕੱਟਕੇ ਮਮੂਲੀ ਨੌਕਰੀਆਂ 'ਤੇ ਲਗੇ ਹੋਏ ਹੋ। ਮੇਰੇ ਵਾਂਗ ਹੀ ਬੱਚੇ ਦੇ ਖਿਡੌਣੇ, ਮਾਂ ਦੇ ਬੁਢਾਪੇ ਦੀ ਮੁਸਕਰਾਹਟ, ਪਤਨੀ ਦੇ ਕੰਨਾਂ ਦੇ ਝੁਮਕੇ ਤੁਹਾਡੀ ਲਈ ਇਕ ਮ੍ਰਿਗਤ੍ਰਿਸ਼ਣਾ ਬਣੇ ਹੋਏ ਹਨ......। ਹਾਂ, ਇਹ ਕਹਾਣੀ ਮੈਂ ਤੁਹਾਡੇ ਲਈ ਲਿਖੀ ਹੈ। ਇਸ ਕਹਾਣੀ ਦਾ ਮੈਨੂੰ, ਇਸ ਪੱਤ੍ਰਕਾ ਵਲੋਂ, ਜਿਸ ਵਿਚ ਇਹ ਪ੍ਰਕਾਸ਼ਤ ਹੋ ਰਹੀ ਹੈ, ਕੁਝ ਨਹੀਂ ਮਿਲਣਾ, ਤੇ ਮੈਂ ਤੁਹਾਡੇ ਕੋਲੋਂ ਵੀ ਕੁਝ ਨਹੀਂ ਮੰਗਦਾ, ਕਿਉਂਕਿ ਮੈਂ ਜਾਣਦਾ ਹਾਂ ਕਿ ਤੁਹਾਡੇ 'ਚੋਂ ਬਹੁਤੇ ਬੰਦੇ ਅਜਿਹੇ ਹਨ, ਜਿਨ੍ਹਾਂ ਵਿਚ ਪੱਤ੍ਰਕਾ ਖਰੀਦਣ ਦੀ ਵੀ ਸਮਰੱਥਾ ਨਹੀਂ ਹੈ, ਤੇ ਉਹ ਕਿਸੇ ਤੋਂ ਮੰਗ ਕੇ ਹੀ ਪੱਤ੍ਰਕਾ ਪੜ੍ਹਦੇ ਹਨ। ਬਸ ਮੈਂ ਤੁਹਾਥੋਂ ਇਕ ਚੀਜ਼ ਚਾਹੁੰਦਾ ਹਾਂ ਕਿ ਸਮਾਂ ਕਢ ਕੇ ਉਹਨਾਂ ਦੋਵਾਂ ਪੱਤ੍ਰਕਾਵਾਂ ਨੂੰ ਲਿਖਣਾ—ਸਰਕਾਰੀ ਪੱਤ੍ਰਕਾ ਨੂੰ, ਕਿ ਉਸ ਵਿਚ ਜੋ ਸਰਕਾਰ ਦੀ ਪਾਲਸੀ ਨਾਲ ਮੇਲ ਖਾਣ ਵਾਲੀਆਂ ਕਹਾਣੀਆਂ ਛਪਦੀਆਂ ਹਨ, ਉਹ ਤੁਹਾਡੀ ਜ਼ਿੰਦਗੀ ਨਾਲ ਮੇਲ ਨਹੀਂ ਖਾਂਦੀਆਂ; ਤੇ ਦੂਜੀ ਪੱਤ੍ਰਕਾ ਨੂੰ ਕਿ ਉਸ ਵਿਚ ਜੋ ਕਹਾਣੀਆਂ ਮਨ ਪਰਚਾਵੇ ਲਈ ਛਪਾਈਆਂ ਜਾਂਦੀਆਂ ਹਨ, ਉਹ ਅਸਲ ਵਿਚ ਆਮ ਲੋਕਾਂ ਦੀ ਜ਼ਿੰਦਗੀ ਦੇ ਬੁੱਲ੍ਹਾਂ ਨਾਲ ਲਾਇਆ ਜਾ ਰਿਹਾ ਜ਼ਹਿਰ ਦਾ ਜਾਮ ਹੈ, ਜਿਸ ਦਾ ਸਵਾਦ ਭਾਵੇਂ ਮਿੱਠੇ ਸ਼ਰਬਤ ਵਰਗਾ ਹੈ।

★

## ਸੁਖਬੀਰ

ਦੀਆਂ ਲਿਖਤਾਂ

**ਕਵਿਤਾ** : ਨੈਣ ਨਕਸ਼
ਪੈੜਾਂ

**ਨਾਵਲ** : ਪਾਣੀ ਤੇ ਪੁਲ
ਰਾਤ ਦਾ ਚਿਹਰਾ

**ਕਹਾਣੀ** : ਡੁਬਦਾ ਚੜ੍ਹਦਾ ਸੂਰਜ

## ਜਸਵੰਤ ਸਿੰਘ ਵਿਰਦੀ

# ਤਾਰੇ ਤੋੜਨਾ

ਰਾਤਾਂ ਅਕਸਰ ਕਾਲੀਆਂ ਹੁੰਦੀਆਂ ਸਨ ਤੇ ਵਾਤਾਵਰਣ ਸਾਜ਼ਸ਼ ਭਰਿਆ। ਇਹਨਾਂ ਕਾਲੀਆਂ ਸ਼ਾਹ ਰਾਤਾਂ ਨੂੰ ਮੇਰੀਆਂ ਅੱਖਾਂ ਦੀ ਚਮਕ ਤਾਰਿਆਂ ਦੀ ਰੌਸ਼ਨੀ ਨਾਲ ਟਕਰਾ ਜਾਂਦੀ। ਮੈਂ ਕਿਸੇ ਨਾਂ ਕਿਸੇ ਕਹਾਣੀ ਦੀ ਰਚਨਾ ਕਰਕੇ ਥੱਕਾ ਟੁੱਟਾ ਬਿਸਤਰੇ ਤੇ ਲੇਟਿਆ ਭਰਪੂਰ ਸਾਹ ਲੈਣ ਲਈ ਸਹਿਕ ਰਿਹਾ ਹੁੰਦਾ, ਤਾਂ ਉਹ ਮੈਨੂੰ ਆਪਣੇ ਵਲ ਬੁਲਾ ਰਹੇ ਨਜ਼ਰ ਆਉਂਦੇ। ਉਨ੍ਹਾਂ ਦੇ ਚਿਹਰਿਆਂ ਉਤੇ ਮੁਸਕਰਾਹਟ, ਰੰਗ ਗੋਰੇ ਤੇ ਸਰੀਰ ਲਿਸ਼ਕਦੇ ਸਨ। ਮੈਂ ਤਾਂ ਉਨ੍ਹਾਂਦੇ ਹਿਰਦਿਆਂ ਦੀ ਧੜਕਣ ਵੀ ਮਹਿਸੂਸ ਕਰਦਾ ਸਾਂ।

ਮੇਰਾ ਜੀ ਕਰਦਾ ਕਿ ਝਟਪਟ ਉਹਨਾਂ ਕੋਲ ਪਹੁੰਚ ਜਾਵਾਂ ਪਰ ਝਟ ਹੀ ਮੇਰੀ ਅੱਖ ਲਗ ਜਾਂਦੀ ਤੇ ਫੇਰ ਦਿਨੇ ਉਹ ਨਜ਼ਰ ਹੀ ਨਾ ਆਉਂਦੇ।

ਅਜ ਰਾਤੀਂ ਜਦੋਂ ਮੈਂ ਬਹੁਤ ਸਾਰੇ ਵਿਚਾਰਾਂ 'ਚ ਉਲਝਿਆ ਹੋਇਆ, ਪ੍ਰੇਸ਼ਾਨ ਸਾਂ ਤਾਂ ਤਾਰਿਆਂ ਨੇ ਮੇਰੀਆਂ ਅੱਖਾਂ ਨਾਲ ਆਪਣੀਆਂ ਮੁਸਕਰਾਂਦੀਆਂ ਅੱਖਾਂ ਮਿਲਾਈਆਂ। ਝੱਟ ਮੇਰੀਆਂ ਅੱਖਾਂ ਦੀ ਕਸ਼ਸ਼ ਨੇ ਉਹਨਾਂ ਨੂੰ ਆਪਣੇ ਵਲ ਖਿੱਚ ਲਿਆ। ਬਹੁਤ ਤੇਜ਼ੀ ਨਾਲ।............

ਪਲਾਂ ਵਿਚ ਹੀ ਧਰਤੀ ਤੇ ਆਕਾਸ਼ ਦੇ ਵਿਚਕਾਰ ਚਾਨਣ ਦੀ ਇਕ ਲੀਕ ਸਥਿਰ ਹੋ ਗਈ ਤੇ ਤਾਰੇ ਕਾਹਲੀ ਨਾਲ ਮੇਰੇ ਘਰ ਵਲ ਵਧਣ ਲਗੇ......। ਮੈਂ ਆਪਣੀਆਂ ਅੱਖਾਂ ਤੇ ਦਿਲ ਦੀ ਕਸ਼ਸ਼ ਨਾਲ ਤੋੜ ਲਏ ਸਨ............।

ਦੂਜੇ ਪਲ ਤਾਂ ਮੈਨੂੰ ਮਹਿਸੂਸ ਹੋਣ ਲਗਾ ਕਿਤੇ ਇਹ ਮੇਰੇ ਘਰ ਨੂੰ ਹੀ ਅਪਮਾਨ ਨਾ ਬਣਾ ਦੇਣ। ਮੇਰਾ ਘਰ ਵੈਸੇ ਤਾਂ ਕਾਫੀ ਖੁਲ੍ਹਾ ਮੋਕਲਾ ਸੀ ਪਰ ਏਨਾ ਨਹੀਂ ਕਿ ਸਾਰੇ ਤਾਰੇ ਉਸ ਵਿਚ ਸਮਾ ਸਕਦੇ।

ਸਵੇਰੇ ਜਦੋਂ ਮੈਂ ਆਪਣੀ ਬੀਵੀ ਨੂੰ ਰਾਤ ਦੀ ਸਾਰੀ ਘਟਨਾ ਦਸੀ ਤਾਂ ਉਹਨੇ ਖੁਸ਼ ਹੋਣ

ਦੀ ਬਜਾਏ, ਉਦਾਸੀ ਦੇ ਮੂਡ ਨੂੰ ਹੋਰ ਵੀ ਗਹਿਰਾਕੇ ਕਿਹਾ—"ਘਰ ਖਾਣ ਨੂੰ ਨਹੀਂ ਤੇ ਤੁਸੀਂ ਅਸਮਾਨ ਦੇ ਤਾਰੇ ਤੋੜ ਰਹੇ ਹੋ ?"

ਮੈਂ ਉਹਦੀ ਗੱਲ ਅਣਸੁਣੀ ਕਰਕੇ ਸਾਰੀ ਰਾਤ ਦੀ ਕਮਾਈ ਵਲ ਤੱਕਣ ਲਗਾ। ਮੇਰੇ ਘਰ ਦੇ ਵਿਹੜੇ ਦੇ ਕੋਨੇ 'ਚ ਬਹੁਤ ਸਾਰੇ ਚਮਕੀਲੇ ਪੱਥਰ ਧੜਕ ਰਹੇ ਸਨ। ਗੁਦਗੁਦੇ। ਲਜ਼ੀਜ਼। ਭਰਪੂਰ। ਮੰਨ ਬੜਾ ਖੁਸ਼ ਹੋਇਆ। ਮੈਂ ਬੀਵੀ ਨੂੰ ਮੋਢਿਆਂ ਤੋਂ ਫੜ ਲਿਆ ਤੇ ਆਪਣੇ ਪਿਆਰ ਦੀ ਮੋਹਰ ਉਹਦੇ ਬੁਲ੍ਹਾਂ ਤੇ ਲਾਕੇ ਬੜੇ ਸਨੇਹ ਨਾਲ ਕਿਹਾ—"ਤੂੰ ਫਿਕਰ ਨਾ ਕਰ। ਫਾਕਾ ਮਸਤੀ ਦਾ ਸਮਾਂ ਹੁਣ ਲਦ ਗਿਆ। ਮੈਂ ਹੁਣੇ ਹੀ ਤੁਹਾਡੀ ਰੋਟੀ ਦਾ ਪਰਬੰਧ ਕਰਦਾ ਹਾਂ।"

ਉਹਨੇ ਆਪਣੀ ਦੇਹੀ ਨੂੰ ਮੇਰੀ ਗੋਦ ਵਿਚ ਸਮਰਪਿਤ ਕਰ ਦਿਤਾ ਤੇ ਚਮਕਦੀਆਂ ਅੱਖਾਂ ਨਾਲ ਪੁਛਿਆ—"ਕਿਵੇਂ ?"

"ਸਮਾਂ ਦੱਸੇਗਾ।"

ਮੈਂ ਉਹਦੀ ਦੇਹੀ ਨੂੰ ਮੰਜੇ ਦੇ ਹਵਾਲੇ ਕਰ ਦਿਤਾ ਤੇ ਕਾਹਲੀ ਨਾਲ ਉਹ ਚਮਕੀਲੇ ਪੱਥਰ ਚੁਕਕੇ ਬਾਹਰ ਨਿਕਲ ਗਿਆ।......ਉਨ੍ਹਾਂ ਚਮਕੀਲੇ ਪੱਥਰਾਂ 'ਚੋਂ ਇਕ ਨੇ ਸਵਾਲ ਕੀਤਾ —"ਸਾਨੂੰ ਕਿਥੇ ਲੈ ਚਲੇ ਹੋ ?"

"ਬਾਣੀਏਂ ਕੋਲ।"

"ਕਿਉਂ ?"

"ਤਾਂ ਕਿ ਰੋਟੀ ਦਾ ਪਰਬੰਧ ਕਰ ਸਕਾਂ"

"ਰੋਟੀ ਖਾਤਰ ਹੀ ਅਸਮਾਨ ਦੇ ਤਾਰੇ ਤੋੜਦੇ ਸਉ ?"

"ਨਹੀਂ !"

"ਫੇਰ ?"

"ਰੋਟੀ ਤੋਂ ਬਗੈਰ ਅਸਮਾਨ ਦੇ ਤਾਰੇ ਵੀ ਨਹੀਂ ਤੋੜੇ ਜਾ ਸਕਦੇ...।"

ਹਵਾ ਵਿਚ ਮਹਿਕ ਸੀ ਤੇ ਸੁਰੀਲੀ ਸ਼ੂਕਰ।

ਹੁਣ ਤਕ ਬਾਣੀਏਂ ਦੀ ਦੁਕਾਨ ਆ ਚੁਕੀ ਸੀ। ਮੈਂ ਚਮਕਦੀਆਂ ਅੱਖਾਂ ਤੇ ਧੜਕਦੇ ਹਿਰਦੇ ਨਾਲ ਉਹਨੂੰ ਘਰ ਦੀਆਂ ਬਹੁਤ ਸਾਰੀਆਂ ਜ਼ਰੂਰੀ ਚੀਜ਼ਾਂ ਤੋਲ ਦੇਣ ਲਈ ਕਿਹਾ। ਪਰ ਉਹਨੇ ਤਕੜੀ ਫੜਨ ਦੀ ਬਜਾਏ ਬਹੀਖਾਤਾ ਕੱਢ ਲਿਆ ਤੇ ਲਗਾ ਮੇਰਾ ਹਿਸਾਬ ਕਰਨ। ਮੈਂ ਕਿਹਾ –"ਲਾਲਾ ਜੀ ! ਹੁਣ ਮੇਰੇ ਦਿਨ ਫਿਰ ਗਏ ਨੇ। ਅਜ ਮੈਂ ਤੁਹਾਡਾ ਸਾਰਾ ਕਰਜ਼ਾ ਅਦਾ ਕਰ ਦਿਆਂਗਾ। ਤੁਸੀਂ ਪਹਿਲਾਂ ਮੈਨੂੰ ਜ਼ਰੂਰੀ–ਜ਼ਰੂਰੀ ਚੀਜ਼ਾਂ ਦੇ ਦਿਉ ਤਾਂ ਕਿ ਮੇਰੇ ਘਰ ਚਲ੍ਹਾ ਜਲ ਸਕੇ..."

ਉਹਨੇ ਖੁਸ਼ੀ ਤੇ ਹੈਰਾਨੀ ਨਾਲ ਮੇਰੀਆਂ ਖਾਲੀ ਜੇਬਾਂ ਵਲ ਤਕ੍ਰਿਆ ਤੇ ਨਜ਼ਰ ਨਾਲ ਹੀ ਪੈਸੇ ਕਢਣ ਦੀ ਕੋਸ਼ਸ਼ ਕੀਤੀ ਪਰ ਜੇਬਾਂ ਤਾਂ ਫਟੀਆਂ ਹੋਈਆਂ ਸਨ ਤੇ ਉਹਦੀ ਨਜ਼ਰ ਹਰ ਵਾਰ ਹੀ ਹੇਠਾਂ ਡਿਗ ਪੈਂਦੀ। ਅਖੀਰ ਪਰੇਸ਼ਾਨ ਹੋਕੇ ਉਹਨੇ ਕਿਹਾ—"ਕੀ ਤੁਹਾਡੀ ਕੋਈ ਲਾਟਰੀ

ਨਿਕਲ ਆਈ ਹੈ ?"

"ਨਹੀਂ !"

"ਕਿਸੇ ਨਾਵਲ ਨੂੰ ਵੱਡਾ ਇਨਾਮ ਮਿਲ ਗਿਆ ਹੈ ?"

"ਬਿਲਕੁਲ ਨਹੀਂ !"

"ਫੇਰ ਤੁਸੀਂ ਮੇਰਾ ਕਰਜ਼ਾ ਕਿਵੇਂ ਦਿਉਗੇ ?"

ਮੈਂ ਬਿਨਾ ਬੋਲਿਆਂ ਹੀ, ਉਹ ਚਮਕੀਲੇ ਪੱਥਰ ਉਹਦੇ ਵਲ ਵਧਾ ਦਿਤੇ। ਜ਼ਿੰਦਗੀ ਨਾਲ ਭਰਪੂਰ। ਧੜਕਦੇ। ਫੜਕਦੇ।......ਮੇਰਾ ਖਿਆਲ ਸੀ ਕਿ ਇਹਨਾਂ ਸਿਤਾਰਿਆਂ ਨੂੰ ਵੇਖਕੇ ਉਹ ਖੁਸ਼ ਹੋ ਜਾਵੇਗਾ। ਉਹਨੇ ਕਿਹਾ—"ਇਹ ਕੀ ਹੈ ?"

ਮੈਂ ਕਿਹਾ—ਪਛਾਣੋ !"

ਉਹਨੇ ਝਟ ਐਨਕ ਲਾਕੇ ਤਕਿਆ। ਫੇਰ ਐਨਕ ਲਾਹਕੇ ਵੇਖਿਆ ਤੇ ਫੇਰ ਚੁਪ ਕਰ ਗਿਆ............। ਪਰ ਪਲ ਭਰ ਬਾਦ ਬੋਲਿਆ—"ਮੇਰੇ ਕੋਲ ਅਗੇ ਹੀ ਬੜੇ ਪੱਥਰ ਪਏ ਨੇ। ਹੁਣ ਸਰਕਾਰ ਪੱਥਰ ਦੇ ਵੱਟੇ ਨਹੀਂ ਵਰਤਣ ਦੇਂਦੀ। ਮੈਂ ਇਹਨਾਂ ਨੂੰ ਕੀ ਕਰਾਂਗਾ।

ਮੈਂ ਕਿਹਾ—"ਲਾਲਾ ਜੀ ! ਇਹ ਪੱਥਰ ਨਹੀਂ, ਅਸਮਾਨ ਦੇ ਤਾਰੇ ਨੇ। ਸੁਚੇ ਤੇ ਸੱਚੇ। ਅਸਲੀ।"

"ਅਸਮਾਨ ਦੇ ਤਾਰੇ ?" ਉਹਨੇ ਫੇਰ ਐਨਕ ਲਾਕੇ ਵੇਖਿਆ ਤੇ ਫੇਰ ਐਨਕ ਲਾਹਕੇ। ਇਕ ਪਲ ਉਹਦਾ ਚਿਹਰਾ ਸਫਾਚਟ ਲਗਦਾ ਤੇ ਦੂਜੇ ਪਲ ਪਰੇਸ਼ਾਨ।

ਮੈਂ ਫੇਰ ਕਿਹਾ—"ਸਾਰੀ ਰਾਤ ਅਸਮਾਨ ਦੇ ਤਾਰੇ ਤੋੜਦਾ ਰਿਹਾ ਹਾਂ...ਜ਼ਰਾ ਹਥ ਲਾ ਕੇ ਤਕੋ !"

ਉਹਨੇ ਹੈਰਾਨੀ ਨਾਲ ਹੱਥ ਲਾ ਕੇ ਤਕਿਆ ਤੇ ਫੇਰ ਸਹਿਮੀ ਹੋਈ ਆਵਾਜ਼ 'ਚ ਬੋਲਿਆ—

"ਇਹਨਾਂ 'ਚ ਬੜੀ ਚਮਕ ਹੈ ਪਰ ਇਹ ਅਸਮਾਨ ਦੇ ਤਰੇ ਨਹੀਂ ਹੋ ਸਕਦੇ......"

"ਤੁਸੀਂ ਤੱਕੋ ! ਇਹ ਜ਼ਿੰਦਗੀ ਨਾਲ ਭਰਪੂਰ ਨੇ। ਸਾਹ ਲੈਂਦੇ ਨੇ......"

ਉਹਨੇ ਫੇਰ ਸਹਿਮਦਿਆਂ ਸਹਿਮਦਿਆਂ ਉਹਨਾਂ ਨੂੰ ਪਲੋਸਿਆ ਪਰ ਸ਼ਾਇਦ ਕੁਝ ਵੀ ਮਹਿਸੂਸ ਨਾ ਕਰ ਸਕਿਆ।

ਮੈ ਫੇਰ ਕਿਹਾ—"ਮੈਂ ਚਾਹੁਨਾ ਤੁਸੀਂ ਇਹਨਾਂ ਦਾ ਮੁਲ ਪਾਕੇ ਦੁਕਾਨ ਤੇ ਰਖ ਲਉ"

"ਇਹ ਪੱਥਰ ਮੇਰੇ ਕੰਮ ਨਹੀਂ ਆ ਸਕਦੇ। ਤੁਸੀਂ ਅੱਜ ਕਿਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹੋ ?"

"ਮੈਂ ਬਿਲਕੁਲ ਠੀਕ ਠਾਕ ਹਾਂ" ਅਤੇ ਮੈਂ ਮੁਸਕਰਾ ਕੇ ਉਹਨੂੰ ਆਪਣੇ ਠੀਕ ਹੋਣ ਦਾ ਸਬੂਤ ਦਿਤਾ।

"ਨਹੀਂ, ਤੁਸੀਂ ਮੈਨੂੰ ਬੇਵਕੂਫ ਬਣਾ ਰਹੇ ਹੋ।" ਉਹ ਵੀ ਮੁਸਕਰਾਇਆ। ਦੋ ਗਰਾਮ ਮੁਸਕਣੀ।

'ਕਿਵੇਂ ?" ਮੈਂ ਪੁਛਿਆ।

"ਕੋਈ ਬੰਦਾ ਅਸਮਾਨ ਦੇ ਤਾਰੇ ਨਹੀਂ ਤੋੜ ਸਕਦਾ !"

"ਇਹ ਤੁਸੀਂ ਕਿਵੇਂ ਕਹਿ ਸਕਦੇ ਹੋ ?"

"ਜੇਕਰ ਬੰਦੇ ਅਸਮਾਨ ਦੇ ਤਾਰੇ ਤੋੜ ਸਕਦੇ ਤਾਂ ਅਜ ਅਸਮਾਨ ਕਾਲਾ ਸ਼ਾਹ ਹੁੰਦਾ ਤੇ ਧਰਤੀ ਲਿਸ਼ਕਦੀ......"

"ਖੈਰ ਤੁਸੀਂ ਇਹਨਾਂ ਗੱਲਾਂ ਨੂੰ ਛਡੋ ਤੇ ਇਹਨਾਂ ਦਾ ਮੁੱਲ ਪਾਉ......"

"ਮੈਂ ਇਹਨਾਂ ਦਾ ਇਕ ਪੈਸਾ ਵੀ ਨਹੀਂ ਦੇ ਸਕਦਾ ਤੇ ਨਾ ਹੀ ਤੁਹਾਨੂੰ ਹੋਰ ਸੌਦਾ" ਅਤੇ ਉਹਨੇ ਮੈਨੂੰ ਇਉਂ ਤਕਿਆ ਜਿਵੇਂ ਹੁਣੇ ਹੀ ਭਸਮ ਕਰ ਦੇਵੇਗਾ।

ਹੁਣ ਤਕ ਉਹਦੀ ਦੁਕਾਨ ਤੇ ਬਹੁਤ ਸਾਰੇ ਗਾਹਕ ਇਕੱਠੇ ਹੋ ਗਏ ਸਨ। ਉਹ ਸੌਦਾ ਲੈਣਾ ਭੁਲਕੇ ਪੁਛਣ ਲਗੇ — "ਲਾਲਾ ਜੀ ਕਿਸ ਚੀਜ਼ ਦਾ ਮੁੱਲ ਪਾ ਰਹੇ ਹੋ ?"

ਲਾਲਾ ਜੀ ਨੇ ਤਕੜੀ ਦੀ ਡੰਡੀ ਮਾਰਦਿਆਂ ਕਿਹਾ—"ਇਹਨਾਂ ਨੇ ਐਹ ਆਸਮਾਨ ਦੇ ਤਾਰੇ ਤੋੜੇ ਨੇ ਤੇ ਵੇਚਣ ਆਏ ਨੇ......"

"ਆਸਮਾਨ ਦੇ ਤਾਰੇ ਤੋੜੇ ਨੇ ?

"ਹੈਂ ! ਆਸਮਾਨ ਦੇ ਤਾਰੇ ਤੋੜੇ ਨੇ ?......ਕਿਨ੍ਹੇ ਤੋੜੇ ਆ ਬਈ ਆਸਮਾਨ ਦੇ ਤਾਰੇ ?"

ਲਾਲਾ ਜੀ ਪਹਿਲਾਂ ਮੇਰੇ ਵਲ ਇਸ਼ਾਰਾ ਕਰਦੇ ਤੇ ਫੇਰ ਤਾਰਿਆਂ ਵਲ। ਹਰ ਆਦਮੀ ਪਹਿਲਾਂ ਮੈਨੂੰ ਤਕਦਾ ਤੇ ਫੇਰ ਤਾਰਿਆਂ ਨੂੰ।......ਆਸਮਾਨ ਦੇ ਤਾਰੇ ਪਹਿਲਾਂ ਵਾਂਗ ਹੀ ਲਿਸ਼ਕਦੇ, ਮੁਸਕਰਾਂਦੇ, ਮੇਰੇ ਕਦਮਾਂ ਵਿਚ ਪਏ ਸਨ। ਇਹ ਮੇਰੀ ਸਦੀਆਂ ਦੀ ਮਿਹਨਤ ਦਾ ਫਲ ਸੀ।

ਇਕ ਲੀਡਰ ਕਿਸਮ ਦਾ ਬੰਦਾ ਬੋਲਿਆ : "ਬਈ ਕਮਾਲ ਹੈ ! ਅਜ ਇਨਸਾਨ ਆਸਮਾਨ ਦੇ ਤਾਰੇ ਵੀ ਤੋੜਣ ਲਗ ਪਿਆ ਹੈ......ਕਮਾਲ ਹੈ......ਬਈ ਕਮਾਲ ਹੈ......" ਅਤੇ ਉਹ ਉਛਲਣ ਲਗਾ।

ਫੇਰ ਉਹਨੇ ਮੇਰੇ ਜ਼ਿੰਦਾਬਾਦ ਦੇ ਤਿੰਨ ਨਾਰ੍ਹੇ ਲਾਏ ਤੇ ਇਕ ਜਵਾਨੀ ਨਾਲ ਭਰਪੂਰ ਨੌਜਵਾਨ ਨੇ ਮੈਨੂੰ ਮੋਢਿਆਂ ਤੇ ਚੁੱਕ ਲਿਆ। ਦੂਸਰੇ ਲੋਕ ਵੀ ਉਹਦੇ ਪਿਛੇ ਪਿਛੇ ਚਲ ਪਏ ਤੇ ਬਾਕਾਇਦਾ ਇਕ ਜਲੂਸ ਬਣ ਗਿਆ......।

ਸਾਰੇ ਇਲਾਕੇ ਵਿਚ ਮੇਰਾ ਜਲੂਸ ਕਢਿਆ ਗਿਆ ਤੇ ਬਹੁਤ ਸਾਰੇ ਰੰਗਾਂ ਸੁਗੰਧਾਂ ਵਾਲੇ ਫੁੱਲਾਂ ਦੇ ਹਾਰ ਮੇਰੇ ਗਲ ਵਿਚ ਪਾਕੇ ਦੁਪਹਿਰ ਵੇਲੇ ਉਹ ਮੈਨੂੰ ਮੇਰੇ ਘਰ ਤਕ ਛਡ ਗਏ। ਉਨ੍ਹਾਂ ਕੋਲ ਬਹੁਤਾ ਸਮਾਂ ਨਹੀਂ ਸੀ, ਨਹੀਂ ਤਾਂ ਸਾਰੇ ਦੇਸ਼ ਵਿਚ ਮੇਰਾ ਜਲੂਸ ਕਢਦੇ।......... ਰਾਹ ਵਿਚ ਜੇਕਰ ਕੋਈ ਆਦਮੀ ਪੁਛਦਾ ਕਿ ਜਲੂਸ ਕਿਸ ਗਲ ਦਾ ਹੈ ਤਾਂ ਲੋਕ ਕਹਿੰਦੇ— "ਇਸ ਬੰਦੇ ਨੇ ਆਸਮਾਨ ਦੇ ਤਾਰੇ ਤੋੜੇ ਨੇ।"

ਸੁਨਣ ਵਾਲਾ ਕਹਿੰਦਾ—"ਕਮਾਲ ਐ ਬਈ !"

"ਹਾਂ, ਕਮਾਲ ਹੀ ਹੈ।" ਲੋਕਾਂ ਦੀ ਆਵਾਜ਼ ਗੂੰਜਦੀ। ਵਿਹੜੇ ਵਿਚ ਪੁਜਕੇ ਉਹ ਚਮਕੀਲੇ ਪੱਥਰ ਮੈਂ ਇਕ ਕੋਣੇ ਵਿਚ ਰਖ ਦਿਤੇ ਤੇ ਸਾਰੇ ਰੰਗ ਬਿਰੰਗੇ ਹਾਰ ਲਾਹਕੇ ਆਪਣੇ ਬਚਿਆਂ ਨੂੰ ਫੜਾ ਦਿਤੇ। ਮੇਰੀ ਬੀਵੀ ਨੇ ਕਿਹਾ :

"ਤੁਸੀਂ ਤਾਂ ਰੋਟੀ ਦਾ ਸਮਾਨ ਲੈਣ ਗਏ ਸਉ !"

ਮੈਂ ਝਟ ਜਵਾਬ ਦਿਤਾ—"ਰੋਟੀ ਨਹੀਂ ਮਿਲਦੀ ਤਾਂ ਕੀ ਹੈ ?......ਕਹਿੰਦੇ ਨੇ ਫੁੱਲਾਂ ਵਿਚ ਵੀ ਕਈ ਤਰ੍ਹਾਂ ਦੇ ਵਿਟਾਮਿਨ ਹੁੰਦੇ ਨੇ.........ਰੋਟੀ ਨਹੀਂ ਤਾਂ ਫੁੱਲ ਹੀ ਖਾਉ—"

ਅਤੇ ਬੱਚੇ ਸਾਰੇ ਫੁੱਲ ਖਾ ਗਏ ਤੇ ਫੁਲਾਂ ਵਾਂਗ ਹੀ ਟਹਿਕਣ ਲਗੇ......ਫੇਰ ਝਟ ਹੀ ਮੁਰਝਾ ਗਏ।

ਇਸ ਵੇਲੇ, ਜਦੋਂ ਕਿ ਅਸੀਂ ਵਿਟਾਮਿਨ ਭਰੇ ਫੁੱਲ ਖਾ ਰਹੇ ਸਾਂ, ਕੁਝ ਲੋਕ ਮੇਰੇ ਘਰ ਵਲ ਘੂਰਦੇ ਲੰਘ ਗਏ। ਉਨ੍ਹਾਂ 'ਚੋਂ ਦੋ ਤਿੰਨ ਕਹਿ ਰਹੇ ਸਨ—"ਅਸਮਾਨ ਦੇ ਤਾਰੇ ਤੋੜਣ ਵਾਲਾ ਬੰਦਾ ਇਸ ਘਰ ਵਿਚ ਰਹਿੰਦਾ ਹੈ ....."

ਮੇਰੇ ਘਰੋਂ ਰੌਸ਼ਨੀ ਦੀਆਂ ਸ਼ੁਆਵਾਂ ਫੁੱਟ ਰਹੀਆਂ ਸਨ ਤੇ ਮਹੱਲੇ ਦੇ ਸਾਰੇ ਘਰਾਂ ਦੀ ਰੌਸ਼ਨੀ ਫੇਡ ਹੋ ਗਈ ਸੀ। ਇਸ ਰੌਸ਼ਨੀ ਨਾਲ ਸਾਰੀਆਂ ਔਰਤਾਂ ਦੇ ਸਰੀਰ ਪਾਰਦਰਸ਼ੀ ਹੋ ਗਏ ਸਨ ਤੇ ਬੰਦਿਆਂ ਦੇ ਦਿਲ-ਦਿਮਾਗ ਸਲੇਟ ਤੇ ਉਕਰੇ ਅੱਖਰਾਂ ਵਾਂਗ ਪੜ੍ਹੇ ਜਾ ਸਕਦੇ ਸਨ।

ਮੇਰੀ ਬੀਵੀ ਨੇ ਕਿਹਾ—"ਮੈਨੂੰ ਇਸ ਰੌਸ਼ਨੀ ਦੀ ਨਹੀਂ, ਰੋਟੀ ਦੀ ਲੋੜ ਹੈ।"

ਉਸ ਵੇਲੇ ਇਕ ਓਪਰੇ ਬੰਦੇ ਨੇ ਚੁੰਧਿਆਈਆਂ ਅੱਖਾਂ ਤੇ ਕੰਬਦੇ ਹੱਥਾਂ ਨਾਲ ਮੇਰੇ ਘਰ ਦੇ ਦਰਵਾਜ਼ੇ ਦਸਤਕ ਦਿਤੀ।

ਮੇਰੇ ਸਾਹਮਣੇ ਹੁੰਦਿਆਂ ਹੀ ਉਸ ਬੇਪਛਾਣ ਬੰਦੇ ਨੇ ਕਿਹਾ—"ਤੁਸੀਂ ਹੀ ਆਸਮਾਨ ਦੇ ਤਾਰੇ ਤੋੜਦੇ ਹੋ ?"

ਮੈਂ ਕਿਹਾ—"ਹਾਂ"

ਉਸ ਵੇਲੇ ਮੇਰਾ ਕੱਦ ਬਹੁਤ ਲੰਮਾ ਤੇ ਉਹਦਾ ਬੁਤ ਬਹੁਤ ਛੋਟਾ ਲਗ ਰਿਹਾ ਸੀ।

ਮੇਰੇ ਘਰ ਦੇ ਸਾਹਮਣੇ ਇਕ ਅਨੁਵਾਦਕ ਰਹਿੰਦਾ ਸੀ। ਆਪਣੀ ਖਰਖਰੀ ਦਾੜ੍ਹੀ

ਨੂੰ ਮਹਿਸੂਸ ਕਰਕੇ ਉਹਨੇ ਕਿਹਾ,—"ਇਹ ਵਿਚਾਰਾ ਕੀ ਆਸਮਾਨ ਦੇ ਤਾਰੇ ਤੋੜੇਗਾ ? ਇਹਨੂੰ ਤਾਂ ਖਾਣ ਨੂੰ ਵੀ ਨਹੀਂ ਜੁੜਦਾ ।" ਅਤੇ ਉਹ ਫੇਰ ਅਨੁਵਾਦ ਦੇ ਕੰਮ ਵਿਚ ਜੁਟ ਗਿਆ। ਜਿਵੇਂ ਉਹ ਕੋਈ ਡਾਇਲਾਗ ਪ੍ਰਾਮਪਟ ਕਰਕੇ ਖਾਮੋਸ਼ ਹੋ ਗਿਆ ਹੋਵੇ ।

ਉਸ ਓਪਰੇ ਬੰਦੇ ਨੇ ਕਿਹਾ "ਜੇਕਰ ਤੁਸੀਂ ਆਸਮਾਨ ਦੇ ਸਾਰੇ ਹੀ ਤਾਰੇ ਤੋੜ ਲਵੋਗੇ ਤਾਂ ਆਸਮਾਨ ਦੀ ਸੁੰਦਰਤਾ ਤਬਾਹ ਹੋ ਜਾਵੇਗੀ ।"

"ਧਰਤੀ ਤਾਂ ਸੁੰਦਰ ਬਣ ਜਾਵੇਗੀ !"

"ਸਾਨੂੰ ਧਰਤੀ ਸੁੰਦਰ ਨਹੀਂ, ਆਸਮਾਨ ਸੁੰਦਰ ਚਾਹੀਦਾ ਹੈ ।"

ਮੈਂ ਕੁਝ ਨਹੀਂ ਕਿਹਾ ।

ਉਹ ਫੇਰ ਬੋਲਿਆ—"ਵੈਸੇ ਵੀ ਸਾਡੀ ਦੁਨੀਆਂ ਨੂੰ ਏਨੀ ਰੋਸ਼ਨੀ ਦੀ ਲੋੜ ਨਹੀਂ ਹੈ। ਤਾਰੇ ਤੋੜਣ ਨਾਲ ਧਰਤੀ ਤੇ, ਹਨੇਰੇ ਵਿਚ ਹੋਣ ਵਾਲੇ ਸਾਰੇ ਕੰਮ ਸਮਾਪਤ ਹੋ ਜਾਣਗੇ..."

ਫੇਰ ਉਹਨੇ ਉਹਨਾਂ ਚਮਕੀਲੇ ਪੱਥਰਾਂ ਨੂੰ ਚੁਕ-ਚੁਕਕੇ ਵੇਖਣਾ ਸ਼ੁਰੂ ਕਰ ਦਿਤਾ। ਮੈਂ ਉਨ੍ਹਾਂ ਦਾ ਸਾਹ ਘੁਟ ਹੁੰਦਾ ਮਹਿਸੂਸ ਕਰ ਰਿਹਾ ਸਾਂ ਪਰ ਉਹ ਤਾਂ ਉਹਨਾਂ ਦਾ ਗਲਾ ਘੁਟਣ ਤੇ ਤੁਲਿਆ ਹੋਇਆ ਸੀ । ਮੈਂ ਖਾਸਾ ਪਰੇਸ਼ਾਨ ਹੋ ਗਿਆ ਤੇ ਖਿੱਝਕੇ ਕਿਹਾ—'ਤੁਸੀਂ ਚਾਹੁੰਦੇ ਕੀ ਹੋ ?"

ਉਹਨੇ ਸਿਰਫ ਮੁਸਕਰਾ ਕੇ ਮੇਰੇ ਹੱਥ 'ਚ ਸਮਨ ਫੜਾ ਦਿਤਾ ਤੇ ਕੋਤਵਾਲੀ ਚਲਣ ਲਈ ਕਿਹਾ ।

ਕੁਝ ਲੋਕਾਂ ਨੇ ਮੇਰੇ ਵਿਰੁੱਧ ਰਿਪੋਰਟ ਲਿਖਵਾਈ ਕਿ ਜਦੋਂ ਦਾ ਇਹ ਬੰਦਾ ਆਸਮਾਨ ਦੇ ਤਾਰੇ ਤੋੜਣ ਲਗ ਪਿਆ ਹੈ, ਉਹਨਾਂ ਦਾ ਜੀਣਾ ਮੁਸ਼ਕਲ ਹੋ ਗਿਆ ਹੈ। ਧਰਤੀ ਤੇ ਰੌਸ਼ਨੀ ਹੀ ਰੌਸ਼ਨੀ ਹੋ ਗਈ ਹੈ ਤੇ ਸਾਰੇ ਚੋਰ ਹਰਿਦਵਾਰ ਚਲੇ ਗਏ ਨੇ। ਔਰਤਾਂ ਮਰਦ ਇਕ ਦੂਸਰੇ ਦਾ ਸਪਰਸ਼ ਕਰਨ ਲਈ ਸਹਿਕ ਰਹੇ ਨੇ ਅਤੇ ਸ੍ਰਿਸ਼ਟੀ ਦਾ ਰਚਨਾ ਕਰਮ ਰੁਕ ਗਿਆ ਹੈ......। ਕੁਝ ਧਾਰਮਿਕ ਕਿਸਮ ਦੇ ਲੋਕਾਂ ਦੀ ਸ਼ਿਕਾਇਤ ਸੀ ਕਿ ਤਾਰੇ ਤਾਂ ਸਾਡੇ ਰਿਸ਼ੀਮੁਨੀ ਹਨ– ਇਹਨਾਂ ਰਿਸ਼ੀਆਂ ਮੁਨੀਆਂ ਦਾ ਜੀਵਨ ਨਸ਼ਟ ਕਰਨ ਵਾਲਾ ਬੰਦਾ ਗੁਨਾਹਗਾਰ ਹੈ.........। ......ਹੋਰ ਕਿੰਨਾ ਹੀ ਕੁਝ ।

ਮੈਂ ਜਦੋਂ ਕੋਤਵਾਲੀ ਵਲ ਜਾਣ ਲਗਾ ਤਾਂ ਮੇਰੀ ਬੀਵੀ-ਬਚੇ ਵੀ ਤਿਆਰ ਹੋ ਗਏ। ਮੈਂ ਉਹਨਾਂ ਨੂੰ ਕਿਹਾ—"ਮੈਂ ਕੋਤਵਾਲੀ ਚਲਿਆ ਹਾਂ। ਹੋਟਲ ਵਲ ਤਾਂ ਨਹੀਂ ਚਲਿਆ। ਤੁਸੀਂ ਕਿਉਂ ਖੁਸ਼ ਨਜ਼ਰ ਆ ਰਹੇ ਹੋ ?"

ਪਰ ਉਹਨਾਂ ਨੂੰ ਕੋਤਵਾਲੀ ਤੇ ਹੋਟਲ 'ਚ ਫਰਕ ਹੀ ਨਜ਼ਰ ਨਹੀਂ ਸੀ ਆਉਂਦਾ। ਕੋਤਵਾਲੀ ਤਕ ਪੁਜਦਿਆਂ ਖਾਸਾ ਲੰਮਾ ਕਾਫਲਾ ਬਣ ਗਿਆ। ਲੋਕਾਂ ਨੇ ਮੇਰੇ ਘਰ ਦੇ ਕੋਣੇ 'ਚੋਂ ਸਾਰੇ ਹੀ, ਉਹ ਚਮਕੀਲੇ ਰਿਸ਼ੀਮੁਨੀ ਚੁੱਕ ਲਏ ਤੇ ਮੇਰੇ ਪਿਛੇ ਪਿਛੇ ਤੁਰ ਪਏ ।

ਕੋਤਵਾਲੀ ਪੁਜਦਿਆਂ ਹੀ ਕੋਤਵਾਲ ਨੇ ਮੈਨੂੰ ਪਛਾਣ ਲਿਆ ਤੇ ਮੁਸਕਰਾਇਆ । ਵਿਅੰਗਾਤਮਿਕ ਮੁਸਕਣ । ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਬੋਲਿਆ—

"ਤੁਸੀਂ ਲੋਕਾਂ ਦੀ ਜ਼ਿੰਦਗੀ ਰੋਸ਼ਨ ਕਰਨੀ ਚਾਹੁੰਦੇ ਹੋ ?

ਮਰਾ "ਹਾਂ" ਵਿਚ ਸਿਰ ਝੁਕ ਗਿਆ।

"ਇਹ ਮੁਸ਼ਕਲ ਹੈ" ਉਹਦੀਆਂ ਕੰਟੀਲੀਆਂ ਮੁਛਾਂ ਨੇ ਕਿਹਾ। ਉਛਲਕੇ। ਮੈਂ ਕੁਝ ਜਵਾਬ ਨਾ ਦਿਤਾ ਪਰ ਉਹਨਾਂ ਲੋਕਾਂ 'ਚੋਂ ਇਕ ਚੰਗਿਆੜਾ ਭੜਕਿਆ।

"ਅਸੀਂ ਹਨੇਰੇ 'ਚ ਰਹਿਣਾ ਚਾਹੁੰਦੇ ਹਾਂ......ਹਾਂ......"

ਉਹਨਾਂ ਲੋਕਾਂ ਦੇ ਲੀਡਰ ਨੇ ਉਹਨਾਂ ਨੂੰ ਜੋਸ਼ ਦਵਾਕੇ ਕਿਹਾ—"ਠੀਕ ਹੈ। ਅਸੀਂ ਇਹਨੂੰ ਤਾਰੇ ਤੋੜਣ ਦੀ ਸਜ਼ਾ ਵੀ ਦੇਣੀ ਚਾਹੁੰਦੇ ਹਾਂ।"

"ਹਾਂ !!" ਭਾਂਬੜ ਫੈਲ ਗਿਆ।

"ਠੀਕ ਹੈ !" ਕੋਤਵਾਲ ਨੇ ਕਿਹਾ—"ਅਸੀਂ ਲੋਕ ਰਾਜ ਵਿਚ ਰਹਿ ਰਹੇ ਹਾਂ...। ਜਿਨ੍ਹੇ ਸਭ ਤੋਂ ਵਧ ਗੁਨਾਹ ਕੀਤੇ ਨੇ ਉਹ ਇਹਨੂੰ ਪਹਿਲਾ ਪੱਥਰ ਮਾਰੇ......"

ਕੋਤਵਾਲ ਦੀ ਇਸ ਗੱਲ ਦੇ ਨਾਲ ਹੀ ਪੱਥਰਾਂ ਦੀ ਵਰਖਾ ਸ਼ੁਰੂ ਹੋ ਗਈ।

ਸ਼ਾਮ ਦਾ ਘੁਸਮੁਸਾ ਹੋ ਗਿਆ ਸੀ ਤੇ ਤਾਰੇ ਫੇਰ ਨਿਕਲ ਆਏ ਸਨ। ਮੇਰੀਆਂ ਅੱਖਾਂ ਤਾਰਿਆਂ ਵਲ ਲਗੀਆਂ ਹੋਈਆਂ ਸਨ ਤੇ ਮੇਰਾ ਅੰਗ-ਅੰਗ ਛਲਨੀ–ਛਲਨੀ ਸੀ। ਵਾਤਾਵਰਣ 'ਚ ਵਿਖਰਿਆ ਹੋਇਆ।

ਫੇਰ, ਤਾਰੇ ਮੈਨੂੰ ਆਪਣੀ ਰੋਸ਼ਨ ਦੁਨੀਆ ਵਲ ਲੈ ਗਏ।

★

**ਜਸਵੰਤ ਸਿੰਘ ਵਿਰਦੀ**

ਦਾ ਕਹਾਣੀ ਸੰਗ੍ਰਹਿ

**ਪੀੜ ਪਰਾਈ**

## ਗੁਰਵੇਲ ਸਿੰਘ ਪੰਨੂੰ

# ਪੀੜ੍ਹੀ ਥੱਲੇ ਸੋਟਾ

ਜਰਨੈਲ ਤੇ ਕਰਨੈਲ ਟੇਸ਼ਨ ਦੇ ਫੱਟੇ 'ਤੇ ਬੈਠੇ ਗੱਲਾਂ ਕਰ ਰਹੇ ਸਨ । ਕੋਲ ਭੂੰਜੇ ਦੋ ਕਾਲੇ ਟਰੰਕ ਅਤੇ ਕੰਬਲਾਂ ਵਿਚ ਵਲ੍ਹੇਟੇ, ਰੱਸੀਆਂ ਨਾਲ ਬੱਧੇ ਦੋ ਬਿਸਤਰੇ ਪਏ ਸਨ । ਦੋਵੇਂ ਛੁਟੀ ਕਟ ਕੇ ਵਾਪਸ ਆਪਣੀ ਆਪਣੀ ਰਜਮੈਂਟ ਨੂੰ ਜਾ ਰਹੇ ਸਨ । ਇਕ ਪੰਜਾਂ ਕੋਹਾਂ ਤੋਂ ਆਪਣਾ ਬਿਸਤਰਾ ਤੇ ਟਰੰਕ ਚੁਕ ਕੇ ਲਿਆਇਆ ਸੀ ਅਤੇ ਦੂਜਾ ਤਿੰਨਾਂ ਕੁ ਕੋਹਾਂ ਤੋਂ । ਇਕ ਨੇ ਲਦਾਖ ਪੁਜਣਾ ਸੀ ਅਤੇ ਦੂਜੇ ਨੇ ਆਸਾਮ ਤੋਂ ਵੀ ਅੱਗੇ । ਗੱਡੀ ਵਿਚ ਹਾਲੇ ਸਮਾਂ ਸੀ ।

—ਅੱਗੇ ਨਾਲੋਂ ਬੜਾ ਫਰਕ ਆ । ਖੇਤੀਵਾੜੀ ਦਾ ਕੰਮ ਹੁਣ ਸੌਖਾ । ਫਸਲਾਂ ਦੇ ਭਾਅ ਚੰਗੇ । ਪਾਣੀ-ਪੂਣੀ ਦੀਆਂ ਸਹੂਲਤਾਂ ਵੀ ਅੱਗੇ ਨਾਲੋਂ ਚੰਗੀਆਂ । ਵਾਹੀ ਜੋਤੀ 'ਚ ਆਮਦਨ ਵਾਹਵਾ ।

—ਆਹੋ, ਖੂਹਾਂ ਉਤੇ ਹੁਣ ਬਲਦਾਂ ਦੀਆਂ ਪੂਛਾਂ ਤਾਂ ਨਹੀਂ ਮਰੋੜਨੀਆਂ ਪੈਂਦੀਆਂ । ਬੰਬੀਆਂ ਲਗ ਗਈਆਂ । ਸਾਡੇ ਤਾਂ ਨਹਿਰ ਵੀ ਵਾਹਵਾ ਪੈਂਦੀ ਹੈ ।

—ਤੇ ਬਿਜਲੀ ਦੇ ਟੋਕਿਆਂ ਨਾਲ ਤਾਂ ਬੜਾ ਹੀ ਸੁਖ ਹੋ ਗਿਆ । ਅਗੇ ਜਦੋਂ ਸੌਣ ਭਾਦੋਂ ਦੇ ਚੁਮਾਸਿਆਂ ਵਿਚ ਚਰੀ ਤੇ ਗੁਆਰਾ ਟੋਕੇ ਅੱਗੇ ਹੋ ਕੇ ਕੁਤਰਨਾ ਪੈਂਦਾ ਸੀ, ਚੰਮ ਛਿਲਿਆ ਜਾਂਦਾ ਸੀ ।

—ਪਰ ਜੁਆਨ, ਸਾਡੇ ਲੋਕ ਬੜੇ ਭੈੜੇ । ਰਤੀ ਫਰਕ ਨਹੀਂ ਪਿਆ ਉਹਨਾਂ 'ਚ । ਆਹ ਪਿਛਲੇ ਮਹੀਨੇ ਦੀ ਗੱਲ ਆ ਸਾਡੇ ਹੀ ਕੋਟ ਅਬਦਾਲੇ ਜੋ ਹੋਇਆ, ਸੋਚਦਾਂ ਤਾਂ ਕਾਲਜਾ ਮੂੰਹ ਨੂੰ ਆਉਂਦਾ । ਇਕ ਜੁਆਨ ਪਿੰਡ ਛੁਟੀ ਕੱਟਣ ਆਇਆ । ਲੈਂਸ-ਨੈਕ ਸੀ । ਸੁਹਣਾ, ਲੰਮਾ ਉਚਾ ਗਭਰੂ ਤੇ ਵੜਾ ਈ ਹਸ-ਮੁਖ । ਨਾ ਕਿਸੇ ਦੀ ਆਈ 'ਚ, ਨਾ ਗਈ 'ਚ । ਪਿੰਡ 'ਚ ਕਿਸੇ ਨਾਲ ਵੈਰ-ਵਿਰੋਧ ਨਹੀਂ । ਪਿੰਡ ਪਿਛੇ ਵਹੁਟੀ ਸੀ ਅਤੇ ਤਿੰਨ ਨਿੱਕੇ ਨਿੱਕੇ ਨਿਆਣੇ । ਮਾਂ ਤਾਂ ਨਿੱਕੇ ਹੁੰਦੇ ਦੀ ਗੁਜ਼ਰ ਗਈ ਸੀ । ਬੁਢਾ ਪਿਉ ਸੀ ਪਰ ਅੱਖਾਂ ਤੋਂ ਨਿਧਾਨ

ਅੰਨ੍ਹਾਂ । ਨੌਕਰ ਛੁਟੀ ਆਇਆ, ਘਰਦਿਆਂ ਨੂੰ, ਜਾਣੀਦਾ, ਚਾਅ ਚੜ੍ਹ ਗਿਆ । ਕੋਈ ਆਵੇ, ਕੋਈ ਜਾਵੇ, ਸਾਰਾ ਦਿਨ ਘਰ ਵਿਚ ਰੌਣਕ ਲਗੀ ਰਵ੍ਹੇ । ਯਾਰ ਬੇਲੀ ਬੈਠਣ, ਤਾਸ਼ ਖੇਡਣ, ਠੱਠਾ-ਮਸ਼ਕਰੀ ਕਰਨ, ਰਾਤੀਂ ਘੁਟ ਘੁਟ ਪੀਣ । ਮੌਜਾਂ ਲਗੀਆਂ ਹੋਈਆਂ । ਟੱਬਰ ਦੇ ਜੀਅ ਖੁਸ਼ੀ ਨਾਲ ਫੁਲੇ ਨਾ ਸਮਾਉਣ ।

ਇਕ ਦਿਨ ਸ਼ਾਮੀ ਯਾਰ ਬੇਲੀ ਕਹਿਣ ਲਗ- ਚਲੋ, ਸ਼ਿਕਾਰ ਖੇਡ ਆਈਏ । ਨੌਕਰ ਦੀ ਘਰ ਵਾਲੀ ਨੇ ਕਿਹਾ-ਸੂਰਜ ਅਸਤ ਹੋਣ ਵਾਲਾ । ਜਦ ਤਾਈਂ ਤੁਸੀਂ ਰੋਹੀ ਪੁਜਣਾ, ਹਨੇਰਾ ਹੋ ਜਾਣਾ, ਸ਼ਿਕਾਰ ਕੀ ਦਿਸੂ ਤੁਹਾਨੂੰ ? ਵਿਚਾਰੀ ਨੂੰ ਖੋਰੇ ਹੋਣੀ ਸਮਝਾ ਰਹੀ ਸੀ । ਗਭਰੂ ਨੇ ਤਰਲਾ ਲਿਆ- ਕੋਈ ਗੱਲ ਨਹੀਂ । ਹੁਣੇ ਮੁੜ ਆਉਂਦੇਆਂ । ਯਾਰ ਦੋਸਤ ਕਹਿੰਦੇ ਆ , ਚਿੱਤ ਕਾਹਨੂੰ ਨਾਰਾਜ਼ ਕਰਨਾ । ਸਬੱਬੀ ਬੰਦਾ ਛੁਟੀ ਆਉਂਦਾ ।

ਘਰ ਵਾਲੀ ਨੂੰ ਵਰਚਾ, ਬੰਦੂਕ ਮੋਢੇ 'ਤੇ ਪਾ ਬੇਲੀਆਂ ਨਾਲ ਸ਼ਿਕਾਰ ਖੇਡਣ ਚਲਿਆ ਗਿਆ । ਰੋਹੀ 'ਚ ਪੁਜ ਦੋ ਚਾਰ ਤਿੱਤਰ- ਵਿਤਰ ਮਾਰੇ ਤੇ ਵਾਪਸ ਪਿੰਡ ਨੂੰ ਪਰਤੇ । ਕਿਸੇ ਕਿਹਾ ਅਜ ਪੀਣ ਦਾ ਪ੍ਰਬੰਧ ਹੋਣਾ ਚਾਹੀਦਾ । ਨੌਕਰ ਨੇ ਕਿਹਾ - ਲਉ, ਤੁਸੀਂ ਆਹ ਤਿੱਤਰ ਲੈ ਕੇ ਪਿੰਡ ਪਹੁੰਚੋ, ਸਾਫ-ਸੂਫ ਕਰਕੇ ਆਪਣੀ ਭਰਜਾਈ ਨੂੰ ਰਾੜ੍ਹਨ ਲਈ ਦਿਉ । ਮੈਂ ਸਾਈਕਲ 'ਤੇ ਹੁਣੇ ਹੀ ਨਾਲ ਦੇ ਪਿੰਡੋਂ ਗੇੜਾ ਮਾਰਕੇ ਬੋਤਲ ਲਿਆਇਆ ।

—ਉਥੇ ਕੀ ਲੜਾਈ ਝਗੜਾ ਹੋ ਗਿਆ ?

—ਨਹੀਂ, ਗਾਉਂਦਾ ਵਜਾਉਂਦਾ ਉਸ ਪਿੰਡ ਪੁਜਾ । ਜਿਸ ਘਰੋਂ ਘਰ-ਦੀ-ਕਢੀ ਚੰਗੀ ਮਿਲਦੀ ਸੀ, ਬੋਤਲ ਲਈ । ਦੋ ਚਾਰ ਘੁਟਾਂ ਭਰ ਕੇ ਸੁਆਦ ਵੀ ਵੇਖਿਆ ਅਤੇ ਡੱਬ 'ਚ ਬੋਤਲ ਪਾ, ਸਾਈਕਲ 'ਤੇ ਚੜ੍ਹ ਆਪਣੇ ਪਿੰਡ ਨੂੰ ਤੁਰ ਪਿਆ । ਹਾਲੀ ਪਿੰਡੋਂ ਬਾਹਰ ਨਿਕਲਿਆ ਵੀ ਨਹੀਂ ਸੀ, ਇਕ ਜੱਟ ਭਰਾ ਨੇ "ਵਾਹਰ ਜੀ ਕੀ ਫਤ੍ਹੇ" ਬੁਲਾਈ । "ਕਿਧਰੋਂ ?" "ਐਥੋਂ ਹੀ । ਤੁਹਾਡੇ ਨਗਰੋਂ ਬੋਤਲ ਲੈਣ ਆਇਆ ਸਾਂ । ਪਿੰਡ ਯਾਰ ਬੇਲੀ ਜੁ ਹੋਏ ।" "ਲੈ, ਸਾਡੇ ਪਿੰਡ ਆਇਆ ਤੇ ਸਾਨੂੰ ਸੇਵਾ ਦਾ ਮੌਕਾ ਈ ਨਹੀਂ ਦਿਤਾ, ਆ ਨਾਲ ਹੀ ਆਪਣੀ ਹਵੇਲੀ । ਭਾਵੇਂ ਦੋ ਘੁਟ ਹੀ ਪੀ ਕੇ ਚਲਿਆ ਜਾਵੀਂ, ਆ ਜ਼ਰੂਰ ।"

ਨਾਂਹ-ਨੁਕਰ ਕਰਦਿਆਂ ਕਰਦਿਆਂ ਉਹ ਨੌਕਰ ਦੀ ਬਾਂਹ ਫੜ ਉਹਨੂੰ ਆਪਣੀ ਹਵੇਲੀ ਲੈ ਗਿਆ । ਉਥੇ ਗਲਾਸ ਗਲਾਸ ਹੀ ਪੀਤਾ ਸੀ ਕਿ ਜੱਟ ਭਰਾ ਨੇ ਚੂਹੜੇ ਨੂੰ ਇਸ਼ਾਰਾ ਕਰ ਕੇ ਨੌਕਰ ਨੂੰ ਢਾਹ ਲਿਆ । ਉਸ ਵਿਚਾਰੇ ਬਥੇਰੇ ਵਾਸਤੇ ਪਾਏ ਕਿ ਜੋ ਕੁਝ ਹੈ ਲੈ ਲਉ—ਘੜੀ, ਨਕਦੀ, ਬੰਦੂਕ, ਸਾਈਕਲ.........ਪਰ ਮੈਨੂੰ ਜਾਨੋ ਨਾ ਮਾਰੋ——ਪਰ ਕੌਣ ਸੁਣੇ ਉਥੇ ! ? ਆਫ਼ਰੇ ਜਟ ਤੇ ਭੂਤਰੀ ਚੜ੍ਹਮ ਨੇ ਉਹੀ ਕੀਤਾ, ਜੋ ਭਾਈ ਮੇਰੇ, ਬੰਦਾ ਹੀ ਕਰ ਸਕਦਾ, ਜਨੌਰ ਸ਼ਾਇਦ ਨਹੀਂ ਕਰ ਸਕਦਾ ।

ਜੱਟ ਨੇ ਨੌਕਰ ਨੂੰ ਢਾਹੀ ਰਖਿਆ ਤੇ ਚੜ੍ਹਮ ਨੇ ਟੋਕੇ ਨਾਲ ਉਸ ਦਾ ਗਲ ਵਢ ਕੇ ਇਕ ਪਾਸੇ ਸੁੱਟ ਦਿਤਾ । ਕਹਿੰਦੇ ਜਦ ਜੱਟ ਨੇ ਸਰੀਰ ਤੋਂ ਦਾਬ ਛਡੀ, ਤਿੰਨ ਚਾਰ ਵਾਰ ਸਰੀਰ ਛੱਤ ਵਲ ਬੁੜ੍ਹਕ-ਬੁੜ੍ਹਕ ਕੇ ਮੁੜ ਜ਼ਮੀਨ 'ਤੇ ਡਿਗਾ । ਨਾਲ ਦੇ ਘਰ ਮਾੜਿਆਂ ਜੱਟਾਂ ਦਾ ਟੱਬਰ ਰਹਿੰਦਾ ਸੀ । ਕੰਧ ਨਾਲ ਲਗੇ ਦੋਵੇਂ ਜੀਅ ਸਭ ਕੁਝ ਆਪਣੀ ਅਖੀਂ ਵੇਖਦੇ ਰਹੇ, ਕੁਸਕੇ

ਤਕ ਨਹੀਂ। ਇਹ ਬਦਮਾਸ਼ ਜੱਟ ਅਫ਼ੀਮ ਦਾ ਸਮਗਲਰ ਸੀ। ਦਸ ਸਾਲ ਪਹਿਲਾਂ ਭੁਖਾ ਮਰਦਾ ਸੀ। ਹੁਣ ਲੱਖਾਂ ਵਿਚ ਸੀ। ਸਰਕਾਰੇ-ਦਰਬਾਰੇ ਵੀ ਇਸ ਦੀ ਪਹੁੰਚ ਸੀ।

—ਫਿਰ ਫੜੇ ਗਏ ਕੀ ?

—ਆਹੋ, ਫੜੇ ਤਾਂ ਗਏ, ਪਰ ਇੱਡੀ ਛੇਤੀ ਨਹੀਂ। ਰਾਤੋ ਰਾਤ ਲਾਸ਼ ਚੁਕ ਕੇ ਨਹਿਰ ਵਿਚ ਸੁੱਟ ਆਏ ਤੇ ਸਿਰ ਕਮਾਦ ਵਿਚ ਨੱਪ ਦਿਤੋ ਨੇ। ਇਧਰ ਘਰ ਵਾਲੇ ਅਤੇ ਯਾਰ ਬੇਲੀ ਬੈਠੇ ਉਡੀਕਣ ਕਿ ਨੌਕਰ ਆਇਆ ਨਹੀਂ। ਦੋ ਜਣੇ ਅਧੀ ਰਾਤ ਉਸ ਪਿੰਡ ਪਹੁੰਚੇ। ਪਤਾ ਲਗਾ ਆਇਆ ਜ਼ਰੂਰ ਸੀ ਤੇ ਉਦੋਂ ਹੀ ਪਿਛਲੇ ਪੈਰੀਂ ਬੋਤਲ ਲੈ ਕੇ ਮੁੜ ਗਿਆ ਸੀ। ਸਭ ਪਾਸੇ ਭਸੂੜੀ ਪੈ ਗਈ। ਅੰਨ੍ਹਾ ਪਿਉ ਵਿਚਾਰਾ ਕੰਧਾਂ ਨੂੰ ਟਕਰਾਂ ਮਾਰੇ। ਘਰ ਵਾਲੀ ਤੇ ਬੱਚੇ ਰੋ ਰੋ ਪਾਗਲ ਹੋਈ ਜਾਣ।

ਪੁਲਸ ਨੂੰ ਇਤਲਾਹ ਕੀਤੀ। ਉਹਨਾਂ ਸ਼ਰਾਬ ਵੇਚਣ ਵਾਲੇ ਟੱਬਰਾਂ ਦੇ ਜੀਆਂ ਨੂੰ ਫੜ ਲਿਆ। ਬੈਂਤ ਮਾਰ ਮਾਰ ਪੈਰਾਂ ਦੀਆਂ ਤਲੀਆਂ ਉਧੇੜ ਦਿਤੀਆਂ, ਪਰ ਵਿਚਾਰਿਆਂ ਨੂੰ ਕੁਝ ਪਤਾ ਹੋਵੇ ਤਾਂ ਦਸਣ।

ਤੀਸਰੇ ਚੌਥੇ ਦਿਨ ਪੰਜ ਸਤ ਕੋਹ ਅੱਗੇ ਜਾ ਕੇ ਨਹਿਰ ਦੇ ਇਕ ਪੁਲ ਹੇਠ ਫਸੀ ਲਾਸ਼ ਤਾਂ ਮਿਲ ਗਈ। ਪਰ ਸਿਰ ਦਾ ਕੋਈ ਪਤਾ ਥਹੁ ਨਾ ਲਗੇ।

—ਫਿਰ ਕੁਝ ਪਤਾ ਨਹੀਂ ਲਗਿਆ ?

—ਲਗਿਆ। ਐਡਾ ਪਾਪ ਛੁਪਿਆ ਥੋੜਾ ਰਹਿੰਦਾ। ਕੁਝ ਦਿਨਾਂ ਬਾਅਦ ਨਾਲ ਦੇ ਘਰ ਵਾਲੀ ਜੱਟੀ ਲਈ ਇਹ ਅਖੀਂ ਡਿੱਠਾ ਅਤਿਆਚਾਰ ਹਜ਼ਮ ਕਰ ਲੈਣਾ ਮੁਸ਼ਕਲ ਹੋ ਗਿਆ। ਉਸ ਮਨ ਹੌਲਾ ਕਰਨ ਲਈ ਕਿਸੇ ਕੋਲ ਗੱਲ ਕੀਤੀ। ਗੱਲ ਅਗੇ ਤੁਰਦੀ ਤੁਰਦੀ ਪੁਲਸ ਤਕ ਪਹੁੰਚ ਗਈ। ਉਹਨਾਂ ਸਮਗਲਰ ਜੱਟ ਤੇ ਚੂਹੜੇ ਨੂੰ ਫੜ ਲਿਆ। ਚੂਹੜਾ ਦੋ ਦਿਨਾਂ ਦੀ ਮਾਰ ਪਿਛੋਂ ਬਕ ਪਿਆ। ਕਮਾਦ ਵਿਚੋਂ ਨਪਿਆ ਸਿਰ ਕਢਾ ਦਿਤਾ ਸੂ। ਸਾਰੀ ਗਲ ਸਾਫ ਹੋ ਗਈ। ਹੁਣ ਦੋਵੇਂ ਹਵਾਲਾਤ 'ਚ ਹਨ। ਕੇਸ ਸੈਸ਼ਨ ਦੇ ਸਪੁਰਦ ਆ।

—ਪਰ ਉਹਨਾਂ ਐਡਾ ਜ਼ੁਲਮ ਕੀਤਾ ਕਿਉਂ ?

—ਬੰਦੂਕ ਲਈ, ਹੋਰ ਕਾਹਦੇ ਲਈ। ਸਮਗਲਰਾਂ ਨੂੰ ਬੰਦੂਕ ਚਾਹੀਦੀ ਹੁੰਦੀ ਬਸ, ਬੰਦੂਕ ਖਾਤਰ ਵਿਚਾਰੇ ਦੀ ਜਾਨ ਲੈ ਲਈ।

ਜਰਨੈਲ ਤੇ ਕਰਨੈਲ ਹੁਣ ਦੋਵੇਂ ਚੁਪ ਸਨ। ਉਹ ਇਸ ਦੁਖਾਂਤ ਨੂੰ ਹਜ਼ਮ ਕਰਨ ਦੀ ਕੋਸ਼ਸ਼ ਕਰ ਰਹੇ ਸਨ।

ਕੇਸ ਸ਼ੈਸ਼ਨ ਦੇ ਸਪੁਰਦ ਸੀ। ਕੀੜਿਆਂ-ਖਾਧਾ ਇਕ ਸਿਰ ਤੇ ਪਾਣੀ ਨਾਲ ਗਲੀ-ਸੜੀ ਇਕ ਲਾਸ਼ ਪੁਲਸ ਨੇ ਵਾਰਸਾਂ ਦੇ ਹਵਾਲੇ ਕਰ ਦਿਤੀ ਸੀ। ਨਿਧਾਨ ਅੰਨ੍ਹਾ ਬੁਢਾ ਪਿਉ ਕੰਧਾਂ ਨੂੰ ਟਕਰਾਂ ਮਾਰ ਰਿਹਾ ਸੀ। ਨੌਕਰ ਦੀ ਵਹੁਟੀ ਹੁਣ ਵਿਧਵਾ ਸੀ ਤੇ ਬਚੇ ਯਤੀਮ। ਤੇ ਕੇਸ ਸ਼ੈਸ਼ਨ ਦੀ ਕਚਹਿਰੀ ਲਗ ਚੁਕਿਆ ਸੀ......

—ਤੇ ਉਦਨ ਉਸ ਕੋਲ ਬੰਦੂਕ ਨਾ ਹੁੰਦੀ ਤਾਂ ਇਹ ਭਾਣਾ ਨਹੀਂ ਸੀ ਵਰਤਣਾ।

—ਹਾਂ, ਜੇ ਬੰਦੂਕ ਨਾ ਹੁੰਦੀ ਤਾਂ.........

—ਹਾਂ, ਬੰਦੂਕ ਨ ਹੁੰਦੀ......

—ਹਾਹੋ, ਜੇ ਬੰਦੂਕ ਹੀ ਨਾ ਹੁੰਦੀ, ਦੁਨੀਆਂ ਕਿਹੋ ਜਿਹੀ ਹੁੰਦੀ ?

—ਲੈ, ਆਪਾਂ ਕਦੀ ਇੰਜ ਸੋਚਿਆ ਹੀ ਨਹੀਂ !! ਭਲਾ ਜੇ ਬੰਦੂਕ ਨਾ ਹੁੰਦੀ, ਸਾਨੂੰ ਕਾਹਨੂੰ ਪਹਾੜਾਂ ਜੰਗਲਾਂ ਵਿਚ ਖਜਲ-ਖੁਆਰ ਹੋਣਾ ਪੈਣਾ ਸੀ। 'ਰਾਮ ਨਾਲ ਆਪਣੇ ਘਰੀਂ ਟਬਰਾਂ ਵਿਚ ਬੈਠਦੇ ਖੇਤੀਵਾੜੀ ਕਰਦੇ । ਸੁਖ ਭੋਗਦੇ ਉਹ ਕੁਝ ਬੀਜਦੇ ਵਢਦੇ, ਜਿਸ ਦੀ ਮਨੁਖ ਨੂੰ ਲੋੜ ਹੈ, ਜੋ ਉਹਦੇ ਜੀਉਣ ਲਈ ਚਾਹੀਦਾ ਹੈ। ਪਰ ਹੁਣ—ਜਿੰਨ੍ਹਾਂ ਨੂੰ ਜਾਣਦੇ ਨਹੀਂ, ਬੁਝਦੇ ਨਹੀਂ, ਉਹਨਾਂ ਨਾਲ ਐਵੇਂ ਖਾਹ ਮਖਾਹ ਮੱਥਾ ਲਾਉਣਾ ਪੈਂਦਾ ।

—ਭਾ, ਮੈਨੂੰ ਵੀ ਕਦੀ ਕਦੀ ਖਿਆਲ ਆਉਂਦਾ ਕਿ ਬਈ, ਅਸੀਂ ਕੀ ਕਰ ਰਹੇ ਹਾਂ । ਕਾਹਦੇ ਲਈ ਬੰਦੂਕ ਚੁਕੀ ਭਜੇ ਫਿਰਦੇ ਹਾਂ। ਸਾਡੇ ਢਿੱਡਾਂ ਵਿਚ ਸਰਕਾਰ ਕਿਹੜੀ ਕਸ-ਤੂਰੀ ਭਰ ਦੇਂਦੀ ਐ ਕਿ ਅਸੀਂ ਪਾਗਲਾਂ ਵਾਂਗ ਨਠੇ ਫਿਰਦੇ ਹਾਂ। ਇਕ ਬੰਦੂਕ ਮਿਲ ਜਾਂਦੀ ਹੈ, ਸਮਝਦੇ ਹਾਂ ਬਈ, ਕਾਰੂੰ ਦਾ ਖਜ਼ਾਨਾ ਹਥ ਆ ਗਿਆ । ਜਿਧਰ ਨੂੰ ਕੋਈ ਛਿਛਕਾਰ ਦੇਂਦਾ, ਉਧਰ ਨੂੰ ਤਾੜ ਤਾੜ ਬੰਦੂਕ ਚਲਾਉਣੀ ਸ਼ੁਰੂ ਕਰ ਦੇਂਦੇ ਹਾਂ।

ਬੜਾ ਅਜੀਬ ਲਗਦਾ, ਅਸੀਂ ਇਹਨਾਂ ਗੱਲਾਂ ਬਾਰੇ ਕਦੀ ਚੰਗੀ ਤਰ੍ਹਾਂ ਨਾਲ ਵਿਚਾਰਿਆ ਹੀ ਨਹੀਂ । ਉਂਜ ਹਰ ਕੰਮ ਕਰਨ ਤੋਂ ਪਹਿਲਾਂ ਬੰਦਾ ਸੋਚਦਾ। ਕਈ ਵਾਰ ਦੋ ਚਾਰ ਦਿਨ ਉਂਜ ਵੀ ਟਰਕਾ ਜਾਈਦਾ ਕਿ ਬਈ, ਕਾਹਲ ਚੰਗੀ ਨਹੀਂ । ਮੱਝ ਖਰੀਦਣੀ ਹੋਵੇ, ਜਾਂ ਮੁੰਡੇ ਦਾ ਛੁਹਾਰਾ ਪਾਉਣਾ ਹੋਵੇ, ਮਨ ਨਾਲ ਹਜ਼ਾਰ ਵਾਰ ਵਿਚਾਰ ਕਰੀਦੀ ਐ । ਟੱਬਰ ਦੇ ਜੀਆਂ ਨੂੰ ਪੁਛੀਦਾ, ਦੋ ਚੋਂਹ ਸਿਆਣਿਆਂ ਦੀ ਵੀ ਸਲਾਹ ਲਈ-ਦੀ, ਪਰ ਬੰਦੂਕ ਵਾਲਾ ਸਾਰਾ ਕੰਮ ਐਨ ਅੱਖਾਂ ਮੀਟ ਕੇ ਅੰਨ੍ਹੇ ਹੋ ਕੇ ਕਰੀਦਾ ।

—ਭਾਈ ਮੇਰੇ, ਚਾਰ ਛਿਲੜਾਂ ਲਈ ਭਰਤੀ ਹੋ ਜਾਈਦਾ । ਫਿਰ ਕੁਵੈਦ ਤੇ ਪੀ. ਟੀ ਦਿਨ ਰਾਤ ਇਹੋ ਕੰਮ । ਸੋਚਣ ਦੀ ਨਾ ਕੋਈ ਇਜਾਜ਼ਤ ਦੇਂਦਾ ਤੇ ਨਾ ਵਿਹਲ। ਅਗਲੇ ਸਿਰ 'ਚ ਇਕੋ ਚੀਜ਼ ਭਰ ਦੇਂਦੇ—ਰਾਸ਼ਨ ਖਾਉ ਪੂਰਾ ਤੇ ਜੀ ਹਜ਼ੂਰੀ ਕਰੋ ਦਿਨ ਰਾਤ । ਜਿਧਰ ਹੁਕਮ ਮਿਲੇ, ਅੱਖਾਂ ਮੀਟ ਕੇ ਗੋਲੀ ਚਲਾਉਣੀ ਸ਼ੁਰੂ ਕਰ ਦਿਉ। ਖੰਤ ਵਾਂਗ ਬੰਦੂਕ ਚੁਕੀ ਫਿਰੋ ਤੇ ਆਪਣੀ ਜਾਨ 'ਤੇ ਖੇਡ ਕੇ ਵੀ ਇਸ ਦੀ ਹਿਫ਼ਾਜ਼ਤ ਕਰੋ । ਬਸ, ਇਹੀ ਸਬਕ ਦਿਨ ਰਾਤ ਦਿਤਾ ਜਾਂਦਾ ਤੇ ਵਕਤ ਨਾਲ ਗੁਰ-ਮੰਤਰ ਵਾਂਗ ਸਾਨੂੰ ਯਾਦ ਹੋ ਜਾਂਦਾ।

—ਪਰ ਡਸਿਪਲਿਨ ਵੀ ਕੋਈ ਚੀਜ਼ ਹੁਦੀ ਹੈ ! ਆਖਰ ਕਿਸੇ ਦੇ ਹੁਕਮ ਅਨੁਸਾਰ ਹੀ ਤਾਂ ਸਾਰੀ ਖੇਡ ਚਲ ਸਕਦੀ ਹੈ।

—ਠੀਕ ਆ ਡਿਸਿਪਲਿਨ ਚੰਗਾ ਹੁੰਦਾ, ਪਰ ਸਾਰੇ ਲੋਕਾਂ 'ਤੇ ਵੀ ਤਾਂ ਡਿਸਿਪਲਿਨ ਚਾਹੀਦਾ ਨਾ। ਨੇਤਾਵਾਂ 'ਤੇ ਵੀ ਚਾਹੀਦਾ ਤੇ ਵਜ਼ੀਰਾਂ 'ਤੇ ਵੀ। ਜਿਹੜਾ ਭਾਊ ਚੋਣਾਂ ਲੜਕੇ ਇਕ ਵਾਰ ਦਿੱਲੀ ਪਹੁੰਚ ਜਾਂਦਾ ਦਿਨਾਂ 'ਚ ਹੀ ਲੱਖਾਂ ਕਰੋੜਾਂ ਨੂੰ ਜਾ ਪਹੁੰਚਦਾ। ਟਕੇ-ਟਕੇ ਦੀਆਂ ਗੱਲਾਂ ਕਰਦਾ ਤੇ ਬਣਾਉਂਦਾ ਸਾਰੇ ਦੇਸ਼ ਨੂੰ ਬੁਧੂ ਤੇ ਰਖਦਾ ਆਪਣਾ ਉਲੂ ਸਿੱਧਾ। ਚੋਂਹ ਚਹੁੰ ਪੁਸ਼ਤਾਂ ਨੂੰ ਭੋਂ ਤੋਂ ਚੁਕ ਕੇ ਖੜਿਆਂ ਕਰ ਜਾਂਦਾ। ਦੇਸ਼ 'ਤੇ ਭੀੜ ਪੈਂਦੀ ਸਾਨੂੰ ਆਪਣੇ ਪਿੰਡੇ ਤੇ ਝਲਣੀ ਪੈਂਦੀ। ਖਾਣ ਪੀਣ ਨੂੰ ਭਾਗ ਭਰੀ ਤੇ ਕੰਡ ਭਨਾਉਣ ਨੂੰ ਜੁੰਮਾ ।

--ਪਰ ਆਹ ਜਿਹੜੀ ਦੇਸ਼ ਦੀ ਗੱਲ ਤੂੰ ਕੀਤੀ, ਸੋਚਦਾਂ ਬਈ, ਦੇਸ਼ ਦੀ ਰਖਿਆ ਵੀ ਤਾਂ ਅਸੀਂ ਹੀ ਕਰਦੇ ਆਂ।

—ਹਾਂ, ਸੁਣਦੇ ਤਾਂ ਇਹ ਹੀ ਆਏ ਹਾਂ। ਪਰ ਲਗਦਾ ਅਸੀਂ ਆਪਣੀ ਕੰਗਾਲੀ ਤੇ ਮੰਦਹਾਲੀ ਦੀ ਹੀ ਰਖਿਆ ਕਰ ਰਹੇ ਹਾਂ। ਕੀਮਤਾਂ ਨਿਤ ਅਸਮਾਨੇ ਚੜ੍ਹੀ ਜਾਂਦੀਆਂ। ਟੱਬਰਾਂ ਦੇ ਗੁਜ਼ਾਰੇ ਮੁਸ਼ਕਲ ਹੋਏ ਪਏ ਨੇ। ਤੇ ਅਸੀਂ ਇਸ ਸਭ ਕਾਸੇਦੀ ਰਖਿਆ ਕਰੀ ਜਾਂਦੇ ਆਂ, ਕਿ ਜੋ ਹੈ, ਜਿਵੇਂ ਹੈ, ਜਿਸ ਤਰ੍ਹਾਂ ਦਾ ਹੈ, ਉਂਜ ਦਾ ਉਂਜ ਹੀ ਚਲਦਾ ਰਵ੍ਹੇ, ਕਾਇਮ ਰਵ੍ਹੇ। ਇਸ ਵਿਚ ਰਤੀ ਫਰਕ ਨਾ ਆਵੇ।

—ਪਰ ਦੇਸ਼ ਵੀ ਕੋਈ ਸ਼ੈਅ ਹੁੰਦਾ। ਉਸ ਦੀ ਹਿਫ਼ਾਜ਼ਤ ਅਸੀਂ ਨਾ ਕਰੀਏ, ਹੋਰ ਕੌਣ ਕਰੂ?

—ਇਹੋ ਤਾਂ ਸੋਚ ਕੇ, ਭਾਈ ਮੇਰੇ, ਅਸੀਂ ਪਹਾੜਾਂ 'ਤੇ ਬਲਦੀ ਦੇ ਬੁੱਥੇ ਦਿਤੇ ਰਹਿੰਦੇ ਹਾਂ। ਮਨ ਵਿਚ ਦੇਸ਼ ਦਾ ਖਿਆਲ ਨਾ ਹੋਵੇ, ਤਾਂ ਕੌਣ ਇਨੇ ਜਫਰ ਜਾਲੇ? ਪਰ ਕਦੀ ਕਦੀ ਸੋਚਦਾਂ ਕਿਹੜੀ ਮਾਤ-ਭੂਮੀ ਦੀ ਅਸੀਂ ਰਖਿਆ ਕਰ ਰਹੇ ਹਾਂ। ਕਲ ਤਕ ਮਾਤ-ਭੂਮੀ ਪਸ਼ਾਵਰ ਤੋਂ ਵੀ ਅੱਗੇ ਸੀ। ਅਸੀਂ ਉਥੇ ਬੰਦੂਕਾਂ ਫੜੀ ਇਕ ਇਕ ਇੰਚ ਦੇ ਲਈ ਜਾਨਾਂ ਵਾਰਿਆ ਕਰਦੇ ਸਾਂ। ਫਿਰ ਕਿਸੇ ਕਿਹਾ ਕਿ ਨਹੀਂ, ਹੁਣ ਮਾਤ-ਭੂਮੀ ਵਾਹਗੇ ਤਕ ਈ ਏ। ਅਸੀਂ ਉਥੇ ਖਲੋ ਕੇ ਆਪਣੀਆਂ ਜਾਨਾਂ ਵਾਰਨ ਲਗ ਪਏ। ਕਲ ਨੂੰ ਕੋਈ ਭੜੂਆ ਕਹੇਗਾ-ਨਹੀਂ, ਉਥੇ ਨਹੀਂ, ਹੁਣ ਸਰਹਦ ਹੋਰ ਕਿਤੇ ਆ। ਫਿਰ ਅਸੀਂ ਉਹਦੀ ਗੱਲ ਮੰਨ ਲਵਾਂਗੇ। ਇਹ ਮਾਤ-ਭੂਮੀ ਵੀ ਸੌਹਰੀ ਆਪਣਾ ਕਦ-ਬੁਤ ਬਦਲਦੀ ਰਹਿੰਦੀ ਆ। ਖੌਰੇ ਸਾਡਾ ਇਮਤਿਹਾਨ ਲੈਂਦੀ ਆ!

—ਲਗਦਾ, ਇਹ ਸਾਰੀ ਤਾਣੀ ਹੀ ਕੁਝ ਉਲਝੀ ਪਈ ਹੈ। ਹਨੇਰਾ ਹੀ ਹਨੇਰਾ ਲਗਦਾ ਮੈਨੂੰ ਤਾਂ। ਕੁਝ ਸਮਝ ਨਹੀਂ ਆਉਂਦੀ-ਬਈ, ਬੰਦੂਕਾਂ ਦਾ ਮੂੰਹ ਬਾਹਰ ਨੂੰ ਰਖੀਏ ਜਾਂ ਅੰਦਰ ਨੂੰ ਮੋੜੀਏ।

—ਸਿਆਣੇ ਕਹਿੰਦੇ-ਪਹਿਲਾਂ ਆਪਣੀ ਪੀੜ੍ਹੀ ਹੇਠ ਹੀ ਸੋਟਾ ਫੇਰ ਲੈਣਾ ਚੰਗਾ ਹੁੰਦਾ ਹੈ।

ਜਰਨੈਲ ਤੇ ਕਰਨੈਲ ਬੜੀ ਦੇਰ ਤਕ ਗੱਲਾਂ ਕਰਦੇ ਰਹੇ। ਦੂਰੋਂ ਆਉਂਦੀ ਗੱਡੀ ਦੀ ਚੀਕ ਸੁਣਾਈ ਦਿਤੀ। ਗੱਲਾਂ ਦਾ ਸਿਲਸਿਲਾ ਟੁੱਟ ਗਿਆ।

ਗੱਡੀ ਨਿੱਕੇ ਜਿਹੇ ਪੇਂਡੂ ਸਟੇਸ਼ਨ 'ਤੇ ਆ ਕੇ ਰੁਕੀ। ਆਪਣਾ ਆਪਣਾ ਟਰੰਕ ਤੇ ਬਿਸਤਰਾ ਚੁਕ ਕੇ ਦੋਵੇਂ ਡੱਬੇ ਵਲ ਵਧੇ। ਅੱਜ ਉਹ ਬੜੀ ਬੇਦਿਲੀ ਜਿਹੀ ਨਾਲ ਗੱਡੀ ਚੜ੍ਹ ਰਹੇ ਸਨ।

★

ਹਿੰਦੀ ਕਹਾਣੀ

## ਕਮਲੇਸ਼ਵਰ

# ਆਪਣੇ ਦੇਸ ਦੇ ਲੋਕ

ਓਥੇ ਬਹੁਤ ਸਾਰੇ ਆਦਮੀ ਇਕੱਠੇ ਸਨ। ਸਾਰਿਆਂ ਦੇ ਗਲਾਂ ਵਿਚ ਪਟੇ ਪਏ ਹੋਏ ਸਨ। ਉਹਨਾਂ ਪਟਿਆਂ ਉਤੇ ਉਹਨਾਂ ਦੇ ਨਾਂ, ਉਮਰ ਤੇ ਰੋਗ ਲਿਖੇ ਹੋਏ ਸਨ।

ਦੀਨ ਦਿਆਲ : ਉਮਰ 40 ਸਾਲ, ਰੋਗ : ਬਹੁਤੀ ਤਨਖਾਹ ਮੰਗਦਾ ਹੈ। ਸਲਾਮ ਨਹੀਂ ਕਰਦਾ।

ਸਦਾ ਨੰਦ : ਉਮਰ 25 ਸਾਲ, ਰੋਗ : ਦਫਤਰ ਦੀ ਸਟੇਸ਼ਨਰੀ ਚੁਰਾਂਦਾ ਹੈ।

ਇਬਰਾਹੀਮ : ਉਮਰ 30 ਸਾਲ, ਰੋਗ : ਠੀਕ ਗੱਲ ਕਹਿਣ ਤੋਂ ਨਹੀਂ ਡਰਦਾ।

ਐਸ ਸੁਬਰੇਮਣੀਅਮ : ਉਮਰ 28 ਸਾਲ, ਰੋਗ : ਆਪਣੇ ਅਫਸਰ ਤੋਂ ਜ਼ਿਆਦਾ ਕਾਬਿਲ ਹੈ।

ਸੁਬਰਤੋ ਘੋਸ਼ : ਉਮਰ 26 ਸਾਲ, ਰੋਗ : ਗਲਤ ਗੱਲ ਨਹੀਂ ਮੰਨਦਾ।

ਸੁਬੋਧ ਪਕੜਾਸੀ : ਉਮਰ 25 ਸਾਲ, ਰੋਗ : ਲਿਖ ਲਿਖ ਕੇ ਅਫਸਰ ਦੀ ਸ਼ਕਾਇਤ ਕਰਦਾ ਹੈ।

ਸਾਰਿਆਂ ਦਿਆਂ ਗਲਾਂ ਵਿਚ ਪਏ ਹੋਏ ਪਟਿਆਂ ਉਤੇ ਨਾਂ ਤੇ ਭਾਂਤ ਭਾਂਤ ਦੇ ਰੋਗ ਲਿਖੇ ਹੋਏ ਸਨ। ਉਹ ਸਾਰੇ ਚੁਪ ਚਾਪ ਲਾਈਨ ਵਿਚ ਖੜੇ ਸਨ। ਇਕ ਸੈਕਸ਼ਨ ਅਫਸਰ ਨੁਮਾ ਕਮਪਾਊਡਰ ਦਸ ਯਾਰਾਂ ਫਾਈਲਾਂ ਫੜੀ ਹਰ ਇਕ ਆਦਮੀ ਦੀ ਜਾਂਚ ਕਰ ਰਿਹਾ ਸੀ। ਨਾਲ ਹੀ ਜੇਬ ਚੋਂ ਇਕ ਇਕ ਗੋਲੀ ਕੱਢ ਕੇ ਸਾਰਿਆਂ ਨੂੰ ਦਿੰਦਾ ਜਾ ਰਿਹਾ ਸੀ। ਜਿਹੜੇ ਗੋਲੀ ਖਾ ਚੁਕੇ ਸਨ, ਉਹ ਚੁਪ ਚਾਪ ਖੜੇ ਸਨ। ਬਾਕੀ ਸ਼ੋਰ ਮਚਾ ਰਹੇ ਸਨ।

ਕੁਝ ਕੁਝ ਹਸਪਤਾਲ ਵਰਗਾ ਵਾਤਾਵਰਣ ਸੀ। ਬਹੁਤ ਸਾਰੇ ਅਫਸਰ ਲੋਕ ਡਾਕਟਰਾਂ ਵਾਂਗ ਸਫੇਦ ਲੰਮੇ ਕੋਟ ਪਾਈ ਫੁਰਤੀ ਨਾਲ ਏਧਰ ਓਧਰ ਜਾ ਰਹੇ ਸਨ, ਜਿਹੜੇ ਉਹਨਾਂ ਡਾਕਟਰ-ਨੁਮਾ ਅਫਸਰਾਂ ਨੂੰ ਤੁਰਦਿਆਂ ਤੁਰਦਿਆਂ ਹਿਦਾਇਤਾਂ ਤੇ ਰਾਵਾਂ ਦੇ ਰਹੇ ਸਨ। ਬਰਾਂਡੇ ਵਿਚ ਫਾਇਲਾਂ ਦਾ ਢੇਰ ਸੀ। ਫਰਸ਼ ਤੋਂ ਛੱਤ ਤਕ ਉਹ ਢੇਰ ਲਗਿਆ ਹੋਇਆ ਸੀ।

ਨਹੁੰਆਂ ਦੀ ਥਾਂ ਬੀੜੀ ਪੀਂਦੇ ਹੋਏ ਚਪੜਾਸੀ ਸਨ, ਜਿਹੜੇ ਆਪਣੇ ਡਾਕਟਰ ਨੁਮਾ ਅਫਸਰ ਨੂੰ ਵੇਖਕੇ ਬੀੜੀ ਛੁਪਾ ਲੈਂਦੇ ਸਨ, ਦੂਸਰੇ ਅਫਸਰਾਂ ਦੇ ਸਾਹਮਣੇ ਪੀਂਦੇ ਰਹਿੰਦੇ ਸਨ।

ਉਥੇ ਸਰਗਰਮੀ ਬਹੁਤ ਸੀ। ਮੈਂ ਜਨਸੰਪਰਕ ਅਧਿਕਾਰੀ ਦੇ ਕਮਰੇ ਵਿਚ ਵੜ-ਗਿਆ। ਉਹ ਪੱਥਰ ਦੀ ਮੂਰਤੀ ਵਾਂਗ ਚੁਪ ਚਾਪ ਬੈਠੇ ਹੋਏ ਸਨ। ਮੈਨੂੰ ਵੇਖਦਿਆਂ ਹੀ ਕੋਲ ਖੜੇ ਚਪੜਾਸੀ ਨੇ ਹੌਲੀ ਨਾਲ ਉਹਨਾਂ ਦੀ ਪਲਕ ਖੋਲ੍ਹ ਦਿਤੀ ਤੇ ਉਹ ਮੈਨੂੰ ਵੇਖਣ ਲੱਗੇ। ਚਪੜਾਸੀ ਨੇ ਫਿਰ ਹੌਲੇ ਜਹੇ ਉਹਨਾਂ ਦੀ ਖੱਬੀ ਗੱਲ੍ਹ ਖਿੱਚ ਦਿਤੀ, ਜਿਸ ਨਾਲ ਉਹਨਾਂ ਦੇ ਬੁੱਲ੍ਹ ਲੰਮੇ ਹੋ ਗਏ ਅਤੇ ਉਹਨਾਂ ਉਤੇ ਮੁਸਕਰਾਹਟ ਨਜ਼ਰ ਆਉਣ ਲੱਗੀ।

ਮੈਂ ਨਿਮਰਤਾ ਨਾਲ ਪੁੱਛਿਆ, "ਇਹ ਕਿਹੜਾ ਵਿਭਾਗ ਹੈ ਅਤੇ ਕੀ ਕੰਮ ਕਰਦਾ ਹੈ ?"

ਜਨਸੰਪਰਕ ਅਧਿਕਾਰੀ ਨੇ ਚਪੜਾਸੀ ਵਲ ਤੱਕਿਆ, ਚਪੜਾਸੀ ਨੇ ਉਹਨਾਂ ਦੀ ਠੋਡੀ ਹੇਠ ਲੱਗੇ ਇਕ ਬਟਨ ਨੂੰ ਦਬਾਇਆ ਤੇ ਆਵਾਜ਼ ਨਿਕਲਣ ਲਗੀ ! "ਭਾਰਤ ਵਿਚ ਜਨਤੰਤਰ ਸਥਾਪਿਤ ਕਰਨ ਲਈ ਅਜਿਹੇ ਨਵੇਂ ਆਦਮੀਆਂ ਦੀ ਲੋੜ ਹੈ, ਜਿਹੜੇ ਕੇਵਲ ਮਨ ਲਾ ਕੇ ਆਪਣਾ ਕੰਮ ਕਰਨ—ਅਨੁਸ਼ਾਸਨ ਨੂੰ ਸਮਝਣ। ਜਿਹੜੇ ਸੁਪਨੇ ਨਾ ਵੇਖਿਆ ਕਰਨ। ਆਪਣੀ ਬੁੱਧੀ ਨੂੰ ਜ਼ਿਆਦਾ ਨਾ ਵਰਤਣ। ਰੋਟੀ, ਕਪੜਾ ਤੇ ਰਹਿਣ ਲਈ ਥਾਂ ਨਾ ਮੰਗਣ। ਵੱਧ ਰਹੀਆਂ ਕੀਮਤਾਂ ਤੋਂ ਪਰੇਸ਼ਾਨ ਤੇ ਨਾਰਾਜ਼ ਨਾ ਹੋਣ। ਪ੍ਰਦਰਸ਼ਨ ਤੇ ਅੰਦੋਲਨਾਂ ਵਿਚ ਹਿੱਸਾ ਨਾ ਲੈਣ। ਕਿਉਂਕਿ ਇਸ ਨਾਲ ਪ੍ਰਗਤੀ ਵਿਚ ਰੁਕਾਵਟ ਪੈਂਦੀ ਹੈ। ਇਹ ਵਿਭਾਗ ਕਰਮਚਾਰੀਆਂ ਨੂੰ ਸੁਧਾਰਨ ਵਾਸਤੇ ਖੋਲ੍ਹਿਆ ਗਿਆ ਹੈ, ਤਾਕਿ ਉਹ ਮਨ ਲਾਕੇ ਕੇਵਲ ਆਪਣਾ ਕੰਮ ਕਰਨ।" ਏਨਾ ਕਹਿਕੇ ਜਨਸੰਪਰਕ ਅਧਿਕਾਰੀ ਚੁਪ ਹੋ ਗਏ । ਚਪੜਾਸੀ ਨੇ ਬਟਨ ਬੰਦ ਕਰ ਦਿਤੇ ਸਨ।

ਮੈਂ ਫਿਰ ਪੁੱਛਿਆ, ਪਰ ਸਰਕਾਰ ਅਤੇ ਕੁਝ ਚੰਗੀਆਂ ਗੈਰ ਸਰਕਾਰੀ ਸੰਸਥਾਵਾਂ ਵੀ ਜਨਤਾ ਵਾਸਤੇ ਸਾਰੇ ਕੰਮ ਕਰ ਰਹੀਆਂ ਨੇ। ਦੇਸ਼ ਵਿਚ ਆਰਥਿਕ-ਸਮਾਨਤਾ ਅਤੇ ਨਵੇਂ ਸਮਾਜ ਦੀ ਸਥਾਪਨਾ ਲਈ ਕਦਮ ਚੁਕ ਰਹੀਆਂ ਨੇ, ਫਿਰ ਤੁਹਾਡਾ ਵਿਭਾਗ ਇਸ ਤਰ੍ਹਾਂ ਦੇ ਕਰਮਚਾਰੀ ਕਿਉਂ ਪੈਦਾ ਕਰਨਾ ਚਾਹੁੰਦਾ ਹੈ ?

ਇਸ ਵਾਰ ਚਪੜਾਸੀ ਨੇ ਉਹਨਾਂ ਦੇ ਕੰਨ ਤੇ ਲਗੇ ਹੋਏ ਬਟਨ ਨੂੰ ਦਬਾਇਆ ਤੇ ਉਹ ਬੋਲਣ ਲਗੇ, "ਅਸਲ ਵਿਚ ਗੱਲ ਇਹ ਹੈ ਕਿ ਸਰਕਾਰ ਜਾਂ ਚੰਗੀਆਂ ਗੈਰ-ਸਰਕਾਰੀ ਸੰਸਥਾਵਾਂ ਦੇ ਹੱਥ ਵਿਚ ਕੁਝ ਵੀ ਨਹੀਂ ਏ । ਉਹ ਹਾਥੀ ਦੇ ਦੰਦ ਨੇ, ਜਿਸ ਨੂੰ ਵੇਖ ਕੇ ਜਨਤਾ ਖੁਸ਼ ਹੁੰਦੀ ਹੈ। ਅਸਲੀ ਦੰਦ ਮੂੰਹ ਦੇ ਅੰਦਰ ਹਨ। ਉਹਨਾਂ ਲਈ ਹੀ ਸਭ ਕੁਝ ਹੁੰਦਾ ਹੈ—— ਇਹ ਜਿੰਨੇ ਸਮਾਜ ਸੇਵਕ ਅਤੇ ਰਾਜਨੀਤਕ ਲੋਕ ਹਨ, ਸਾਰੇ ਵਿਕੇ ਹੋਏ ਹਨ ।——" ਉਹ ਕੁਝ ਹੋਰ ਕਹਿਣ ਵਾਲੇ ਸਨ ਪਰ ਚਪੜਾਸੀ ਨੇ ਦਿਮਾਗ ਦਾ ਬਟਨ ਬੰਦ ਕਰ ਦਿਤਾ । ਜਨ ਸੰਪਰਕ ਇਕ ਦਮ ਚੁੱਪ ਹੋ ਗਏ। ਚਪੜਾਸੀ ਨੇ ਉਹਨਾਂ ਦੇ ਬੁੱਲ੍ਹਾਂ ਨੂੰ ਨੱਪ ਦਿਤਾ। ਬੁਲ੍ਹ ਚਿਪਕ ਗਏ ਤੇ ਮੇਰੀ ਵਲ ਬਿਟਰ-ਬਿਟਰ ਵੇਖਦੇ ਰਹਿ ਗਏ।

ਮੈਂ ਉਹਨਾਂ ਦੇ ਕਮਰੇ ਚੋਂ ਨਿਕਲ ਆਇਆ। ਬਰਾਂਡੇ ਚੋਂ ਹੁੰਦਾ ਹੋਇਆ ਅੰਦਰ ਚਲਾ ਗਿਆ। ਉਥੇ ਬਹੁਤ ਸਾਰੇ ਅਫਸਰ ਨੁਮਾ ਡਾਕਟਰ ਇਕ ਅਪਰੇਸ਼ਨ ਦੀ ਮੇਜ਼ ਦੇ ਚੌਹੀਂ ਪਾਸੀਂ

ਖੜੇ ਸਨ। ਕੁਝ ਵਦੇਸ਼ੀ ਮਾਹਿਰ ਭੀ ਸਨ। ਇਕ ਕੌਣੇ ਵਿਚ ਫਾਇਲਾਂ ਦਾ ਢੇਰ ਲਗਿਆ ਹੋਇਆ ਸੀ ਅਤੇ ਇਕ ਕਲਰਕ ਕੁਝ ਲਿਖਣ ਵਿਚ ਚੁੱਪ ਰੁੱਝਾ ਹੋਇਆ ਸੀ। ਹੱਥਾਂ ਵਿਚ ਦਸਤਾਨੇ ਸਨ।

ਤਾਈਓਂ ਕੋਨੇ ਵਾਲੇ ਕਲਰਕ ਨੇ ਆਵਾਜ਼ ਦਿਤੀ——"ਦੀਨ ਦਿਆਲ,ਉਮਰ 40 ਸਾਲ, ਰੋਗ—ਬਹੁਤੀ ਤਨਖਾਹ ਮੰਗਦਾ ਹੈ। ਸਲਾਮ ਨਹੀਂ ਕਰਦਾ।"

ਦੀਨ ਦਿਆਲ ਅੰਦਰ ਆਇਆ। ਉਹ ਘਬਰਾਇਆ ਹੋਇਆ ਸੀ। ਚਿਹਰੇ ਦਾ ਰੰਗ ਉਡਿਆ ਹੋਇਆ ਜੀ। ਜਿਵੇਂ ਹੀ ਉਹ ਅੰਦਰ ਆਇਆ, ਉਹਨਾਂ ਅਫਸਰਾਂ ਨੁਮਾ ਡਾਕਟਰਾਂ ਨੇ ਉਹਨੂੰ ਫੜ ਲਿਆ। ਉਹਨੇ ਸਾਰਿਆਂ ਨੂੰ ਤਕਿਆ-ਕੁਝ ਅਫਸਰਾਂ ਨੂੰ ਪਛਾਣਿਆ। ਤਾਈਓਂ ਖੋਖਰੀ ਲੈ ਕੇ ਖਲੋਤੇ ਹੋਏ ਦੋਵੇਂ ਸਰਜਨ ਅਗੇ ਵਧੇ।

ਇਕ ਸਰਜਨ ਨੇ ਉਹਨੂੰ ਟਟੋਲਿਆ ਤੇ ਦੂਜੇ ਨੇ ਆਖਿਆ, "ਪਹਿਲਾਂ ਇਸ ਦਾ ਪਰਛਾਵਾਂ ਕੱਢ ਲਵੋ।"

ਸਰਜਨ ਨੰਬਰ ਦੋ ਨੇ ਲਾਗਲੀ ਮੇਜ਼ ਤੋਂ ਕੋਈ ਦਵਾਈ ਚੁਕ ਕੇ ਦੀਨ-ਦਿਆਲ ਨੂੰ ਸੁੰਘਾ ਦਿਤੀ ਤੇ ਉਸ ਦੇ ਮੂੰਹ ਵਿਚ ਹੱਥ ਪਾ ਕੇ ਇਕ ਆਤਮਾ-ਨੁਮਾ ਚੀਜ਼ ਖਿੱਚ ਲਈ। ਉਸ ਚੀਜ਼ ਨੂੰ ਮੇਜ਼ ਦੀ ਨਾਲ ਦੀ ਪਲੇਟ ਵਿਚ ਰਖ ਦਿਤਾ ਗਿਆ।

ਪਹਿਲੇ ਸਰਜਨ ਨੇ ਸੈਨਤ ਕੀਤੀ ਤੇ ਦੂਸਰੇ ਸਰਜਨ ਨੇ ਇਕ ਝਟਕੇ ਨਾਲ ਦੀਨ ਦਿਆਲ ਦੀ ਖੋਪੜੀ ਦੀ ਹੱਡੀ ਵਿਚ ਖੋਖਰੀ ਲਾਹ ਦਿਤੀ। ਖੋਪੜੀ ਦੀ ਹੱਡੀ ਉਤਰਦਿਆਂ ਹੀ ਇਕ ਛੋਟੀ ਜਿਹੀ ਡਾਇਰੀ ਨਿਕਲ ਕੇ ਸਰਾਹਣੇ ਤੇ ਡਿਗ ਪਈ। ਕੋਲ ਖੜੇ ਅਫਸਰ ਨੁਮਾ ਡਾਕਟਰਾਂ ਨੇ ਦੌੜ ਕੇ ਦੀਨ ਦਿਆਲ ਦੀ ਖੋਪੜੀ ਵਿਚ ਝਾਕਿਆ। ਉਹ ਖਾਲੀ ਸੀ। ਇਕ ਡਾਕਟਰ ਨੇ ਡਾਇਰੀ ਚੁਕ ਕੇ ਵੇਖਣੀ ਸ਼ੁਰੂ ਕੀਤੀ। ਉਸ ਵਿਚ ਬਹੁਤ ਸਾਰੀਆਂ ਗੱਲਾਂ ਨੋਟ ਸਨ।

ਜਿੰਨਾ ਕਰਜ਼ਾ ਉਹਨੇ ਲਿਆ ਸੀ, ਉਹ ਵਿਸਥਾਰ ਨਾਲ ਲਿਖਿਆ ਹੋਇਆ ਸੀ। ਡਾਕਟਰ ਨੇ ਹਿਸਾਬ ਜੋੜਿਆ ਤਾਂ ਕਰਜ਼ਾ ਪੰਜ ਹਜ਼ਾਰ ਨਿਕਲਿਆ। ਉਸੇ ਡਾਇਰੀ ਵਿਚ ਦਿਨ ਵੀ ਟੰਗੇ ਹੋਏ ਸਨ, ਜਦ-ਜਦ ਉਸ ਦੀ ਤਨਖਾਹ ਵਿਚ ਵਾਧਾ ਹੋਇਆ ਸੀ——————ਡਾਕਟਰਾਂ ਨੇ ਹਿਸਾਬ ਲਾਇਆ। ਬਾਈ ਵਰ੍ਹਿਆਂ ਦੀ ਨੌਕਰੀ ਵਿਚ ਉਸਦੇ ਕੁੱਲ ਇਕ ਸੌ ਦਸ ਰੁਪਈਏ ਵਧੇ ਸਨ। ਪਚਾਸੀ ਰੁਪਈਆਂ ਤੋਂ ਉਸ ਨੌਕਰੀ ਸ਼ੁਰੂ ਕੀਤੀ ਸੀ ਅਤੇ ਹੁਣ ਇਕ ਸੌ ਪਚਾਨਵੇਂ ਕਮਾ ਰਿਹਾ ਸੀ।

ਇਸ ਤੋਂ ਇਲਾਵਾ ਡਾਇਰੀ ਵਿਚ ਉਹ ਰਕਮ ਵੀ ਨੋਟ ਸੀ, ਜਿਹੜੀ ਉਹ ਆਪਣੇ ਮੁੰਡੇ ਪੜ੍ਹਾਣ ਲਈ ਹਰ ਮਹੀਨੇ ਭੇਜਦਾ ਰਿਹਾ ਸੀ ਅਤੇ ਸਮੇਂ ਸਮੇਂ ਹੜ੍ਹ-ਸਹਾਇਤਾ ਆਦਿ ਕੋਸ਼ ਵਿਚ ਦੇਂਦਾ ਸੀ। ਡਾਇਰੀ ਵਿਚ ਉਹਨਾਂ ਘਰ ਵਾਲਿਆਂ ਤੇ ਹਸਪਤਾਲਾਂ ਦੇ ਨਾਂ ਵੀ ਦਰਜ ਸਨ, ਜਿਨ੍ਹਾਂ ਵਿਚ ਉਸ ਦੀ ਮੌਤ ਹੋਈ ਜਾਂ ਜਨਮ ਹੋਇਆ ਸੀ।

ਅਜੇ ਡਾਕਟਰ ਉਹ ਡਾਇਰੀ ਪੜ੍ਹ ਹੀ ਰਹੇ ਸਨ ਕਿ ਸਰਜਨ ਨੇ ਫਿਰ ਇਸ਼ਾਰਾ ਕੀਤਾ। ਦੂਸਰੇ ਸਰਜਨ ਨੇ ਖੋਖਰੀ ਨਾਲ ਉਸ ਦੀਆਂ ਦੋਵੇਂ ਅੱਖਾਂ ਕੱਟ ਦਿਤੀਆਂ। ਪੁਤਲੀਆਂ

ਕਢੀਆਂ, ਤਾਂ ਉਹਨਾਂ ਦੇ ਨਾਲ ਕੈਮਰੇ ਦੀ ਰੀਲ ਵਰਗੀਆਂ ਲੰਮੀਆਂ ਰੀਲਾਂ ਨਿਕਲਦੀਆਂ ਚਲੀਆਂ ਗਈਆਂ। ਦੋਵੇਂ ਸਰਜਨ ਮਿਲ ਕੇ ਰੀਲਾਂ ਨੂੰ ਖਿੱਚ ਰਹੇ ਸਨ, ਪਰ ਰੀਲਾਂ ਖਤਮ ਹੀ ਨਹੀਂ ਸਨ ਹੋਣ 'ਚ ਆਉਂਦੀਆਂ। ਆਖਰ ਹਾਰ ਕੇ ਉਹਨਾਂ ਨੇ ਖੋਖਰੀ ਨਾਲ ਰੀਲਾਂ ਕੱਟ ਲਈਆਂ।

ਉਹਨਾਂ ਰੀਲਾਂ ਤੇ ਹਜ਼ਾਰਾਂ ਤਸਵੀਰਾਂ ਸਨ—ਪਰ ਬਹੁਤ ਅਜੀਬ। ਉਹਨਾਂ ਵਿਚ ਕੁਝ ਤਸਵੀਰਾਂ ਮਕਾਨਾਂ ਦੀਆਂ ਸਨ! ਚੰਗੇ ਸਾਫ ਸੁਥਰੇ ਮਕਾਨਾਂ ਦੀਆਂ। ਕੁਝ ਤਸਵੀਰਾਂ ਵਿਚ ਸਜੀਆਂ ਹੋਈਆਂ ਦੁਕਾਨਾਂ ਦੇ ਪ੍ਰਤੀਬਿੰਬ ਸਨ, ਜਿਨ੍ਹਾਂ ਦੇ ਸ਼ੋ-ਕੇਸਾਂ ਵਿਚ ਸੁੰਦਰ-ਸੁੰਦਰ ਸਾੜ੍ਹੀਆਂ ਸਜ ਰਹੀਆਂ ਸਨ। ਕੁਝ ਤਸਵੀਰਾਂ ਕਮੀਜ਼ਾਂ, ਪੈਂਟਾਂ ਤੇ ਕੋਟਾਂ ਦੀਆਂ ਸਨ। ਸਿਹਤਮੰਦ ਬੱਚਿਆਂ ਤੇ ਉਹਨਾਂ ਦੀਆਂ ਮੁਸਕਰਾਹਟਾਂ ਦੀਆਂ ਸਨ। ਖੰਡ ਤੇ ਰਾਸ਼ਨ ਦੀਆਂ ਸਨ। ਬਨਾਰਸ ਤੇ ਹਰਦੁਆਰ ਦੀਆਂ ਸਨ। ਮੰਦਰਾਂ ਤੇ ਤੀਰਥ-ਸਥਾਨਾਂ ਦੀਆਂ ਸਨ। ਦਵਾਈਆਂ ਤੇ ਫਲਾਂ ਦੀਆਂ ਸਨ। ਬਚਿਆਂ ਦੀਆਂ ਰੰਗ ਬਰੰਗੀਆਂ ਪੋਸ਼ਾਕਾਂ ਤੇ ਖਡੌਣਿਆਂ ਦੀਆਂ ਸਨ।

ਉਹਨਾਂ ਤਸਵੀਰਾਂ ਨੂੰ ਵੇਖਦੇ-ਵੇਖਦੇ ਸਾਰੇ ਲੋਕ ਤਰੱਬਕ ਉਠੇ। ਉਹਨਾਂ ਨੇ ਉਹ ਰੀਲਾਂ ਵਲੇਟ ਕੇ ਰਖ ਦਿਤੀਆਂ। ਫਿਰ ਸਰਜਨ ਨੇ ਇਸ਼ਾਰਾ ਕੀਤਾ ਤੇ ਦੂਜੇ ਸਰਜਨ ਨੇ ਖੋਖਰੀ ਮਾਰ ਕੇ ਉਸ ਦਾ ਪੇਟ ਚੀਰ ਦਿਤਾ।—ਉਸ ਦੇ ਪਾਟਦਿਆਂ ਹੀ ਧੂੰਏਂ ਦਾ ਇਕ ਗੁਬਾਰ ਜਿਹਾ ਨਿਕਲਿਆ ਅਤੇ ਚਾਰੇ ਪਾਸੇ ਬੀੜੀ ਦੀ ਗੰਧ ਫੈਲ ਗਈ। ਧੂੰਆਂ ਜਦੋਂ ਸਾਫ ਹੋਇਆ, ਤਾਂ ਢਿੱਡ 'ਚੋਂ ਇਕ ਰਾਸ਼ਨ-ਕਾਰਡ ਤੇ ਕਰਿਆਨੇ ਦੀਆਂ ਕੁਝ ਪਰਚੀਆਂ ਨਿਕਲ ਆਈਆਂ। ਬੀੜੀ ਦੇ ਕੁਝ ਟੁਕੜੇ ਤੇ ਚਾਹ ਦੀ ਪੱਤੀ ਵੀ ਨਿਕਲੀ।

ਉਹਨਾਂ ਸਾਰੀਆਂ ਚੀਜ਼ਾਂ ਨੂੰ ਕੱਢ ਕੇ ਪਲੇਟ ਵਿਚ ਰੱਖ ਦਿਤਾ ਗਿਆ। ਇਕ ਕਲਰਕ ਓਥੇ ਹੀ ਖੜਾ ਖੜਾ ਉਹਨਾਂ ਦੀ ਸੂਚੀ ਬਣਾਉਂਦਾ ਜਾ ਰਿਹਾ ਸੀ।

ਇਸ ਤੋਂ ਪਿਛੋਂ ਪਹਿਲੇ ਸਰਜਨ ਨੇ ਇਸ਼ਾਰਾ ਕੀਤਾ ਤੇ ਦੂਸਰੇ ਸਰਜਨ ਨੇ ਉਸ ਦੀ ਹਿਕ ਚੀਰ ਦਿਤੀ। ਦਿਲ ਦੇ ਆਸ ਪਾਸ ਦਾ ਹਿੱਸਾ ਉਸ ਕੱਟ ਲਿਆ ਸੀ। ਉਹਨਾਂ ਨੂੰ ਉਮੀਦ ਸੀ ਕਿ ਇਕ ਧੜਕਦਾ ਹੋਇਆ ਦਿਲ ਓਥੇ ਹੋਵੇਗਾ......ਪਰ ਕੁਝ ਨਜ਼ਰ ਨਹੀਂ ਆ ਰਿਹਾ ਸੀ। ਝਾਕ ਕੇ ਦੋਵਾਂ ਸਰਜਨਾਂ ਨੇ ਵੇਖਿਆ, ਤਾਂ ਓਥੇ ਜਾਲਾ ਲਗਿਆ ਹੋਇਆ ਨਜ਼ਰ ਆਇਆ। ਸਰਜਨ ਨੇ ਖੋਖਰੀ ਦੀ ਨੋਕ ਨਾਲ ਜਾਲੇ ਦੀ ਇਕ ਪਰਤ ਹਟਾਈ। ਜਾਲਾ ਫਿਰ ਵੀ ਲਗਿਆ ਹੋਇਆ ਸੀ। ਖੋਖਰੀ ਦੀ ਨੋਕ ਨਾਲ ਉਹਨੇ ਪੂਰਾ ਜਾਲਾ ਸਾਫ ਕੀਤਾ ਤਾਂ ਉਹਦੇ ਨਾਲ ਹੀ ਇਕ ਜਿਉਂਦੀ ਮਕੜੀ ਵੀ ਨਿਕਲੀ।

ਦੋਵਾਂ ਸਰਜਨਾਂ ਨੇ ਮਿਲ ਕੇ ਦੀਨ ਦਿਆਲ ਦੀ ਖੋਪੜੀ, ਅੱਖਾਂ, ਪੇਟ ਅਤੇ ਦਿਲ ਵਾਲੀ ਥਾਂ ਚੰਗੀ ਤਰ੍ਹਾਂ ਸਾਫ ਕਰ ਦਿਤੀ। ਸਾਫ ਕਰਨ ਪਿਛੋਂ ਉਹਨਾਂ ਵਿਚ ਪਾਊਡਰ ਛਿੜਕਿਆ।

ਤਾਈਓਂ ਇਕ ਪਲੇਟ ਵਿਚ ਕੁਝ ਚੀਜ਼ਾਂ ਰੱਖੀ ਇਕ ਕੰਮਪਾਊਡਰ ਹਾਜ਼ਰ ਹੋਇਆ। ਦੂਸਰਾ ਸਰਜਨ ਇਕ ਪਾਸੇ ਹਟ ਗਿਆ। ਪਹਿਲਾ ਵਾਲੇ ਸਰਜਨ ਨੇ ਕੰਮਪਾਊਡਰ ਦੀ ਪਲੇਟ ਚੋਂ ਫਾਈਲਾਂ ਦਾ ਇਕ ਨਿੱਕਾ ਜਿਹਾ ਇਕੱਠਾ ਕੀਤਾ ਹੋਇਆ ਬੱਧਾ ਚੁਕਿਆ ਅਤੇ ਉਸ ਦੀ

ਖੋਪੜੀ ਵਿਚ ਰੱਖ ਕੇ ਕਟੋਰੇਦਾਰ ਹੱਡੀ ਚੜ੍ਹਾ ਦਿਤੀ।

ਉਸ ਤੋਂ ਪਿਛੋਂ ਪਲੇਟ ਚੋਂ ਉਹਨੇ ਦੀਨ ਦਿਆਲ ਦੇ ਸਾਰੇ ਅਫਸਰਾਂ ਦੀਆਂ ਤਸਵੀਰਾਂ ਚੁੱਕੀਆਂ ਅਤੇ ਉਹਨਾਂ ਨੂੰ ਵਲ੍ਹੇਟ ਵਲ੍ਹੇਟ ਕੇ ਅੱਖਾਂ ਦੇ ਟੋਇਆਂ ਵਿਚ ਭਰ ਦਿਤਾ। ਅੱਖਾਂ ਦੇ ਟੋਏ ਭਰ ਗਏ ਤਾਂ ਉਸ ਬੜੀ ਸਾਵਧਾਨੀ ਨਾਲ ਪੁਤਲੀਆਂ ਜੜ ਦਿਤੀਆਂ।

ਫਿਰ ਪਲੇਟ 'ਚੋਂ ਉਹਨੇ ਅਖਬਾਰਾਂ ਦੀਆਂ ਕਤਰਨਾਂ ਚੁਕੀਆਂ, ਜਿਹਨਾਂ ਵਿਚ ਮਹਿੰਗਾਈ ਭੱਤਾ ਵੱਧਣ ਤੇ ਕੀਮਤਾਂ ਘਟ ਹੋਣ ਦੀਆਂ ਖਬਰਾਂ ਛਪੀਆਂ ਹੋਈਆਂ ਸਨ। ਉਹਨਾਂ ਕਤਰਨਾਂ ਨੂੰ ਉਸ ਇਕ ਪਿੰਨ ਨਾਲ ਨੱਥੀ ਕੀਤਾ ਤੇ ਢਿੱਡ ਵਿਚ ਰਖਕੇ ਸਿਲਾਈ ਕਰ ਦਿਤੀ।

ਇਸ ਤੋਂ ਪਿਛੋਂ ਉਹਨੇ ਪੱਥਰ ਦਾ ਇਕ ਨਿੱਕਾ ਜਿਹਾ ਟੁਕੜਾ ਚੁਕਿਆ ਤੇ ਦਿਲ ਦੀ ਥਾਂ ਤੇ ਰਖ ਕੇ ਸੀਨੇ ਤੇ ਵੀ ਟਾਂਕੇ ਲਾ ਦਿਤੇ। ਅੰਤ ਵਿਚ ਉਹਨੇ ਉਹ ਪਰਛਾਵੇਂ ਨੁਮਾ ਆਤਮਾ ਚੁਕੀ ਅਤੇ ਦੀਨ ਦਿਆਲ ਦਾ ਮੂੰਹ ਖੋਲ੍ਹ ਕੇ ਉਹਦੇ ਅੰਦਰ ਧੱਕ ਦਿਤੀ। ਉਹਨੂੰ ਮੇਜ਼ ਤੋਂ ਉਠੌਣ ਤੋਂ ਪਹਿਲਾਂ ਉਹਨਾਂ ਨੇ ਜਲਦੀ ਨਾਲ ਦੋ ਟਾਂਕੇ ਉਸ ਦੀ ਜੀਭ ਉਤੇ ਵੀ ਲਾ ਦਿਤੇ ਅਤੇ ਪਿੱਠ ਨੂੰ ਥਪ ਥਪਾ ਕੇ ਉਸ ਨੂੰ ਬਿਠਾ ਦਿਤਾ ਗਿਆ।

ਦੀਨ ਦਿਆਲ ਫੁਰਤੀ ਨਾਲ ਖਲੋ ਗਿਆ। ਉਹਨੇ ਝੁਕ ਝੁਕ ਕੇ ਆਪਣੇ ਸਾਰੇ ਅਫਸਰਾਂ ਨੂੰ ਸਲਾਮ ਕੀਤੀ ਤੇ ਬਾਹਰ ਨਿਕਲ ਗਿਆ।

ਉਹਦੇ ਜਾਂਦਿਆਂ ਹੀ ਕਲਰਕ ਨੇ ਆਵਾਜ਼ ਦਿਤੀ——"ਸਦਾ ਨੰਦ——ਉਮਰ ਪੰਝੀ ਸਾਲ——ਰੋਗ——"

ਪੰਜਾਬੀ ਰੂਪ—**ਜੁਗਿੰਦਰ ਅਮਰ**

★

ਹਜ਼ਾਰੀ ਪ੍ਰਸਾਦ ਦਿਵੇਦੀ

# 'ਜਦੋਂ ਕਿ ਦਿਮਾਗ ਖਾਲੀ ਹੈ'

ਜਦੋਂ ਕਿ ਦਿਮਾਗ ਖਾਲੀ ਤੇ ਦਿਲ ਭਰਿਆ ਹੋਇਆ ਹੋਵੇ, ਤਾਂ ਸ਼ਾਸਤਰ-ਚਰਚਾ ਚੰਗੀ ਨਹੀਂ ਲਗਦੀ। ਮੇਰੀ ਹਾਲਤ ਅੱਜ ਅਜਿਹੀ ਹੀ ਹੈ। ਅਜੇ ਹੁਣੇ ਹੀ ਉਸ ਨਰੋਏ ਜੁੱਸੇ ਵਾਲੇ ਗਭਰੂ ਪਠਾਣ ਨੂੰ ਦੇਖ ਚੁੱਕਿਆ ਹਾਂ। ਹਿੰਗ ਵੇਚਣ ਆਇਆ ਸੀ। ਲੰਬਾ-ਤਕੜਾ ਸਰੀਰ, ਸਾਊ ਮੁੱਖੜਾ, ਨਿੱਡਰ ਅੱਖਾਂ ਤੇ 'ਕੁੱਝ ਪਰਵਾਹ ਨਹੀਂ' ਚਿਹਰਾ। ਬੋਲਿਆ-ਬਾਬੂ ਜੀ, ਉਸ ਉੱਚੀ ਕੋਠੀ ਵਾਲੇ ਬੰਗਲੇ ਵਿਚ ਕੌਣ ਰਹਿੰਦਾ ਹੈ ?" ਉਸਦਾ ਭਾਵ 'ਉਤਰਾਇਣ' ਤੋਂ ਸੀ। ਫੇਰ ਬਿਨਾਂ ਜਵਾਬ ਉਡੀਕਿਆਂ ਹੀ ਪੁੱਛ ਬੈਠਿਆ—"ਉਹ ਹਿੰਦੂ ਤਾਂ ਨਹੀਂ ਲਗਦਾ ਬਾਬੂ ਜੀ ! ਮੁਸਲਮਾਨ ਹੈ ਕੀ ?"

ਮੈਂ ਜਵਾਬ ਦਿੱਤਾ—"ਨਹੀਂ।"

"ਈਸਾਈ ਹੈ ?"

"ਨਹੀਂ।"

"ਮੁਸਲਮਾਨ ਵੀ ਨਹੀਂ ਤੇ ਈਸਾਈ ਵੀ ਨਹੀਂ ?"

"ਹਾਂ।"

"ਤਾਂ ਕੀ ਹਿੰਦੂ ਹੈ ?"

ਸਵਾਲ ਗੁਰਦੇਵ (ਰਵਿੰਦਰ ਨਾਥ ਠਾਕੁਰ) ਦੇ ਸਬੰਧ ਵਿਚ ਪੁਛੇ ਜਾ ਰਹੇ ਸਨ। ਮੈਂ ਬੇਦਿਲੀ ਜਿਹੀ ਨਾਲ ਜਵਾਬ ਦੇਈ ਜਾ ਰਿਹਾ ਸਾਂ। ਪਠਾਣ ਗਭਰੂ ਮੇਰੀ ਉਦਾਸੀ ਤੇ ਬੇਦਿਲੀ ਤੋਂ ਕੁੱਝ ਰੁੱਸ ਜਿਹਾ ਗਿਆ। ਹੁਣ ਵਾਧੂ ਦੀਆਂ ਗੱਲਾਂ ਛੱਡਕੇ ਉਸਨੇ ਕੰਮ ਦੀ ਗੱਲ ਪੁੱਛੀ—

"ਉਹ ਹਿੰਗ ਤਾਂ ਖਾਂਦਾ ਈ ਹੋਣਾ ਏ, ਬਾਬੂ ਜੀ ?"

"ਬਈ ਮੈਨੂੰ ਕੀ ਪਤਾ ਏ ਭਲਾ !"

ਉਸਨੇ ਹੋਰ ਜ਼ਿਆਦਾ ਠਹਿਰਨਾ ਠੀਕ ਨਹੀਂ ਸਮਝਿਆ। ਸਲਾਮ ਕਰਕੇ ਆਪਣੇ ਰਾਹ ਪੈ ਗਿਆ। ਪਰ ਮੇਰਿਆਂ ਕੰਨਾਂ ਵਿੱਚ ਅਜੇ ਤੀਕ ਵੀ ਉਹਦੇ ਬੋਲ ਗੂੰਜ ਰਹੇ ਹਨ—"ਮੁਸਲਮਾਨ ਵੀ ਨਹੀਂ ਈਸਾਈ ਵੀ ਨਹੀਂ ਤਾਂ ਕੀ ਹਿੰਦੂ ਏ ਫੇਰ ? ਇਸ ਬਦਕਿਸਮਤ ਦੇਸ਼ ਵਿੱਚ ਜਿਹੜਾ ਕੋਈ ਈਸਾਈ ਨਹੀਂ, ਮੁਸਲਮਾਨ ਵੀ ਨਹੀਂ, ਉਹ ਹਿੰਦੂ ਹੁੰਦਾ ਹੈ। ਇਹ ਪਠਾਣ ਗੱਭਰੂ ਪਾਣਿਨੀ ਯਾਸਕ ਦੀ ਔਲਾਦ ਹੈ, ਪਰ ਕਿਉਂਕਿ ਉਹ ਮੁਸਲਮਾਨ ਹੈ ਇਸ ਲਈ ਹਿੰਦੂ ਨਹੀਂ। ਇਸਦੇ ਵਡੇ-ਵਡੇਰਿਆਂ ਨੇ ਵੈਦਿਕ-ਸਾਹਿੱਤ ਦੇ ਸਭ ਤੋਂ ਚੰਗੇ ਹਿੱਸਿਆਂ ਦਾ ਸੰਪਾਦਨ ਕੀਤਾ ਸੀ, ਪਰ ਕਿਉਂਕਿ ਉਹ ਮੁਸਲਮਾਨ ਹੈ, ਇਸ ਲਈ ਉਹ ਹਿੰਦੂ ਨਹੀਂ ਤੇ ਇਸੇ ਲਈ ਉਹਦੇ ਲਈ ਉਹ ਸਾਰਾ ਸਾਹਿੱਤ ਕੁਫਰ ਹੈ।

ਪਾਣਨੀ ਦੀ ਔਲਾਦ ਅੱਜ ਹਿੰਗ ਵੇਚਦੀ ਹੈ, ਕਿਉਂਕਿ ਉਹ ਹਿੰਦੂ ਨਹੀਂ ਤੇ ਜਿਹੜਾ ਹਿੰਦੂ ਨਹੀਂ ਉਹਦੇ ਲਈ ਆਪਣੇ ਪੁਰਖਿਆਂ ਦੀਆਂ ਸਭ ਤੋਂ ਵੱਡਮੁੱਲੀਆਂ ਚੀਜ਼ਾਂ ਵੀ ਤਿਆਗਣ ਯੋਗ ਹਨ। ਇਹ ਅਜੀਬ ਜੁਗਤ ਹੈ। ਅਫਸੋਸ ਮੈਂ ਵੀ ਨਹੀਂ ਕਰਦਾ। ਹਿੰਦੂ ਕਹਾਉਣ ਵਾਲੇ ਜੀਵਾਂ ਦੀਆਂ ਗੱਲਾਂ ਕੁੱਝ ਘੱਟ ਅਜੀਬ ਨਹੀਂ ਹਨ, ਕਦੇ-ਕਦਾਈਂ ਤਾਂ ਇਨ੍ਹਾਂ ਵਰਗੀਆਂ ਅਜੀਬ ਗੱਲਾਂ ਦੁਨੀਆਂ ਦੇ ਕਿਸੇ ਦੂਜੇ ਕੋਣੇ ਵਿੱਚ ਸ਼ਾਇਦ ਹੀ ਮਿਲ ਸਕਣ। ਇੱਥੇ ਮਨੁੱਖ ਨੂੰ ਕੁੱਤਿਆਂ ਬਿੱਲੀਆਂ ਤੋਂ ਵੀ ਭੈੜਾ ਸਮਝਿਆ ਜਾਂਦਾ ਹੈ ਕਿਉਂਕਿ ਉਹ ਹਿੰਦੂ ਨੇ। ਇਥੇ ਵਿਧਵਾਵਾਂ ਨੂੰ ਬਰਗਲਾਇਆ-ਫੁਸਲਾਇਆ ਜਾਂਦਾ ਹੈ ਤੇ ਗਰਭਪਾਤ ਵੀ ਕਰਵਾਇਆ ਜਾਂਦਾ ਹੈ, ਕਿਉਂਕਿ ਉਹ ਹਿੰਦੂ ਨੇ। ਇਥੇ ਵੇਸਵਾਵਾਂ ਨੂੰ ਮੰਦਰ ਵਿੱਚ ਲੈ ਜਾਇਆ ਜਾਂਦਾ ਹੈ,ਪਰ ਸਤੀਆਂ ਤੇ ਅਣਛੋਹ ਸੁਆਣੀਆਂ ਨੂੰ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ, ਕਿਉਂਕਿ ਉਹ ਹਿੰਦੂ ਨੇ। ਇੱਥੇ ਬੇਇਨਸਾਫੀ ਨੂੰ ਇਨਸਾਫ ਕਹਿਕੇ ਚਲਾਇਆ ਜਾ ਸਕਦਾ ਹੈ। ਇਸ ਸਮਾਜ ਵਿਚ ਇੰਨੀਆਂ ਕਮ-ਜ਼ੋਰੀਆਂ, ਇੰਨੀਆਂ ਬਦਇੰਤਜ਼ਾਮੀਆਂ ਤੇ ਇੰਨੇ ਕੁਚੱਜ ਹਨ ਕਿ ਇਹ ਸਮਾਜ ਮਰਨ ਲਈ ਮਜਬੂਰ ਹੈ। ਹਿੰਦੂ ਦਾ ਅਰਥ ਹੈ—ਹਿੰਦੂ ਭਾਵ ਦੀ ਥੁੱੜ ! ਪੁਰਾਣੇ ਸਮਿਆਂ ਦੇ ਅਪੋਹਵਾਦੀ ਫਿਲਾਸਫਰਾਂ ਦਾ ਖਿਆਲ ਸੀ ਕਿ ਕਿਸੇ ਪਦਾਰਥ ਨੂੰ ਥੁੱੜ ਰੂਪ ਵਿੱਚ ਹੀ ਬਿਆਨਿਆ ਜਾ ਸਕਦਾ ਹੈ ਅਰਥਾਤ ਘੜੇ ਦੀ ਸੱਚੀ ਪਹਿਚਾਣ ਇਹ ਹੈ ਕਿ ਉਸ ਘੜੇ ਦੀ ਥੁੱੜ ਹੈ। ਉਸ ਪਠਾਣ-ਗਭਰੀਟ ਨੇ ਅੱਜ ਮੇਰੇ ਮਨ ਵਿੱਚਲੇ ਅਪੋਹਵਾਦੀ ਫਿਲਾਸਫਰ ਨੂੰ ਟੁੰਬ ਦਿੱਤਾ ਹੈ। ਮੈਂ ਸੋਚਦਾ ਹਾਂ ਕਿ ਹਿੰਦੂਆਂ ਦੀ ਜਾਣਕਾਰੀ ਵੀ ਥੁੱੜ ਦੇ ਰੂਪ ਵਿਚ ਹੀ ਕਾਰਵਾਈ ਜਾ ਸਕਦੀ ਹੈ। ਪਰ ਇਹ ਵੀ ਕਿਵੇਂ ਮੰਨ ਲਿਆ ਜਾਵੇ ? ਸ਼ਾਸਤਰਾਂ, ਪੁਰਾਣਾਂ, ਸੰਮ੍ਰਿਤੀਆਂ, ਸਤੋਤਰਾਂ ਤੇ ਕਰਮਕਾਂਡਾਂ ਦੇ ਵਿਧੀ-ਨਿਖੇਧਾਂ ਨਾਲ ਭਰਪੂਰ ਇਨ੍ਹਾਂ ਪੋਥਿਆਂ ਨੂੰ ਅਸੀਂ ਥੁੜ ਕਿਵੇਂ ਮੰਨ ਲਈਏ ? ਕਾਵਿ, ਨਾਟਕਾਂ, ਚੰਪੂਆਂ, ਆਖਿਆਇਕਾਵਾਂ ਤੇ ਕਥਾਵਾਂ ਦਾ ਅਮਰਲੋਕ ਉਸਾਰਨ ਵਾਲੀ ਇਸ ਕੌਮ ਨੂੰ ਥੁੱੜ ਕਿਵੇਂ ਮੰਨ ਲਿਅ ਜਾਵੇ ?

ਪਰ ਜਦੋਂ ਦਿਮਾਗ ਖਾਲੀ ਤੇ ਦਿਲ ਭਰਿਆ ਹੋਇਆ ਹੋਵੇ, ਤਾਂ ਸ਼ਾਸਤਰ-ਚਰਚਾ ਕੁੱਝ ਭਾਉਂਦੀ ਨਹੀਂ। ਨਹੀਂ ਤਾਂ,ਜਿਹੜੀ ਕੌਮ ਨੇ ਇੱਕ ਵਾਰ ਵੰਖਸ਼ੂ ਦੇ ਕਿਨਾਰੇ ਤੋਂ ਮਹਾਂਸ਼ੋਣ ਤੀਕ

ਇੱਕ ਛਤਰ ਰਾਜ ਕੀਤਾ ਸੀ, ਜਿਸਦੀ ਸੰਸਕ੍ਰਿਤੀ ਮਹਾਂ ਪਰਬਤਾਂ ਨੂੰ ਟੱਪ ਕੇ ਤੇ ਮਹਾਂਸਮੁੰਦਰਾਂ ਨੂੰ ਤੈਰਕੇ ਵੀ ਜਿੱਤ ਆਪਣੀ ਦਾ ਝੰਡਾ ਲਹਿਰਾ ਸਕੀ ਸੀ, ਜਿਸਦੀ ਜੇਤੂ-ਫੌਜ ਪੂਰਬ ਤੋਂ ਪਰਲੇ ਸਿਰੇ ਤੀਕ ਦੇ ਸਮੁੰਦਰਾਂ ਵਿਚ ਸ਼ੇਰ ਵਾਂਗ ਗੱਜਦੀ ਰਹੀ, ਉਸਦੇ ਸਬੰਧ ਵਿਚ ਇੰਨਾ ਬਹੁਤਾ ਫਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਇਹ ਠੀਕ ਹੈ ਕਿ ਪਾਣਿਨੀ ਦੀ ਔਲਾਦ ਅਜ ਹਿੰਗ ਵੇਚਦੀ ਹੈ ਤੇ ਕੁਮਾਰਜੀਵ ਦਾ ਸ਼ਰੀਕਾ-ਕਬੀਲਾ ਸਰਹੱਦ ਦੇ ਹਿੰਦੂਆਂ ਦੀਆਂ ਨੂੰਹਾਂ-ਧੀਆਂ ਦਾ ਧੰਦਾ ਕਰਦਾ ਹੈ। ਤੇ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਕਾਲੀਦਾਸ ਦੀ ਵਿਹਾਰ ਭੂਮੀ ਵਿਚ ਅਜ ਅਜਿਹੀ ਸਭਿਅਤਾ (ਜਾਂ ਹੈਵਾਨੀਅਤ) ਦਾ ਤਾਂਡਵ ਨਾਚ ਹੋ ਰਿਹਾ ਹੈ ਜਿਹੜਾ ਕਿ ਦਿਲ ਨੂੰ ਹਿਲਾਏ ਬਿਨਾਂ ਨਹੀਂ ਰਹਿ ਸਕਦਾ, ਫੇਰ ਵੀ ਭਰੋਸਾ ਇਹ ਹੈ ਕਿ ਉਹ ਲਹੂ ਅਜੇ ਬਚਿਆ ਤਾਂ ਹੈ। ਅੱਜ ਨਹੀਂ ਤਾਂ ਕੱਲ ਉਹ ਆਪਣਾ ਅਸਰ ਫੈਲਾਵੇਗਾ ਹੀ, ਪਰ ਮੈਂ ਇਕ ਦੂਜੀ ਗੱਲ ਸੋਚ ਰਿਹਾ ਹਾਂ। ਕਹਿੰਦੇ ਨੇ-'ਫਲੇਨ ਪਰਿਚੀਯਤੇ ਵ੍ਰਿਕਸ਼'—ਅਰਥਾਤ ਦਰਖਤ ਦੀ ਪਹਿਚਾਣ ਫਲ ਤੋਂ ਹੁੰਦੀ ਹੈ। ਅੱਜ ਜਿਹੜੀ ਬੁਰੀ ਹਾਲਤ ਹਿੰਦੂਆਂ ਦੀ ਹੈ ਉਹ ਤਾਂ ਉਸੇ ਹੀ ਬਹੁਤੀ ਗਾਈ ਤੇ ਦੱਸੀ ਜਾਣ ਵਾਲੀ ਤਰੱਕੀ ਤੇ ਅਮੀਰੀ ਦੇ ਸਮੇਂ ਵਿਚ ਉਪਜੀ ਤੇ ਫੈਲੀ ਸਭਿਅਤਾਂ ਦਾ ਸਿੱਟਾ ਹੈ। ਕਿਵੇਂ ਆਖਾਂ ਕਿ ਉਹ ਸਭਿਅਤਾ ਚੰਗੀ ਸੀ, ਜਦੋਂ ਕਿ ਉਸਦਾ ਨਤੀਜਾ ਸਪਸ਼ਟ ਰੂਪ ਵਿਚ ਬੁਰਾਈ ਹੀ ਦਿਖਾਈ ਦੇ ਰਿਹਾ ਹੈ।

ਖੁਸ਼ਹਾਲੀ ਤੇ ਅਮੀਰੀ ਦਾ ਸਮਾਂ ! ਸੱਚੀ ਮੁੱਚੀ ਖੁਸ਼ਹਾਲੀ ਤੇ ਅਮੀਰੀ ਦਾ ਸਮਾਂ ਸੀ ਉਹ। ਉੱਜਯਿਨੀ ਦੀਆਂ ਚਿੱਟੀਆਂ ਅਟਾਰੀਆਂ ਦੇ ਝਰੋਖਿਆਂ 'ਚੋਂ ਝਾਤਾਂ ਮਾਰਦੇ ਚੰਨ ਵਰਗੇ ਮੁਖੜਿਆਂ ਦੀਆਂ ਜ਼ੁਲਫਾਂ ਨੂੰ ਸਜਾਉਣ ਵਾਲੇ ਲਾਲ ਅਸ਼ੋਕ ਤੇ ਸੁਵਣਦੱਤ ਕਰਣਿਕਾਰ ਅਜੇ ਵੀ ਭੁੱਲੇ ਨਹੀਂ ਹਨ, ਸਿਪ੍ਰਾ ਨਦੀ ਦੀ ਚੰਚਲ ਤੇ ਕਮਲਾਂ ਦੀਆਂ ਅੱਖਾਂ ਵਾਲੀ ਝਾਤ ਸੱਜਰੇ ਸੁਪਨੇ ਵਾਂਗ ਮਨ ਵਿਚ ਸਰੂਰ ਪੈਦਾ ਕਰ ਰਹੀ ਹੈ। ਹਿਮਾਲੇ ਦੇ ਹਾਥੀਆਂ ਦੀਆਂ ਰਗੜਾਂ ਖਾਕੇ ਉੱਚੜੇ ਹੋਏ ਰੁੱਖ ਤੇ ਲਾਲ ਭਾਹ ਮਾਰਦੇ ਭੋਜ-ਪੱਤਰ ਅੱਜ ਵੀ ਕਿੰਨਰ ਸੁਆਣੀਆਂ ਦੇ ਅਨੰਗ—ਲੇਖਾਂ ਦੀ ਯਾਦ ਤਾਜ਼ੀ ਕਰ ਦਿੰਦੇ ਹਨ। ਅਲਕਾ ਪੁਰੀ ਦੀਆਂ ਆਲਤੇ ਨਾਲ ਰੰਗੀਆਂ ਰਾਹਾਂ ਅੱਜ ਵੀ ਦਿਲ ਨੂੰ ਢੂੰਢਦੀਆਂ ਨੇ। ਸੱਚੀ ਮੁੱਚੀਂ ਉਹ ਖੁਸ਼ਹਾਲੀ ਤੇ ਅਮੀਰੀ ਦਾ ਸਮਾਂ ਸੀ ਤੇ ਉਸੇ ਖੁਸ਼ਹਾਲੀ ਤੇ ਵਿਲਾਸਤਾ ਦੇ ਵਿਚ ਹੀ ਕੁਭਾ ਤੇ ਸਿੰਧ ਨਦੀ ਦੇ ਤਟਾਂ ਤੇ ਹੂਣਾਂ ਦੀਆਂ ਫੌਜਾਂ ਦੇ ਲਲਕਾਰੇ ਤੇ ਆਰੀਆਂ ਵਲੋਂ ਅਸਫਲ ਮੁਕਾਬਲਾ ਤੇ ਰੋਕ; ਪੰਜਾਬ ਤੋਂ ਸਾਕੇਤ ਤੀਕ ਜ਼ੁਲਮਾਂ ਤੇ ਡਰ ਨਾਲ ਉੱਜੜੇ ਜਨਪਦ ਦੀ ਦਰਦ ਭਰੀ ਚੀਖ-ਪੁਕਾਰ ਤੇ ਫੇਰ ਜਰਵਾਣਿਆਂ ਜ਼ਾਲਮਾਂ ਨੂੰ ਮਿਟਾ ਦੇਣ ਦਾ ਸੰਕਲਪ ਲੈਕੇ ਚੱਲਣ ਵਾਲੇ ਵਿਕ੍ਰਮਾਦਿੱਤ ਦੀ ਗੰਭੀਰ ਲਲਕਾਰ, ਸਭ ਕੁੱਝ ਸਾਫ ਦਿਖਾਈ ਦੇ ਰਿਹਾ ਹੈ, ਸਾਫ ਸੁਣਦਾ ਪਿਆ ਏ।

ਮਗਧ ਤੇ ਅਵੰਤੀ ਦੀ ਕੇਂਦਰੀ-ਤਾਕਤ ਤੇ ਨਾਗਰਿਕ ਖੁਸ਼ਹਾਲੀ ਅਸਲੋਂ ਬੇਜੋੜ ਸੀ। ਉਥੋਂ ਦੇ ਉਸ ਸਮੇਂ ਦੇ ਨਾਗਰਿਕ ਦੇ ਇੱਕ ਹਥ ਵਿੱਚ ਤਲਵਾਰ ਸੀ ਤੇ ਦੂਜੇ ਵਿਚ ਪ੍ਰੀਤਮਾ ਦੀ ਗਲਵੱਕੜੀ ਨਾਲ ਮਿੱਧੀ ਕਾਲੇ-ਅਗਰ (ਚੰਦਨ) ਦੀ ਮੰਜਰੀ ਦੀ ਪ੍ਰਤਿਛਵਿ। ਉਸਦੀ ਇੱਕ ਅੱਖ ਵਿਚੋਂ ਅੱਗ ਵਰ੍ਹਦੀ ਸੀ ਤੇ ਦੂਸਰੀ ਵਿਚੋਂ ਸ਼ਰਾਬ। ਪਰ ਉਜੜੇ ਜਨਪਦ ਕਮਜ਼ੋਰ ਤੇ ਟੁੱਟੇ ਅੰਗਾਂ ਵਾਲੇ ਸਨ। ਪੌਰਾਂ ਤੇ ਜਨਪਦਾਂ ਦਾ ਇਹ ਫਰਕ ਲਗਾਤਾਰ ਵੱਧਦਾ ਗਿਆ। ਇੱਕ ਲਈ

ਕਾਵਿ ਤੇ ਕਾਮ-ਸੂਤਰ ਲਿਖੇ ਗਏ ਤੇ ਦੂਜੇ ਲਈ ਪੁਰਾਣ ਤੇ ਸੰਮ੍ਰਿਤੀਆਂ। ਇੱਕ ਵਿਲਾਸਤਾ ਵੱਲ ਵਧਦਾ ਗਿਆ ਤੇ ਦੂਜਾ ਸ਼ਾਸਤ੍ਰ-ਵਾਕਾਂ ਵਲ। ਇੱਕ ਰਸ ਦਾ ਆਸਰਾ ਬਣਦਾ ਗਿਆ ਤੇ ਦੂਜਾ ਮਖੌਲ ਤੇ ਲਾਪਰਵਾਹੀ ਦਾ ਵਿਸ਼ਾ। ਦੋਹਾਂ ਵਿਚ ਖੰਦਕ ਚੌੜੀ ਹੁੰਦੀ ਗਈ। ਹੂਣਾਂ ਨੇ ਇਸ ਦਾ ਫਾਇਦਾ ਉਠਾਇਆ, ਸ਼ਕਾਂ ਨੇ ਫਾਇਦਾ ਉਠਾਇਆ, ਤਾਤਾਰਾਂ ਨੇ ਫਾਇਦਾ ਉਠਾਇਆ, ਅੰਗਰੇਜ਼ਾਂ ਨੇ ਫਾਇਦਾ ਉਠਾਇਆ ਤੇ ਖੰਦਕ ਦੀ ਚੁੜਾਈ ਵੱਧਦੀ ਗਈ, ਵੱਧਦੀ ਹੀ ਗਈ। ਅੱਜ ਉਹ ਫੁਰਤੀਲਾ ਪਠਾਣ ਗਭਰੂ ਸਹਿਜ-ਸੁਭਾ ਹੀ ਆਖ ਗਿਆ ਹੈ ਕਿ-"ਮੁਸਲਮਾਨ ਵੀ ਨਹੀਂ, ਈਸਾਈ ਵੀ ਨਹੀਂ ਤਾਂ ਫੇਰ ਹਿੰਦੂ ਹੈ ਕੀ?" ਮੈਂ ਲਗਾਤਾਰ ਸੋਚ ਰਿਹਾ ਹਾਂ। ਕੀ ਇਹ ਖੰਦਕ ਹੋਰ ਵੀ ਚੌੜੀ ਨਹੀਂ ਹੁੰਦੀ ਜਾ ਰਹੀ? ਪਰ ਧਰਮ-ਸ਼ਾਸਤ੍ਰਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਤੇ ਮੇਰੇ ਅੰਦਰ ਇੰਨਾਂ ਹੌਸਲਾ ਨਹੀਂ ਕਿ ਇਸ ਪ੍ਰਸੰਗ ਨਾਲ ਨਵੇਂ ਸਿਰਿਓਂ ਸਿਰ ਖਪਾਈ ਕਰਾਂ। ਜਦੋਂ ਦਿਮਾਗ ਖਾਲੀ ਤੇ ਦਿਲ ਭਰਿਆ ਹੋਵੇ, ਤਾਂ ਇੰਨਾ ਹੀ ਸੋਚ ਲੈਣਾ ਕੀ ਗਨੀਮਤ ਨਹੀਂ ਹੈ?

ਅਨੁਵਾਦਕ—**ਪੁਰਸ਼ੋਤਮ ਸ਼ਰਮਾ**

★

ਸੰਤ ਸਿੰਘ ਸੇਖੋਂ

# ਸਮੀਖਿਆ ਦਾ ਇਤਿਹਾਸਵਾਦੀ ਸਿਧਾਂਤ

ਮੁਖ ਰੂਪ ਵਿਚ ਸਾਹਿਤ ਵਿਚ ਦੋ ਪ੍ਰਕਾਰ ਦੇ ਤੱਤ ਸਹੀ ਕੀਤੇ ਜਾਂਦੇ ਹਨ, ਇਕ ਸਦੀਵੀ ਤੇ ਇਕ ਸਾਮਿਅਕ। ਸਨਾਤਨੀ ਚਿੰਤਕ ਬਹੁਤ ਕਰ ਕੇ ਸਦੀਵੀ ਤੱਤਾਂ ਉਤੇ ਜ਼ੋਰ ਦਿੰਦੇ ਹਨ ਤੇ ਸਾਮਿਅਕ ਦੀ ਅਸਥਿਰਤਾ ਦਾ ਢੋਲ ਵਜਾਂਦੇ ਹਨ। ਫ਼ਲਾਤੂ ਅਨੁਸਾਰ ਸਦੀਵੀ ਤੱਤ ਆਦਰਸ਼ ਰੂਪ ਹਨ ਜਿਨ੍ਹਾਂ ਵਲ ਮਨੁਖ ਦੀ ਰਚਨਾ-ਸ਼ਕਤੀ ਸਦਾ ਇਕ ਅਪੂਰਣ ਪਹੁੰਚ ਰਹਿੰਦੀ ਹੈ ਤੇ ਉਨ੍ਹਾਂ ਨੂੰ ਪੂਰਣ ਰੂਪ ਵਿਚ ਕਦੇ ਪ੍ਰਾਪਤ ਨਹੀਂ ਕਰ ਸਕਦੀ। ਕੇਵਲ ਸਾਹਿਤ ਤੇ ਕਲਾ ਹੀ ਨਹੀਂ, ਮਨੁਖ ਦਾ ਸਾਰਾ ਯਤਨ ਉਨ੍ਹਾਂ ਆਦਰਸ਼ਾਂ ਦੀ ਅਪੂਰਣ ਪ੍ਰਾਪਤੀ ਨਾਲ ਖ਼ਤਮ ਹੋ ਜਾਂਦਾ ਹੈ। ਅਰਸਤੂ ਰੂਪ ਦੀ ਇਕ ਅਨਾਦੀ ਹੋਂਦ ਦਾ ਮਨਨ ਕਰ ਕੇ ਅਪੂਰਣ ਮੁਢ ਤੇ ਪੂਰਣ ਸਿਖਰ ਦਾ ਸੰਕਲਪ ਬਣਾਂਦਾ ਹੈ। ਸਾਹਿਤ ਤੇ ਕਲਾ ਇਸ ਪੂਰਣ ਸਿਖਰ ਵਲ ਤਾਂਘਦੇ ਹਨ। ਕਵਿਤਾ ਵਿਚ ਇਹ ਪੂਰਣ ਸਿਖਰ ਦੁਖਾਂਤ ਨਾਟਕ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ।

ਭਾਰਤੀ ਕਾਵਿ–ਸ਼ਾਸਤਰ ਸਾਹਿਤ ਤੇ ਕਲਾ ਨੂੰ ਬ੍ਰਹਮਾ ਜਾਂ ਸ਼ਿਵ. ਆਦਿ, ਅਧਿਦੈਵਿਕ ਸ਼ਕਤੀਆਂ ਤੋਂ ਉਤਰਿਆ ਇਕ ਪ੍ਰਪੰਚ ਮੰਨਦਾ ਹੈ। ਉੱਤਮ ਸਾਹਿਤ ਇਹ ਸ਼ਾਸਤਰ ਦੇਵ ਬਾਣੀ ਨੂੰ ਸਮਝਦਾ ਹੈ ਜੋ ਵੇਦਾਂ, ਰਾਮਾਇਣ ਜਾਂ ਮਹਾਂ ਭਾਰਤ ਵਿਚ ਰੂਪਮਾਨ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਇਤਿਹਾਸਕ ਦ੍ਰਿਸ਼ਟੀ ਦਾ ਕਰੀਬ ਕਰੀਬ ਪੂਰਣ ਅਭਾਵ ਹੈ।

ਯੂਰਪ ਵਿਚ ਮੱਧ-ਕਾਲੀਨ ਤੇ ਪੁਨਰ-ਜਨਮ ਕਾਲ ਦੀ ਸਮੀਖਿਆ ਸਾਹਿਤ ਤੇ ਕਲਾ ਰੂਪਾਂ ਨੂੰ ਮੁਢ ਕਾਲ ਤੋਂ ਨਿਯਤ ਤੇ ਸਥਿਤ ਸਮਝਦੀ ਸੀ ਤੇ ਪਿਛਲੇਰੇ ਸਮਿਆਂ ਦੇ ਸਾਹਿਤ ਨੂੰ ਸਨਾਤਨੀ ਸਮੇਂ ਦੇ ਸਾਹਿਤ ਦੀ ਤੁਲਨਾ ਵਿਚ ਅਧੋਗਤ ਰੂਪ।

ਸਤਾਰ੍ਹਵੀਂ ਸਦੀ ਵਿਚ ਆ ਕੇ ਯੂਰਪ ਵਿਚ ਤਰਕ ਅਥਵਾ ਵਿਵੇਕ ਦਾ ਬਲ ਵਧਣ

ਲਗਾ, ਜਿਸ ਅਨੁਸਾਰ ਸਾਹਿਤ ਦੀ ਚਾਲ ਅਸਭਿਅ ਸਮਿਆਂ ਦੇ ਅਨ੍ਹੇਰ ਵਿਚੋਂ ਆਧੁਨਿਕ ਕਾਲ ਦੇ ਚਾਨਣ ਵਲ ਇਕ ਨਿਰੰਤਰ ਪ੍ਰਗਤੀ ਸਮਝੀ ਗਈ। ਡਰਾਈਡਨ ਨੇ ਹੋਮਰ ਨੂੰ ਯੂਨਾਨ ਵਿਚ ਤੇ ਵਰਜਿਲ ਨੂੰ ਰੋਮਨ ਸਾਮਰਾਜ ਵਿਚ ਅਸਭਿਅ ਮੁੱਢਾਂ ਤੋਂ ਸਭਿਅ ਸਿਖਰਾਂ ਦੇ ਪ੍ਰਮਾਣ ਮੰਨਿਆ। ਭਾਵੇਂ ਰੋਮਨ ਜਾਂ ਲਾਤੀਨ ਲਈ ਉਸ ਨੇ ਓਵਿਦ ਨੂੰ ਵਰਜਿਲ ਤੋਂ ਕੁਝ ਉਤਾਰ ਰੂਪ ਵਿਚ ਰਖਿਆ ਪਰ ਉਸ ਦੀ ਵਰਤੀ ਲਾਤੀਨ ਭਾਸ਼ਾ ਨੂੰ ਇਕ ਸਿਖਰ ਰੂਪ ਸਮਝਿਆ। ਇਸੇ ਤਰ੍ਹਾਂ ਅੰਗਰੇਜ਼ੀ ਵਿਚ ਚਉਸਰ ਦੀ ਭਾਸ਼ਾ ਨੂੰ ਉਸ ਨੇ ਕੁਝ ਅਣ-ਘੜਤ ਜੇਹੀ ਆਖਿਆ ਤੇ ਇਸ ਦੇ ਟਾਕਰੇ ਵਿਚ ਆਪਣੇ ਸਮੇਂ ਦੀ ਭਾਸ਼ਾ ਤੇ ਛੰਦ ਨੂੰ ਵਧੇਰੇ ਸੰਵਰੇ ਹੋਏ ਰੂਪ ਕਰਾਰ ਦਿੱਤਾ।

ਇਸ ਦੇ ਵਿਰੁਧ ਇਕ ਮਤ ਇਹ ਸੀ ਕਿ ਸਾਹਿਤ ਤੇ ਕਲਾ ਆਪਣੇ ਸਰਵੋਤਮ ਰੂਪ ਨੂੰ ਸਭਿਅਤਾ ਦੇ ਮੁਢਲੇ ਪੜਾਵਾਂ ਉਤੇ ਹੀ ਪ੍ਰਾਪਤ ਕਰ ਲੈਂਦੇ ਹਨ ਤੇ ਉਸ ਤੋਂ ਅੱਗੇ ਸਭਿਅਤਾ ਦੀ ਪ੍ਰਗਤੀ ਨਾਲ ਸਾਹਿਤ ਤੇ ਕਲਾ ਵਿਚ ਉਤਾਰ ਸ਼ੁਰੂ ਹੋ ਜਾਂਦਾ ਹੈ। ਇਸ ਮਤ ਅਨੁਸਾਰ ਅਰਿਆਸਤੋ ਤੇ ਤਾਸੋ ਇਟਲੀ ਵਿਚ ਤੇ ਸਪੈਂਸਰ ਤੇ ਮਿਲਟਨ ਇੰਗਲਿਸਤਾਨ ਵਿਚ ਪਿਛਲੇਰੇ ਸਮਿਆਂ ਦੇ ਕਵੀਆਂ ਨਾਲੋਂ ਚੰਗੇਰੇ ਇਸ ਲਈ ਸਨ ਕਿ ਉਨ੍ਹਾਂ ਦੀ ਪ੍ਰਤਿਭਾ ਵਿਚ ਗੋਥਿਕ ਰੋਮਾਂਸ ਅਰਥਾਤ ਅਸਭਿਅਤਾ ਦੇ ਕੁਝ ਅੰਸ਼ ਸਨ। ਇਸੇ ਸਮੇਂ ਫ਼੍ਰਾਂਸ ਵਿਚ ਰੂਸੋ ਨੇ ਇਸ ਮਤ ਦਾ ਪ੍ਰਚਾਰ ਕੀਤਾ ਕਿ ਸਭਿਅਤਾ ਵਿਚ ਜੋ ਬਣਾਵਟ ਹੈ ਉਹ ਹੀ ਮਨੁਖ ਦੀ ਅਧੋਗਤੀ ਤੇ ਦੁਰਾਵਸਥਾ ਦਾ ਕਾਰਣ ਹੈ। ਦਿਦੇਰੋ ਨੇ ਆਖਿਆ ਕਿ ਜਿਤਨੀ ਕੋਈ ਜਾਤੀ ਸਭਿਅ ਤੇ ਸੰਸਕ੍ਰਿਤ ਹੋਵੇਗੀ ਉਤਨੀ ਹੀ ਉਸ ਦੇ ਵਿਵਹਾਰ ਵਿਚ ਕਵਿਤਾ ਦੀ ਮਾਤ੍ਰਾ ਘਟਦੀ ਜਾਵੇਗੀ। ਸਭਿਅਤਾ ਨਾਲ ਹਰ ਚੀਜ਼ ਨਿਰਬਲ ਤੇ ਮਿਠੀ ਮਿਠੀ ਹੋ ਜਾਂਦੀ ਹੈ।

ਇਨ੍ਹਾਂ ਦੋਹਾਂ ਮਤਾਂ ਦੇ ਸੰਵਾਦ ਰੂਪ ਅਸਭਿਅ ਤੋਂ ਸਭਿਅ ਤੇ ਸਭਿਅ ਤੋਂ ਅਧੋਗਤ ਦੇ ਚੱਕਰ ਦਾ ਮਤ ਪ੍ਰਚਲਿਤ ਹੋਇਆ। ਟਾਮਸ ਵਾਰਟਨ ਨੇ ਅੰਗਰੇਜ਼ੀ ਕਵਿਤਾ ਦੇ ਇਤਿਹਾਸ ਵਿਚ ਅੰਗਰੇਜ਼ੀ ਸਾਹਿਤ ਨੂੰ ਤਿੰਨਾਂ ਕਾਲਾਂ ਵਿਚ ਵੰਡਿਆ, ਪ੍ਰਾਚੀਨ, ਸੁਨਹਿਰੀ ਅਥਵਾ ਐਲਜ਼ਬੀਥਨ ਤੇ, ਆਧੁਨਿਕ ਜੋ ਐਲਜ਼ਬੀਥਨ ਕਾਲ ਤੋਂ ਅਧੋਗਤੀ ਦਾ ਸੂਚਕ ਸੀ। ਹੈਜ਼ਲਿਟ ਨੇ ਇਸ ਤਰ੍ਹਾਂ ਅੰਗਰੇਜ਼ੀ ਸਾਹਿਤ ਦੇ ਚਾਰ ਪੜਾਉ ਨਿਸ਼ਚਿਤ ਕੀਤੇ : ਐਲਜ਼ਬੀਥਨ ਕਾਲ ਜਿਸ ਵਿਚ ਕਲਪਨਾ ਪ੍ਰਬਲ ਸੀ, ਪਰਾਭੌਤਿਕ ਕਾਲ ਜਿਸ ਵਿਚ ਉਤਪ੍ਰੇਖਿਆ ਪ੍ਰਬਲ ਸੀ, ਪੁਨਰ-ਸਥਾਪਨ ਕਾਲ ਜਿਸ ਵਿਚ ਬੌਧਿਕ ਚਪਲਤਾ ਪ੍ਰਧਾਨ ਸੀ, ਤੇ ਅਠਾਰਵੀਂ ਸਦੀ ਦਾ ਸਾਹਿਤ ਜੋ ਸਾਧਾਰਨ ਪੱਧਰ ਦਾ ਸੀ। ਇਸ ਕ੍ਰਮ ਨੂੰ ਇਕ ਚਕਰ ਮਿਥ ਕੇ ਉਸ ਨੇ ਅੰਗਰੇਜ਼ੀ ਕਵਿਤਾ ਦੇ ਰੋਮਾਂਟਿਕ ਪੜਾਉ ਨੂੰ ਇਕ ਨਵਾਂ ਪੜਾਉ ਆਖਿਆ। ਵਧੇਰੇ ਸਰਲ ਰੂਪ ਵਿਚ ਜਰਮਨੀ ਤੇ ਇੰਗਲਿਸਤਾਨ ਦੋਹਾਂ ਵਿਚ ਰੋਮਾਂਟਿਕ ਮਤ ਨੇ ਸਾਹਿਤ ਦੇ ਵਿਕਾਸ ਦੇ ਪੜਾਵਾਂ ਨੂੰ ਘਟਾ ਕੇ ਦੋ ਬਣਾ ਦਿੱਤਾ, ਇਕ ਪ੍ਰਾਕ੍ਰਿਤ ਜਾਂ ਸੁਭਾਵਿਕ ਤੇ ਦੂਜਾ ਬਣਾਉਟੀ, ਅਥਵਾ ਇਕ ਰੋਮਾਂਟਿਕ ਤੇ ਦੂਜਾ ਸਨਾਤਨੀ।

ਇਨ੍ਹਾਂ ਵਿਚਾਰਾਂ ਦਾ ਫਲਰੂਪ ਇਹ ਸੰਕਲਪ ਉਭਰਨ ਲਗਿਆ ਕਿ ਸਾਹਿਤ ਤੇ ਕਲਾ ਦਾ ਜਾਤੀ ਦੇ ਸੁਭਾਵ ਨਾਲ ਇਕ ਸਜੀਵ ਸੰਬੰਧ ਹੈ, ਅਰਥਾਤ ਕਲਾ ਤੇ ਸਾਹਿਤ ਆਪਣੇ ਸਮੇਂ, ਸਮਾਜ ਤੇ ਰਾਸ਼ਟਰੀ ਭਾਵਨਾ ਦੀ ਅਭਿਵਿਅਕਤੀ ਹੁੰਦੇ ਹਨ। ਕਾਰਲਾਇਲ ਨੇ ਆਪਣੇ ਸੁਭਾਵਿਕ ਓਜਸਵੀ ਸ਼ਬਦਾਂ ਵਿਚ ਆਖਿਆ ਕਿ ਕਿਸੇ ਜਾਤੀ ਦੀ ਕਵਿਤਾ ਦਾ ਇਤਿਹਾਸ ਉਸ ਦੇ ਰਾਜਸੀ, ਵਿਗਿਆਨਕ ਤੇ ਧਾਰਮਿਕ ਇਤਿਹਾਸ ਦਾ ਸਾਰ ਰੂਪ ਹੁੰਦਾ ਹੈ। ਇਸੇ ਸਮੇਂ ਅਰਥਾਤ ਉਨ੍ਹੀਵੀਂ

ਸਦੀ ਦੇ ਮਧ ਵਿਚ ਇਹ ਮਤ ਬਹੁਤ ਵਧੇਰੇ ਬਲ ਨਾਲ ਉਜਾਗਰ ਹੋਣ ਲਗਾ। ਫ੍ਰਾਂਸੀਸੀ ਵਿਦਵਾਨ ਤੇਨ ਨੇ ਆਪਣੀ ਪੁਸਤਕ "ਅੰਗਰੇਜ਼ੀ ਸਾਹਿਤ ਦੇ ਇਤਿਹਾਸ" (1864) ਵਿਚ ਸਾਹਿਤਕ ਅਧਿਐਨ ਦਾ ਉੱਦੇਸ਼ ਸਾਹਿਤ ਦੇ ਸੰਸਕਾਰੀ ਹੇਤੂਆਂ ਦਾ ਆਵਿਸ਼ਕਾਰ ਦੱਸਿਆ। ਇਨ੍ਹਾਂ ਸੰਸਕਾਰਾਂ ਨੂੰ ਉਸ ਨੇ ਤਿੰਨ ਪ੍ਰਸਿਧ ਮੁਖ ਸ਼ੀਰਸ਼ਾਂ ਜਾਤੀ, ਦੇਸ਼-ਕਾਲ ਸੁਭਾਵ (milien) ਤੇ ਕਾਲ ਬਿੰਦੂ ਅਧੀਨ ਰਖਿਆ। ਉਸ ਨੇ ਆਖਿਆ ਕਿ ਸਾਹਿਤ ਦਾ ਅਧਿਐਨ ਮੁੱਲ ਇਸ ਲਈ ਰਖਦਾ ਹੈ ਕਿ ਸਾਹਿਤ ਧਰਮ ਨਾਲੋਂ ਵੀ ਵਧੇਰੇ (ਜੋ ਕਾਵਿ ਤੇ ਸ਼ਰਧਾ ਦਾ ਸੰਯੋਗ ਹੈ) ਤੇ ਦਰਸ਼ਨ ਨਾਲੋਂ ਵੀ ਵਧੇਰੇ(ਜੋ ਕਾਵਿ ਦਾ ਕੇਵਲ ਇਕ ਸੁਕਾ ਨਿਚੋੜ ਹੈ)ਸਭਿਆਤਾਵਾਂ ਦੇ ਸੰਚਾਰੀ ਭਾਵਾਂ ਦਾ ਅਧਿਕਤਮ ਨਿਘਾ ਤੇ ਭਰਪੂਰ ਆਵਿਸ਼ਕਾਰ ਹੈ।

ਉਨ੍ਹੀਵੀਂ ਸਦੀ ਵਿਚ ਯੂਰਪ ਦੇ ਸਾਹਿਤ ਵਿਚ ਚਾਰ ਵਡੀਆਂ ਧਾਰਾਂ ਵੇਖੀਆਂ ਜਾ ਸਕਦੀਆਂ ਹਨ, ਇਤਿਹਾਸਕ, ਵਿਗਿਆਨਕ, ਯਥਾਰਥਕ ਤੇ ਸਮਾਜਕ। ਇਤਿਹਾਸਕ ਧਾਰਾ ਕਾਲ ਤੇ ਪ੍ਰਗਤੀ ਦੇ ਵੇਗ ਉਤੇ ਜ਼ੋਰ ਦੇਂਦੀ ਹੈ ਜਿਸ ਅਨੁਸਾਰ ਸਾਹਿਤ ਤੇ ਕਵਿਤਾ ਕੋਈ ਰਹਸਮਈ ਚਮਤਕਾਰ ਰੂਪ ਕਰਮ ਨਹੀਂ ਰਹਿ ਜਾਂਦਾ । ਵਿਗਿਆਨ ਸਾਹਿੱਤ ਨੂੰ ਧਰਮ ਤੇ ਅਧਿਆਤਮਵਾਦ ਦੇ ਪੁਰਾਣੇ ਚੱਕਰ ਵਿਚੋਂ ਕਢ ਕੇ ਮਨੁੱਖੀ ਪ੍ਰਗਤੀ ਦੀ ਕਲਾ ਦਾ ਇਕ ਨਵਾਂ ਰੂਪ ਸਵੀਕਾਰ ਕਰਨ ਦੀ ਰੁਚੀ ਦਰਸਾਂਦਾ ਹੈ।

ਯਥਾਰਥਵਾਦ ਸ਼ਬਦ ਪਹਿਲੀ ਵਾਰ 1855 ਵਿਚ ਕੂਰਬੇ ਦੀ ਚਿਤਰਕਲਾ ਦੀ ਪ੍ਰਦਰਸ਼ਨੀ ਤੇ 1856 ਵਿਚ ਫ਼ਲਾਬੇਅਰ ਦੇ ਨਾਵਲ, 'ਮਦਾਮ ਬੋਵਾਰੀ' ਦੇ ਪ੍ਰਕਾਸ਼ਨ ਸਮੇਂ ਉਜਾਗਰ ਹੁੰਦਾ ਹੈ। ਫ਼ਲਾਬੇਅਰ ਨਾਵਲਕਾਰ ਦੇ ਕਰਮ ਵਿਚ ਇਕ ਵਿਗਿਆਨਕ ਵਿਰਕਤੀ,ਠਰੰਮੇ ਤੇ ਸਾਵਧਾਨੀ ਦੀ ਮੰਗ ਕਰਦਾ ਹੈ। ਇਸ ਦਾ ਸਿਧਾਂਤਕ ਕਥਨ ਸਪਸ਼ਟਤਮ ਰੂਪ ਵਿਚ ਇਕ ਚਿਤਰਕਾਰ ਕਾਸਤਾਨਿਅਰੀ ਦੇ ਸ਼ਬਦਾਂ ਵਿਚ ਇਉਂ ਮਿਲਦਾ ਹੈ : "ਸਾਡੇ ਸਮੇਂ ਦਾ ਚਿਤਰਕਾਰ ਸਾਡਾ ਆਪਣਾ ਜੀਵਨ, ਸਾਡੀਆਂ ਆਪਣੀਆਂ ਆਦਤਾਂ ਤੇ ਸਾਡੇ ਆਪਣੇ ਸੰਕਲਪਾਂ ਨਾਲ ਜੀਵੇਗਾ। ਉਹ ਸਾਡੇ ਸਮਾਜ ਵਿਚ ਸਮਾਚਾਰ ਨੂੰ ਦੇਖ ਕੇ ਆਪਣੇ ਭਾਵ ਪ੍ਰਾਪਤ ਕਰੇਗਾ ਅਤੇ ਓਹੀ ਚਿਤਰਾਂ ਦੇ ਰੂਪ ਵਿਚ ਸਾਨੂੰ ਪਰਤਾ ਦੇਵੇਗਾ, ਜਿਨ੍ਹਾਂ ਵਿਚ ਅਸੀਂ ਆਪਣੇ ਆਪ ਨੂੰ ਤੇ ਆਪਣੇ ਚੁਫੇਰੇ ਨੂੰ ਪਛਾਣਾਂਗੇ।" ਕੂਰਬੇ ਦਾ ਕਥਨ ਸੀ ਕਿ ਕਵੀ ਦਾ ਦੁਨੀਆਂ ਨਾਲੋਂ ਵਖਰੀ ਸ਼ੈਲੀ ਵਿਚ ਬੋਲਣਾ ਯੋਗ ਨਹੀਂ, ਇਹ ਇਕ ਉਚਕੁਲੀਨ ਬਣਾਵਟ ਹੈ । ਉਸ ਦੇ ਆਲੋਚਕਾਂ ਨੇ ਉਸ ਦੀ ਕਲਾ ਵਿਚ ਪ੍ਰਕਿਤੀ ਦੇ ਆਪਣੇ ਹਸਤਾਖਰ ਤੇ ਉਸ ਦੇ ਜਨਤਕ ਬੁਰਸ਼ ਦੀ ਹੋਂਦ ਅਨੁਭਵ ਕੀਤੀ। ਛੇਤੀ ਹੀ ਇਸ ਜਨਤਕ ਭਾਵਨਾ ਦਾ ਰੂਪ ਬਦਲ ਕੇ ਸਾਧਾਰਣ ਤੇ ਇਸ ਲਈ ਇਕ-ਰੰਗ, ਅਲਪ, ਫਿਕਾ, ਦੀਨ ਤੇ ਕਰੂਪ ਜਾਂ ਕੁਹਜੇ ਦੇ ਅਰਥ ਧਾਰਣ ਕਰ ਕੇ ਪ੍ਰਕ੍ਰਿਤੀਵਾਦ ਬਣ ਗਇਆ। ਇਸ ਪੜਾਉ ਤੇ ਇਸ ਦਾ ਮਹਾਨਤਮ ਵਿਆਖਿਅਕ ਪ੍ਰਸਿਧ ਨਾਵਲਕਾਰ ਜ਼ੋਲਾ ਬਣਿਆ। ਜ਼ੋਲਾ ਦਾ ਕਥਨ ਹੈ : ਮੇਰੇ ਲਈ ਮਹੱਤਵ-ਪੂਰਣ ਹੈ ਨਿਰੋਲ ਪ੍ਰਕਿਤੀਵਾਦੀ, ਨਿਰੋਲ ਸਰੀਰ-ਵਿਗਿਆਨਕ ਹੋਣਾ। ਮਤਾਂ (ਰਾਜ ਸ਼ੁਧਾ, ਸਨਾਤਨਵਾਦ) ਦੀ ਥਾਂ ਮੈਂ ਨਿਯਮਾਂ (ਪੈਤਰੀ) ਨੂੰ ਮਹਤਵ ਦੇਂਦਾ ਹਾਂ। ਮੈਂ ਇਕ ਵਿਗਿਆਨਕ ਹੋਣ ਦੇ ਨਾਤੇ, ਆਧਾਰ ਰੂਪ ਕਾਰਣਾਂ ਨੂੰ ਲਭਦਾ, ਇਹ ਦੱਸ ਕੇ ਸੰਤੁਸ਼ਟ ਹੋ ਜਾਂਦਾ ਹਾਂ ਕਿ ਸਥਿਤ ਕੀ ਹੈ ।...ਇਕ ਪਰਿਵਾਰ ਦੇ ਸਮਾਚਾਰ ਦੀ ਇਕ ਸਰਲ ਵਿਆਖਿਆ ਉਹਨਾਂ ਨੂੰ ਚਲਾਣ ਵਾਲੇ ਅੰਦਰਲੇ ਯੰਤਰਾਂ ਨੂੰ ਵਿਖਾਕੇ।"

ਭਾਵੇਂ ਆਪਣੇ ਵਧੇਰੇ ਪ੍ਰਚਲਿਤ ਰੂਪਾਂ ਵਿਚ ਪ੍ਰਕ੍ਰਿਤੀਵਾਦ ਸਾਧਾਰਣ ਨੂੰ ਛਡਕੇ ਕੂਹਜੇ ਤੇ ਕੁਚੀਲ ਦੇ ਮਗਰ ਪੈ ਗਇਆ, ਇਸ ਦਾ ਦਾਅਵਾ ਸਮਾਜ ਦੀ ਵਿਆਖਿਆ ਕਰਨ ਦਾ ਸੀ। ਇਹ ਕਿਰਤੀ ਸ਼੍ਰੇਣੀ ਦੀ ਦੁਰਦਸ਼ਾ ਉਤੇ ਦੁਖ ਪ੍ਰਗਟਾਂਦਾ ਸੀ ਅਤੇ ਕਿਲਿਆਂ, ਸਰਦਾਰਾਂ, ਡਾਕੂਆਂ ਤੇ ਉਹਨਾਂ ਦੇ ਅਣੋਖੇ ਪਿਆਰ ਦੀਆਂ ਤੇ ਸੂਰਬੀਰਤਾ ਦੀਆਂ ਕਹਾਣੀਆਂ ਦੀ ਥਾਂ ਸਾਧਾਰਣ ਲੋਕਾਂ ਦੀਆਂ ਸਮੱਸਿਆਵਾਂ ਤੇ ਭਾਗਾਂ ਵਲ ਧਿਆਨ ਦੇਂਦਾ ਸੀ।

ਯਥਾਰਥਵਾਦ ਦਾ ਅਧਿਕਤਮ ਉਜਾਗਰ ਤੇ ਬਲਵਾਨ ਰੂਪ ਰੂਸ ਦੇ ਇਸ ਸਮੇਂ ਦੇ ਨਾਵਲਕਾਰਾਂ, ਗੋਗੋਲ ਤੁਰਗਨਿਏਫ, ਦੋਸਤੋਏਵਸਕੀ ਤੇ ਤਾਲਸਤਾਇ ਆਦਿ ਦੀਆਂ ਕ੍ਰਿਤੀਆਂ ਵਿਚ ਤੇ ਇਹਨਾਂ ਦੇ ਸਮੀਖਿਆਕਾਰਾਂ ਦੋਬਰੋਲਿਊਫ, ਬੇਲਿੰਸਕੀ, ਚਰਨੀਸ਼ੇਵਸਕੀ ਤੇ ਹਰਜ਼ਨ, ਆਦਿ, ਦੀਆਂ ਲਿਖਤਾਂ ਵਿਚ ਵੇਖਿਆ ਜਾਂਦਾ ਹੈ। ਉਹਨਾਂ ਨਾਵਲਕਾਰਾਂ ਦਾ ਝੁਕਾਉ ਸਮਾਜ ਵਿਚ ਪਰਵਿਰਤਨ ਲਿਆਣ, ਉੱਚ ਕੁਲੀਨਤਾ ਨੂੰ ਢਾਣ ਤੇ ਦਾਸ ਕਿਰਸਾਣਾਂ ਦੇ ਮੁਕਤੀਕਰਨ ਵਲ ਸਪਸ਼ਟ ਸੀ। ਇਹਨਾਂ ਵਿਚ ਇਕ ਪ੍ਰਚੰਡ ਕ੍ਰਾਂਤੀਵਾਦੀ ਭਾਵਨਾ ਤੇ ਸਮਾਜਕ ਆਸ਼ਾਵਾਦ ਰੂਪਮਾਨ ਹੈ।

ਕਲਾ ਵਿਚ ਇਤਿਹਾਸਵਾਦ ਦਾਸਭ ਤੋਂ ਵੱਧ ਸਪਸ਼ਟ ਤੇ ਵਿਗਿਆਨਕ ਦਰਸ਼ਨ ਮਾਰਕਸ-ਵਾਦੀ ਚਿੰਤਨ ਵਿਚ ਮਿਲਦਾ ਹੈ। ਇਹ ਚਿੰਤਨ ਜੀਵਨ ਤੇ ਸਮਾਜ ਦੀ ਚਾਲ ਨੂੰ ਇਤਿਹਾਸਕ ਤੇ ਦਵੰਦਵ ਦੀ ਰੂਪ ਦੀ ਭੌਤਿਕ ਪ੍ਰਕ੍ਰਿਆ ਬਣਾਂਦਾ ਹੈ। ਇਸ ਪ੍ਰਕ੍ਰਿਆ ਵਿਚ ਆਧਾਰ ਰੂਪ ਸ਼ਕਤੀ ਉਤਪਾਦਨ ਦੇ ਸਾਧਨਾਂ ਤੇ ਇਹਨਾਂ ਦੇ ਸਮਾਜਕ ਸੰਬੰਧਾਂ ਵਿਚ ਸੰਘਰਸ਼ ਦੀ ਹੋਂਦ ਹੈ। ਅਰਥਾਤ ਕਿਸੇ ਸਮੇਂ ਉਤਪਾਦਨ ਦੇ ਸਾਧਨਾ ਦੇ ਅਨੁਕੂਲ ਸਮਾਜਕ ਤੇ ਰਾਜਸੀ ਸ਼ਕਤੀ ਉਹਨਾਂ ਸਾਧਾਨਾਂ ਨੂੰ ਪ੍ਰਦਾਨ ਕਰਨ ਵਾਲੀ ਜਾਂ ਉਹਨਾਂ ਉਤੇ ਅਧਿਕਾਰ ਰਖਣ ਵਾਲੀ ਸ਼੍ਰੇਣੀ ਦੇ ਹੱਥ ਹੁੰਦੀ ਹੈ। ਪਰ ਸਮਾਂ ਪਾ ਕੇ ਉਤਪਾਦਨ ਦੇ ਸਾਧਨ ਆਪਣਾ ਰੂਪ ਬਦਲ ਲੈਂਦੇ ਹਨ, ਜਿਸ ਦੇ ਕਈ ਕਾਰਣ ਹੋ ਸਕਦੇ ਹਨ, ਪਰ ਸਮਾਜਕ ਸੰਬੰਧ ਤੇ ਅਧਿਕਾਰ ਇਸ ਪਰਵਿਰਤਨ ਦੇ ਨਾਲ ਨਹੀਂ ਬਦਲਦੇ, ਉਹ ਪੁਰਾਣੇ ਹੀ ਰਹਿੰਦੇ ਹਨ। ਇਸ ਤੋਂ ਪੁਰਾਣੀ ਅਧਿਕਾਰੀ ਸ਼੍ਰੇਣੀ ਤੇ ਨਵੀਂ ਉਤਪਾਦਕ ਸ਼੍ਰੇਣੀ ਵਿਚ ਸੰਘਰਸ਼ ਉਤਪੰਨ ਹੋ ਜਾਂਦਾ ਹੈ ਤੇ ਇਹ ਸੰਘਰਸ਼ ਸਮਾਜ ਦੀ ਪ੍ਰਗਤੀ ਨਿਸ਼ਚਿਤ ਕਰਦਾ ਹੈ।

ਮਾਰਕਸਵਾਦ ਅਨੁਸਾਰ ਸਮਾਜਕ ਸੰਗਠਨ ਦਾ ਆਧਾਰ ਰੂਪ ਇਹ ਉਤਪਾਦਨ ਦੇ ਸਾਧਨ ਤੇ ਸਥਿਤੀਆਂ ਹੁੰਦੇ ਹਨ। ਇਸ ਦੇ ਉਪਰ ਧਰਮ, ਕਲਾ, ਸਾਹਿਤ, ਵਿਧੀ ਸ਼ਾਸਤਰ, ਦਰਸ਼ਨ ਤੇ ਵਿਗਿਆਨ, ਆਦਿ ਦੀ ਉਸਾਰੀ ਹੁੰਦੀ ਹੈ। ਇਸ ਤਰ੍ਹਾਂ ਹਰ ਸਮੇਂ ਦਾ ਪ੍ਰਧਾਨ ਦਰ-ਸ਼ਨ, ਕਲਾ ਤੇ ਸਾਹਿੱਤ ਉਸ ਸਮੇਂ ਦੀ ਪ੍ਰਧਾਨ ਸ਼੍ਰੇਣੀ ਦੇ ਅਨੁਕੂਲ ਹੋਣਗੇ ਤੇ ਉਸ ਦੇ ਹਿਤਾਂ ਅਨੁਸਾਰ ਉਹਨਾਂ ਦੇ ਰੂਪ ਨਿਸਚਿਤ ਹੋਣਗੇ।

ਇਸ ਚਿੰਤਨ ਅਨੁਸਾਰ ਜਿਥੇ ਮਾਰਕਸਵਾਦ ਆਧਾਰ ਰੂਪ ਆਰਥਿਕ ਸੰਬੰਧਾਂ ਤੇ ਸਥਿਤੀਆਂ ਨੂੰ ਬਦਲਨ ਲਈ ਕਰਮਸ਼ੀਲ ਹੁੰਦਾ ਹੈ, ਉਥੇ ਉਹ ਸਮਾਜ ਦੇ ਉਪਰਲੇ ਉਸਾਰ, ਦਰਸ਼ਨ, ਸਾਹਿਤ, ਕਲਾ, ਆਦਿ, ਵਿਚ ਵੀ ਪਰਿਵਰਤਨ ਲਿਆਉਣ ਦੇ ਯਤਨ ਕਰਦਾ ਹੈ। ਉਹ ਕਲਾ ਤੇ ਸਾਹਿਤ ਨੂੰ ਕੇਵਲ ਮੰਨੋਰੰਜਨ ਦੇ ਰੂਪ ਨਹੀਂ ਮੰਨਦਾ, ਨਾ ਹੀ ਇਹਨਾਂ ਦੇ ਕਰਮ ਦੇ ਖੇਤਰ ਨੂੰ ਸਮਾਜਕ ਖੇਤਰ ਤੋਂ ਵਖਰੇ ਕੋਈ ਸਵਾਧੀਨ ਖੇਤਰ ਮੰਨਦਾ ਹੈ। ਇਹ ਚਿੰਤਨ 'ਕਲਾ

ਕਲਾ ਲਈ' ਦੇ ਸਿਧਾਂਤ ਦਾ ਕੱਟੜ ਰੂਪ ਵਿਚ ਵਿਰੋਧ ਕਰਦਾ ਹੈ। ਕਲਾ ਵਿਚ ਨਿਰੋਲ ਰੂਪਵਾਦ ਨੂੰ ਵੀ ਇਹ ਸਵੀਕਾਰ ਨਹੀਂ ਕਰਦਾ।

ਕਲਾ ਤੇ ਸਾਹਿਤ ਵਿਚ ਰੂਪ ਨੂੰ ਇਹ ਚਿੰਤਨ ਵਿਸ਼ੇ ਵਸਤੂ ਤੋਂ ਸੁਤੰਤਰ ਨਹੀਂ ਸਮ-ਝਦਾ। ਇਸ ਅਨੁਸਾਰ ਹਰ ਵਿਸ਼ੇ ਵਸਤੂ ਆਪਣਾ ਯੋਗ ਰੂਪ ਧਾਰਣ ਕਰਦਾ ਹੈ ਤੇ ਇਹ ਰੂਪ ਸਮੇਂ ਅਨੁਸਾਰ ਪ੍ਰਧਾਨਤਾ ਪ੍ਰਾਪਤ ਕਰਦੇ ਜਾਂ ਖੋਂਦੇ ਰਹਿੰਦੇ ਹਨ। ਕਈ ਵਾਰ ਇਹ ਚਿੰਤਨ ਇਥੋਂ ਤਕ ਚਲਾ ਜਾਂਦਾ ਹੈ ਕਿ ਕਲਾ ਜਾਂ ਸਾਹਿਤ ਦੇ ਵਿਸ਼ੇਸ਼ ਰੂਪ ਨੂੰ ਵਿਸ਼ੇਸ ਸਮਾਜਕ ਸਥਿਤੀਆਂ ਨਾਲ ਜੋੜ ਦੇਂਦਾ ਹੈ; ਉਦਾਹਰਣ ਰੂਪ ਕਈ ਵਾਰੀ ਕਹਿਆ ਜਾਂਦਾ ਹੈ ਕਿ ਮਹਾਂ ਕਾਵਿ ਜਾਂ ਵੀਰ ਗਾਥਾ ਸਮਾਜ ਦੇ ਪ੍ਰਾਕਭੂਪਵਾਦੀ ਪੜਾਉ ਦਾ ਪ੍ਰਤੀਨਿਧ ਸਾਹਿਤਕ ਰੂਪ ਹੈ, ਦੁਖਾਂਤ ਨਾਟਕ ਇਸ ਦੇ ਭੂਪਵਾਦੀ ਪੜਾਉ ਦਾ ਪ੍ਰਤੀਨਿਧ ਰੂਪ। ਅਰਸਤੂ ਨੇ ਯੂਨਾਨੀ ਸਾਹਿਤ ਦਾ ਵਿਕਾਸ ਵੀਰ ਕਾਵਿ ਤੋਂ ਚਲ ਕੇ ਤ੍ਰਾਸਦੀ ਤੱਕ ਆਪਣੇ ਸਿਖਰ ਤਕ ਪਹੁੰਚਦਾ ਦਰਸਾਇਆ ਸੀ। ਡਰਾਈਡਨ ਆਦਿ ਲੇਖਕਾਂ ਨੇ ਤ੍ਰਾਸਦੀ ਕਾਵਿ ਦੀ ਥਾਉਂ ਆਪਣੇ ਸਮੇਂ ਵਿਚ ਪ੍ਰਧਾਨਤਾ ਫਿਰ ਵੀਰ ਕਾਵਿ ਰੂਪ ਨੂੰ ਦਿਤੀ। ਡਰਾਈਡਨ ਤੋਂ ਪਹਿਲਾਂ ਸੋਲ੍ਹਵੀਂ ਸਦੀ ਵਿਚ ਸਰ ਫਿਲਪ ਸਿਡਨੀ ਨੇ ਵੀ ਵੀਰ ਕਾਵਿ ਦੀ ਉਸਤਤੀ ਕੀਤੀ ਸੀ। ਮਾਰਲੋ, ਸ਼ੈਕਸਪੀਅਰ ਤੇ ਫ਼ਲੈਚਰ, ਆਦਿ, ਦੇ ਨਾਟਕ ਨੂੰ ਇਹ ਲੋਕ ਅਨਿਯਮਕ ਸਮਝਦੇ ਸਨ, ਭਾਵੇਂ ਉਹ ਇਸ ਦੀ ਸ਼ਕਤੀ ਨੂੰ ਸਵੀਕਾਰ ਕਰਦੇ ਸਨ। ਉਹਨਾਂ ਵਿਚਾਰਾਂ ਦਾ ਆਧਾਰ ਅਲਜ਼ਬਿਥ ਦੇ ਸਮੇਂ ਦੇ ਵਡਿਆਈ ਖੋਰੇ ਰਾਜਸੀ ਝੁਕਾਉ ਤੇ ਕੁਝ ਹੱਦ ਤਕ ਸ਼ੁਧੀਵਾਦ (Puritanism) ਸਮੇਂ ਨਾਟ-ਮੰਚ ਦੇ ਵਰਜਣ ਨੂੰ ਸਮਝਿਆ ਜਾਂਦਾ ਹੈ। ਇਸ ਪ੍ਰਕਾਰ ਇਸ ਚਿਤੰਨ ਦਾ ਇਤਿਹਾਸਕ ਆਧਾਰ ਦ੍ਰਿਸ਼ਟਮਾਨ ਹੁੰਦਾ ਹੈ। ਅਠਾਰ੍ਹਵੀਂ ਸਦੀ ਵਿਚ ਫ਼ਰਾਸ ਤੇ ਇੰਗਨਿਸਤਾਨ ਦੋਹਾਂ ਵਿਚ ਸਾਹਿਤ ਦਾ ਪ੍ਰਧਾਨ ਰੂਪ ਸੁਖਾਂਤਕ ਵਿਅੰਗ ਨਾਟਕ ਨੂੰ ਮੰਨਿਆ ਗਿਆ, ਜਿਸ ਦਾ ਮੁਖ ਪ੍ਰਤੀਨਿਧ ਫ਼ਰਾਂਸ ਵਿਚ ਮੋਲੀਅਰ ਸੀ। ਅਠਾਰ੍ਹਵੀਂ ਸਦੀ ਦੇ ਅੰਤ ਤੇ ਉਨ੍ਹੀਵੀਂ ਸਦੀ ਦੇ ਮੁਢ ਵਿਚ ਜਰਮਨ ਚਿੰਤਕਾਂ, ਜੀਨ ਪਾਲ ਤੇ ਸ਼ਲੀਗਲ, ਆਦਿ ਨੇ ਵਿਅੰਗ ਨੂੰ ਅਤਿਅੰਤ ਪ੍ਰਧਾਨਤਾ ਦਿੱਤੀ। ਸ਼ਲੀਗਲ ਤੇ ਪ੍ਰਸਿਧ ਕਵੀ ਹਾਇਨ ਦੀਆਂ ਲਿਖਤਾਂ ਵਿਚ ਇਥੋਂ ਤਕ ਕਹਿਆ ਗਇਆ ਕਿ ਵਿਅੰਗ ਤੋਂ ਬਿਨਾਂ ਕੋਈ ਸੱਚੀ ਸੁੱਚੀ ਕਲਾ ਸੰਭਵ ਨਹੀਂ। ਇਥੇ ਇਹ ਸੂਚਨਾ ਕਰ ਦੇਣਾ ਯੋਗ ਹੋਵੇਗਾ ਕਿ ਇਹ ਯੂਰਪੀਨ ਵਿਅੰਗ ਪੁਰਾਤਨ ਭਾਰਤੀ ਧੁਨੀਵਾਦ ਨਾਲੋਂ ਕੁਝ ਵਖਰੇ ਅਰਥ ਰਖਦਾ ਹੈ।

ਇਸ ਤੋਂ ਕੁਝ ਸਾਲ ਪਿਛੋਂ ਹੀ ਲੈਸਿੰਗ, ਆਦਿ, ਸਨ ਤਨਵਾਦੀ ਚਿੰਤਕਾਂ ਨੇ ਫਿਰ ਨਾਟਕ ਨੂੰ ਪ੍ਰਧਾਨ ਆਖਣਾ ਸ਼ੁਰੂ ਕੀਤਾ। ਇੰਗਲਿਸਤਾਨ ਵਿਚ ਕੋਲਰਿਜ ਤੇ ਹੈਜ਼ਲਿਟ ਦੀ ਸਮੀਖਿਆ ਦਾ ਸਦਕਾ ਆਮ ਕਰ ਕੇ ਅਲਜ਼ਬੀਥਨ ਨਾਟਕ ਤੇ ਵਿਸ਼ੇਸ਼ ਕਰ ਕੇ ਸ਼ੈਕਸਪੀਅਰ ਦੇ ਨਾਟਕ ਨੂੰ ਉੱਚਤਮ ਸਾਹਿਤ ਰੂਪ ਸਮਝਿਆ ਜਾਣ ਲਗਾ। ਪਰ ਉਸ ਸਮੇਂ ਯੂਰਪ ਵਿਚ ਸਭਨੀ ਥਾਈਂ ਰੁਮਾਂਟਿਕ ਵਿਚਾਰ ਤੇ ਭਾਵਨਾਵਾਂ ਪ੍ਰਬਲ ਹੋ ਚੁਕੀਆਂ ਸਨ। ਇਨ੍ਹਾਂ ਦਾ ਇਕ ਆਧਾਰ ਫ਼ਰਾਂਸੀਸੀ ਕ੍ਰਾਂਤੀ ਦੇ ਆਧਾਰ ਰੂਪ ਚਿੰਤਨ ਵਿਚ ਵਿਅਕਤੀ ਨੂੰ ਉੱਚ-ਕੋਟੀ ਦੀ ਮਹਾਨਤਾ ਦਿੱਤਾ ਜ਼ਾਣਾ ਸੀ। ਇਨ੍ਹਾਂ ਵਿਚਾਰਾਂ ਦੇ ਅਧੀਨ ਵਿਅਕਤੀ ਦੀ ਅੰਤਰੀਵ ਭਾਵਨਾ ਨੂੰ ਸਾਹਿਤ ਤੇ ਕਲਾ ਦਾ ਪ੍ਰਧਾਨ ਵਿਸ਼ਾ ਮੰਨਿਆ ਗਇਆ ਤੇ ਇਸ ਭਾਵਨਾ ਦਾ ਉਚਿਤਤਮ ਰੂਪ ਵੈਣਿਕ ਕਵਿਤਾ ਨੂੰ ਸਮਝਿਆ ਗਇਆ।

ਪਰ ਇਸੇ ਸਮੇਂ ਇੰਗਲਸਤਾਨ ਤੇ ਫ਼ਰਾਂਸ ਵਿਚ, ਵਿਸ਼ੇਸ਼ ਕਰਕੇ, ਨਾਵਲ ਦਾ ਉਥਾਨ ਹੋਇਆ ਜੋ ਉਨ੍ਹੀਵੀਂ ਸਦੀ ਦੇ ਅੱਧ ਤਕ ਆਪਣੇ ਸਿਖਰ ਨੂੰ ਪੁਜ ਗਇਆ। ਆਦਰਸ਼ਵਾਦੀ ਚਿੰਤਕਾਂ ਨੇ ਇਸ ਨਾਵਲ ਰੂਪ ਨੂੰ ਉਨ੍ਹੀਵੀਂ ਸਦੀ ਵਿਚ ਮੱਧ ਸ਼੍ਰੇਣੀ ਦੀ ਚੜ੍ਹਤ ਦਾ ਪ੍ਰਤੀਕ ਮੰਨਿਆ। ਹੁਣ ਤਕ ਪੱਛਮੀ ਦੇਸਾਂ ਵਿਚ, ਵਿਸ਼ੇਸ਼ ਕਰਕੇ, ਨਾਵਲ ਹੀ ਸਾਹਿਤ ਦਾ ਪ੍ਰਧਾਨ ਰੂਪ ਬਣਿਆ ਹੋਇਆ ਹੈ। ਸਮਾਜਵਾਦੀ ਦੇਸ਼ਾਂ ਵਿਚ ਵੀ ਇਸ ਦੀ ਬਹੁਤ ਚੜ੍ਹਤ ਹੈ। ਇਹ ਠੀਕ ਹੈ ਕਿ ਇਸ ਦੇ ਟਾਕਰੇ ਉਤੇ ਅਮਰੀਕਾ, ਇੰਗਲਿਸਤਾਨ, ਫ਼ਰਾਂਸ ਤੇ ਸਮਾਜਵਾਦੀ ਦੇਸ਼ਾਂ ਵਿਚ ਨਾਟਕ ਵਿਚ ਵੀ ਬਹੁਤ ਉਭਾਰ ਆਇਆ ਹੈ ਤੇ, ਇਕ ਤਰ੍ਹਾਂ ਨਾਲ ਨਾਟਕ ਤੇ ਨਾਵਲ ਨਵੇਂ ਸਮੇਂ ਦੀ ਪ੍ਰਤਿਨਿਧਿਤਾ ਕਰਨ ਲਈ ਇਕ ਦੂਜੇ ਦਾ ਮੁਕਾਬਲਾ ਕਰ ਰਹੇ ਹਨ। ਸੋਵੀਅਤ ਰੂਸ ਵਿਚ ਕੁਝ ਸਮੇਂ ਤੋਂ ਕਵਿਤਾ ਵਿਚ ਵੀ ਇਕ ਨਵੀਂ ਸ਼ਕਤੀ ਦਾ ਆਗਮ ਹੋਇਆ ਜਾਪਦਾ ਹੈ ਤੇ ਏਵਤੁਸ਼ੈਂਕੋ, ਆਦਿ, ਦੀਆਂ ਕਵਿਤਾਵਾਂ ਵਡੇ ਵਡੇ ਸਮਾਗਮਾਂ ਵਿਚ ਪੜ੍ਹੀਆਂ ਤੇ ਸੁਣੀਆਂ ਜਾਂਦੀਆਂ ਹਨ। ਜੇ ਇਸ ਪੱਖ ਤੋਂ ਪਿਛਲੇ ਸਮਿਆਂ ਤੇ ਅਜੋਕੇ ਸਮੇਂ ਵਿਚ ਇਕ ਭੇਦ ਹਾਲੀ ਚਲਿਆ ਆ ਰਹਿਆ ਹੈ ਤਾਂ ਉਹ ਇਹ ਹੈ ਕਿ ਵ੍ਰਿਤਾਂਤਕ ਕਵਿਤਾ ਅਜੇ ਤਕ ਅਪ੍ਰਚਲਿਤ ਹੋਈ ਹੋਈ ਹੈ। ਪਰ ਕੋਈ ਅਚੰਭੇ ਦੀ ਗੱਲ ਨਹੀਂ ਹੋਵੇਗੀ ਜੇ ਕਵਿਤਾ ਦੇ ਇਸ ਰੂਪ ਵਿਚ ਵੀ ਨਵਾਂ ਉਭਾਰ ਆਵੇ ਤੇ ਇਸ ਦਾ ਪ੍ਰਚਲਨ ਵੀ ਫਿਰ ਤੋਂ ਸਥਾਪਿਤ ਹੋਣ ਲਗੇ, ਜਿਵੇਂ ਕਾਵਿ-ਨਾਟਕ ਦਾ ਕੁਝ ਹਦ ਤਕ ਹੋ ਗਇਆ ਹੈ।

ਪਰ ਭਾਵੇਂ ਮਾਰਕਸਵਾਦੀ ਚਿੰਤਨ ਸਾਹਿਤ ਰੂਪਾਂ ਦੀ ਪ੍ਰਤੀਨਿਧਿਤਾ ਬਾਰੇ ਕੋਈ ਅਜੇਹੇ ਕਟਵੇਂ ਨਿਰਣੇ ਨਹੀਂ ਕਰ ਸਕਿਆ ਜਾਂ ਕਰਨ ਦੀ ਲੋੜ ਨਹੀਂ ਸਮਝਦਾ, ਤਾਂ ਵੀ ਇਸ ਦਾ ਆਧਾਰ ਰੂਪ ਸਿਧਾਂਤ ਇਹ ਹੀ ਹੈ ਕਿ ਹਰ ਸਾਹਿਤ ਆਪਣੇ ਸਮੇਂ ਦੀ ਪ੍ਰਧਾਨ ਸ਼ਰੇਣੀ ਦਾ ਪ੍ਰਤਿਨਿਧ ਹੁੰਦਾ ਹੈ, ਭਾਵੇਂ ਇਸ ਵਿਚ ਕੁਝ ਤੱਤ ਵਿਰੋਧ ਜਾਂ ਵਿਦ੍ਰੋਹ ਦੇ ਵੀ ਹੁੰਦੇ ਹਨ। ਜਿਤਨਾ ਚਿਰ ਕਿਸੇ ਸਮੇਂ ਇਕ ਸ਼੍ਰੇਣੀ ਦੀ ਪ੍ਰਧਾਨਤਾ ਠੋਸ ਤੇ ਵੰਗਾਰ-ਮੁਕਤ ਰਹਿੰਦੀ ਹੈ ਇਹ ਵਿਰੋਧੀ ਤੱਤ ਮੁਖ ਰੂਪ ਵਿਚ ਪੁਰਾਣੀਆਂ ਸਥਾਪਿਤ ਹੋਈਆਂ ਨੈਤਿਕ ਕੀਮਤਾਂ ਉਤੇ, ਜੋ ਪੁਰਾਣੇ ਸਮੇਂ ਦੀ ਪ੍ਰਧਾਨ ਸ਼੍ਰੇਣੀ ਦੇ ਚਿੰਤਨ ਤੇ ਨੈਤਿਕ ਵਿਚਾਰਾਂ ਦਾ ਪ੍ਰਤਿਨਿਧ ਰੂਪ ਹੁੰਦੀਆਂ ਹਨ, ਆਧਾਰ ਰਖਦੇ ਹੁੰਦੇ ਹਨ। ਉਦਾਹਰਣ ਲਈ, ਉਨ੍ਹੀਵੀਂ ਸਦੀ ਦੇ ਪੱਛਮੀ ਦੇਸ਼ਾਂ ਦੇ ਸਾਹਿਤ ਵਿਚ ਜਿਥੇ ਡਿਕਨਜ਼ ਜਾਂ ਥੈਕਰੇ ਦੇ ਨਾਵਲ ਵਿਚ, ਆਰਨਲਡ ਦੀ ਕਵਿਤਾ ਤੇ ਸਮੀਖਿਆ ਵਿਚ, ਜਾਂ ਕਾਰਲਾਈਲ, ਆਦਿ, ਦੀ ਗੱਦ ਵਿਚ ਉਨ੍ਹੀਵੀਂ ਸਦੀ ਦੀ ਪ੍ਰਧਾਨ ਸ਼੍ਰੇਣੀ, ਮੱਧ ਸ਼੍ਰੇਣੀ, ਦੀ ਨੀਤੀ ਜੋ ਮਸ਼ੀਨੀ ਕ੍ਰਾਂਤੀ ਉਤੇ ਆਧਾਰਿਤ ਸੀ, ਦੀ ਕਰੜੀ ਆਲੋਚਨਾ ਕੀਤੀ ਗਈ ਤਾਂ ਇਸ ਦੇ ਅਧਾਰ ਨਿਰੋਲ ਰੂਪ ਵਿਚ ਪੁਰਾਣੇ ਭੂਪਵਾਦੀ ਸਨ। ਸ਼ੈਕਸਪੀਅਰ ਦੇ ਨਾਟਕ ਬਾਰੇ ਵੀ ਲੂਨਾਚਾਰਸਕੀ ਦਾ ਕਥਨ ਹੈ: 'ਸ਼ੈਕਸਪੀਅਰ ਦੀ ਜਗਤ ਬਾਰੇ ਦੁਖਾਂਤਕ ਦ੍ਰਿਸ਼ਟੀ ਉਸ ਦੇ ਭੂਪਵਾਦੀ ਉਚਕੁਲੀਨਤਾ ਦੇ ਨਾਟਕੀ ਅਭਿਵਿਅੰਜਨ ਹੋਣ ਦਾ ਪਰਿ-ਣਾਮ ਹੈ, ਕਿਉਂਕਿ ਇਹ ਸ਼੍ਰੇਣੀ ਅਲਿਜ਼ਬੈਥ ਦੇ ਸਮੇਂ ਆਪਣੀ ਪਹਿਲੀ ਪ੍ਰਧਾਨ ਪਦਵੀ ਖੁਹਾ ਚੁਕੀ ਸੀ।''

ਮਾਰਕਸਵਾਦੀ ਸਿਧਾਂਤ ਅਨੁਸਾਰ ਉਨ੍ਹੀਵੀਂ ਸਦੀ ਦੇ ਪਿਛਲੇ ਭਾਗ ਦਾ ਸਾਹਿਤ, ਗੱਦ ਤੇ ਪੱਦ ਦੋਵੇਂ, ਸਾਹਿਤਕਾਰ ਦੇ ਵਧ ਰਹੇ ਸਮਾਜਕ ਵਿਤ੍ਰੇਕ ਨੂੰ ਇਕ ਜਾਂ ਦੂਜੇ ਰੂਪ ਵਿਚ ਦਰ-ਸਾਂਦਾ ਹੈ। ਉਸ ਸਮੇਂ ਸਾਹਿਤਕਾਰ ਮਧ ਸ਼੍ਰੇਣੀ ਦੀ ਮਸ਼ੀਨੀ ਸੰਸਕ੍ਰਿਤੀ ਤੇ ਜੀਵਨ ਆਚਾਰ ਤੋਂ

ਤੰਗ ਆਇਆ ਹੋਇਆ ਇਕ ਅਸਮਾਜਕ ਜੇਹੀ ਪੀੜ ਨਾਲ ਕ੍ਰਾਂਹਦਾ ਤੇ ਇਸ ਆਚਾਰ ਨੂੰ ਤਿਆਗਣ ਦੇ ਯਤਨ ਤਾਂ ਕਰਦਾ ਹੈ, ਪਰ ਉਸ ਪਾਸ ਉਹ ਸਮਾਜਕ ਸਿਧਾਂਤ ਤੇ ਦ੍ਰਿਸ਼ਟੀ ਨਹੀਂ, ਜੋ ਉਸ ਨੂੰ ਸਾਕਾਰ ਰੂਪ ਵਿਚ ਕ੍ਰਾਂਤੀਕਾਰ ਤੇ ਕਿਰਤੀ ਸ਼੍ਰੇਣੀ ਦਾ ਪ੍ਰਤਿਨਿਧ ਬਣਾ ਸਕਦੇ।

ਸਾਹਿਤਕਾਰ ਦੀ ਇਹ ਹਾਲਤ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਹੁਣ ਤਕ ਦੇਖੀ ਜਾਂਦੀ ਹੈ। ਇਹਨਾਂ ਦੇਸਾਂ ਵਿਚ ਬਹੁਤ ਲੇਖਕ ਮੱਧ ਸ਼੍ਰੇਣੀ ਦੇ ਪੂੰਜੀਵਾਦੀ ਆਚਾਰ ਨੂੰ ਤਿਆਗਣ ਯੋਗ ਤਾਂ ਸਮਝਦੇ ਹਨ, ਪਰ ਇਸਦੇ ਮੁਕਾਬਲੇ ਵਿਚ ਸਮਾਜਵਾਦੀ ਆਚਾਰ ਨੂੰ ਅਪਣਾਣ ਤੋਂ ਅਸਮਰਥ ਹਨ।

ਮਾਰਕਸਵਾਦੀ ਵਿਚਾਰ ਇਹ ਹੈ ਕਿ ਸਾਹਿਤ ਵੀ ਉਸੇ ਪ੍ਰਕਾਰ ਦਾ ਇਕ ਸਮਾਜਕ ਕਰਮ ਹੈ ਜਿਸ ਪ੍ਰਕਾਰ ਦੀ ਕੋਈ ਹੋਰ ਕਿਰਤ, ਕਿਰਸਾਣੀ ਜਾਂ ਕਾਰੀਗਰੀ। ਇਸ ਦਾ ਕਰਤੱਵ ਸਮਾਜਕ ਕਲਿਆਣ, ਸਮਾਜ ਦੀ ਉਸਾਰੀ ਵਿਚ ਭਾਗ ਪਾਣਾ, ਤੇ ਨਵੀਂ ਪ੍ਰਧਾਨ ਹੋ ਰਹੀ ਸ਼੍ਰੇਣੀ, ਕਿਰਤੀ ਸ਼੍ਰੇਣੀ, ਦੀ ਪ੍ਰਤਿਨਿਧਿਤਾ ਕਰਨਾ ਹੈ। ਲੈਨਿਨ ਨੇ ਕਹਿਆ ਸੀ : "ਸਾਨੂੰ ਉਪਰ-ਮਨੁਖੀ ਸਾਹਿਤਕਾਰ ਨਹੀਂ ਚਾਹੀਦੇ...ਸਾਹਿਤ ਨੂੰ ਸੰਗਠਿਤ, ਨਿਯੋਜਿਤ, ਏਕਾਗਰ ਸਮਾਜਵਾਦੀ ਪਾਰਟੀ ਕਰਮ ਦਾ ਇਕ ਪੂਰਕ ਭਾਗ ਬਣਨਾ ਚਾਹੀਦਾ ਹੈ।"

ਉਨ੍ਹੀਵੀਂ ਸਦੀ ਦੇ ਮਧ ਤੋਂ ਜਦੋਂ ਪੂੰਜੀਵਾਦੀ ਨੀਤੀ ਆਚਾਰ ਨੂੰ ਦੋ ਤਿੰਨ ਦ੍ਰਿਸ਼ਟੀਆਂ, ਭੂਪਵਾਦੀ, ਵਿਤ੍ਰਕਵਾਦੀ ਤੇ ਸਮਾਜਵਾਦੀ, ਤੋਂ ਨਿੰਦਿਆ ਜਾਣ ਲਗਾ ਸੀ, ਇਹ ਵਿਚਾਰ ਬਹੁਤ ਪ੍ਰਚਲਿਤ ਹੋ ਗਇਆ ਹੈ ਕਿ ਸਾਹਿਤ ਦਾ ਕਰਤੱਵ ਸਮਾਜ ਦੀ ਅਧਿਕਾਰੀ ਸ਼ਕਤੀ ਵਿਰੁਧ ਵਿਦ੍ਰੋਹ ਹੀ ਰਹਿ ਗਇਆ ਹੈ। ਸਮਾਜ ਦੀ ਅਧਿਕਾਰੀ ਸ਼ਕਤੀ ਦਾ ਸਮਰਥਨ ਕਰਨਾ ਇਹਨਾਂ ਦੇਸ਼ਾਂ ਵਿਚ ਇਕ ਤਰ੍ਹਾਂ ਦਾ ਮੇਹਣਾ ਬਣ ਗਇਆ ਹੈ। ਤੇ ਕਈ ਵਾਰੀ ਸਮਾਜਵਾਦੀ ਦੇਸਾਂ ਵਿਚ ਸਾਹਿਤਕਾਰਾਂ ਨੂੰ ਇਹ ਕਹਿ ਕੇ ਭੰਡਿਆ ਜਾਂਦਾ ਹੈ ਕਿ ਉਹ ਸਮਾਜਵਾਦੀ ਅਧਿਕਾਰੀਆਂ ਦੇ ਜੀ-ਹਜ਼ੂਰੀਏ ਹਨ।

ਇਸ ਸੰਬੰਧ ਵਿਚ ਇਹ ਭੁਲ ਜਾਣਾ ਠੀਕ ਨਹੀਂ ਕਿ ਉਨ੍ਹੀਵੀਂ ਸਦੀ ਦੇ ਮਧ ਤੋਂ ਪਹਿਲਾਂ ਸਾਹਿਤਕਾਰ ਵਿਚ ਇਹ ਵਿਦ੍ਰੋਹ ਦੀ ਭਾਵਨਾ ਨਹੀਂ ਸੀ। ਪੁਰਾਤਨ ਸਮਿਆਂ ਵਿਚ ਤਾਂ ਸਾਹਿਤਕਾਰ ਹੁੰਦਾ ਹੀ ਅਧਿਕਾਰੀ ਸ਼੍ਰੇਣੀ ਦਾ ਸਮਰਥਕ ਤੇ ਉਸਤਤਕਾਰ ਸੀ। ਇਥੋਂ ਤਕ ਕਿ ਫ਼ਲਾਤੂ ਨੇ ਕੇਵਲ ਉਸੇ ਕਵਿਤਾ ਨੂੰ ਸਹਣਨੀ ਆਖਿਆ ਹੈ ਜੋ ਦੇਵਤਿਆਂ ਦੀ ਪੂਜਾ ਤੇ ਸੂਰਮਿਆਂ ਦੀ ਉਸਤਤ ਵਿਚ ਲਿਖੀ ਗਈ ਹੋਵੇ। ਈਸਕੀਲਸ, ਸੋਫ਼ੋਕਲੀਜ਼, ਵਰਜਿਲ, ਸ਼ੈਕਸਪੀਅਰ, ਕਾਰਨੀਲ, ਡਰਾਈਡਨ, ਪੋਪ, ਕਾਲੀਦਾਸ, ਸ਼ੇਖ ਸਾਅਦੀ, ਹਾਫ਼ਿਜ਼, ਤੁਲਸੀਦਾਸ, ਆਦਿ, ਸਭਨਾਂ ਦੇਸ਼ਾਂ ਦੇ ਮਹਾਨ ਸਾਹਿਤਕਾਰ ਰਾਜਾ ਸ਼੍ਰੇਣੀ ਦੇ ਉਸਤਤਕਾਰ ਤੇ ਸਮਰਥਕ ਹੁੰਦੇ ਸਨ। ਮਹਾਨ ਜਰਮਨ ਕਵੀ ਗੈਤੇ, ਉਨ੍ਹੀਵੀਂ ਸਦੀ ਵਿਚ ਆਪ ਰਾਜਾ ਸ਼੍ਰੇਣੀ ਦਾ ਭਾਗ ਤੇ ਉਸੇ ਦੇ ਨੀਤੀ ਆਚਾਰ ਦਾ ਪ੍ਰਵਰਤਕ ਸੀ।

ਇਸ ਗੱਲ ਦਾ ਵੱਡਾ ਕਾਰਣ ਇਹ ਹੈ ਕਿ ਪੂੰਜੀਵਾਦੀ ਸ਼੍ਰੇਣੀ ਦੇ ਭੂਪਵਾਦੀ ਸ਼੍ਰੇਣੀ ਵਿਰੁਧ ਸੰਘਰਸ਼ ਤੋਂ ਪਹਿਲਾਂ ਕਿਸੇ ਸਮੇਂ ਵਿਚ ਸ਼੍ਰੇਣੀ ਸੰਘਰਸ਼ ਇਤਨਾ ਕਠੋਰ ਤੇ ਪ੍ਰਚੰਡ ਨਹੀਂ ਸੀ ਹੋਇਆ। ਸੰਘਰਸ਼ ਜ਼ਰੂਰ ਸੀ, ਜਿਸ ਰਾਹੀਂ ਭੂਪਵਾਦੀ ਸ਼੍ਰੇਣੀ ਆਪਣੇ ਤੋਂ ਪਹਿਲੇ ਆਦਿਮ ਰੂਪੀ ਸਮਾਜਕ ਸੰਘਰਸ਼ਾਂ ਵਿਚ ਉਭਰ ਕੇ ਰਾਜ ਅਧਿਕਾਰ ਨੂੰ ਪ੍ਰਾਪਤ ਹੋਈ ਸੀ। ਬਹੁਤ ਚਿਰ ਯੂਰਪ, ਭਾਰਤ ਤੇ ਹੋਰ ਦੇਸ਼ਾਂ ਵਿਚ ਪੁਰੋਹਿਤ ਸ਼੍ਰੇਣੀ ਤੇ ਭੂਪਤੀ ਸ਼੍ਰੇਣੀ ਵਿਚ ਸੰਘਰਸ਼ ਨਹੀਂ ਸੀ, ਇਕੋ ਸ਼੍ਰੇਣੀ ਦੇ ਦੋ ਭਾਗਾਂ ਵਿਚ ਸੰਘਰਸ਼ ਸੀ, ਤੇ ਸੰਘਰਸ਼ ਵਿਚ ਤਤਪਰ ਭਾਗ ਕੇਵਲ ਥੋੜੇ ਜੇਹੇ ਉੱਚ

ਸ਼੍ਰੇਣੀ ਦੇ ਲੋਕਾਂ ਦਾ ਹੀ ਹੁੰਦਾ ਸੀ। ਤਦ ਵੀ ਭੂਪਤੀ ਸ਼੍ਰੇਣੀ ਦੀ ਜਿੱਤ ਦੇ ਕਾਰਣ (ਤੇ ਸਮੇਂ ਦੇ ਆਚਾਰ ਅਨੁਸਾਰ ਇਹ ਜਿੱਤ ਹੋਈ) ਜੇ ਕਿਧਰੇ ਸਾਹਿਤ ਵਿਚ ਇਸ ਦਾ ਪ੍ਰਤਿਨਾਦ ਮਿਲਦਾ ਹੈ ਤਾਂ ਉਹ ਪੁਰੋਹਿਤ ਸ਼੍ਰੇਣੀ ਦੀ ਨਿੰਦਾ ਦੇ ਰੂਪ ਵਿਚ ਹੈ। ਭਾਰਤ ਵਿਚ ਬ੍ਰਾਹਮਣ ਦੀ ਕੁਟਿਲਤਾ ਤੇ ਕਠੋ-ਰਤਾ ਵਿਰੁਧ ਤੇ ਯੂਰਪ ਵਿਚ ਪੋਪ ਤੇ ਪਾਦਰੀਆਂ ਦੇ ਦੁਰਾਚਾਰ ਤੇ ਅਤਿਆਚਾਰ ਵਿਰੁਧ ਬਹੁਤ ਕੁਝ ਲਿਖਿਆ ਗਇਆ ਤੇ ਬਹੁਤ ਕੁਝ ਉਹਨਾਂ ਵਿਰੋਧੀਆਂ ਦੇ ਵਿਰੁਧ ਵੀ। ਇਸੇ ਤਰ੍ਹਾਂ ਦੇ ਇਕ ਸ਼੍ਰੇਣੀ ਸੰਘਰਸ਼ ਵਿਚ ਅੰਗਰੇਜ਼ੀ ਕਵੀ, ਮਿਲਟਨ, ਨੂੰ ਵੀ ਇਕ ਪੱਖ ਉਤੇ ਖੜੇ ਹੋਣਾ ਪਇਆ ਸੀ, ਤੇ ਆਪਣੇ ਪੱਖ ਦੀ ਜਿੱਤ ਹਾਰ ਅਨੁਸਾਰ ਉਸ ਨੂੰ ਆਪਣੇ ਜੀਵਨ ਵਿਚ ਚੜ੍ਹਾਉ ਤੇ ਉਤਾਰ ਵੀ ਵੇਖਣੇ ਪਏ।

ਇਹਨਾਂ ਸਮਿਆਂ ਵਿਚ, ਜੇ ਸ਼੍ਰੇਣੀ ਸੰਘਰਸ਼ ਨੂੰ ਪ੍ਰਚੰਡ ਰੂਪ ਵਿਚ ਵੀ ਕਿਧਰੇ ਹੋ ਰਹਿਆ ਮੰਨ ਲਇਆ ਜਾਵੇ, ਤਾਂ ਸਾਹਿਤਕਾਰ ਇਕ ਪੱਖ ਦਾ ਸਮਰਥਕ ਤੇ ਦੂਜੇ ਪੱਖ ਦਾ ਵਿਰੋਧੀ ਹੀ ਹੁੰਦਾ ਸੀ। ਤੇ ਫਿਰ ਜਦੋਂ ਇਹ ਦੋਵੇਂ ਪੱਖ ਹਾਰ ਜਿੱਤ ਤੋਂ ਪਿਛੋਂ ਫਿਰ ਇਕ ਹੋ ਜਾਂਦੇ ਸਨ, ਤਾਂ ਸਾਹਿਤਕਾਰ ਵੀ ਵਿਚੇ ਹੀ ਰਚਮਿਚ ਜਾਂਦਾ ਸੀ। ਉਨ੍ਹਾਂ ਸਮਿਆਂ ਵਿਚ ਸਾਹਿਤ ਨੂੰ ਪ੍ਰਤਿਪਾਲਨ ਕੇਵਲ ਉੱਚਕੁਲੀਨ ਲੋਕਾਂ ਜਾਂ ਉੱਚ ਪੁਰੋਹਿਤਾਂ, ਆਦਿ, ਤੋਂ ਹੀ ਮਿਲਦਾ ਸੀ, ਤੇ ਇਹ ਇਹਨਾਂ ਲੋਕਾਂ ਦਾ ਇਕ ਪ੍ਰਕਾਰ ਦਾ ਸੇਵਕ ਹੀ ਹੁੰਦਾ ਸੀ।

ਹਾਂ, ਇਨ੍ਹਾਂ ਸਮਿਆਂ ਵਿਚ ਇਕ ਪ੍ਰਕਾਰ ਦਾ ਲੋਕ ਸਾਹਿਤ, ਧਾਰਮਿਕ ਆਗੂਆਂ, ਪੀਰਾਂ, ਫ਼ਕੀਰਾਂ,ਦੇ ਗਿਰਦ ਰਚਿਆ ਜਾਂਦਾ ਸੀ ਜੋ ਲੋਕਾਂ ਵਿਚ ਗਾਇਆ ਤੇ ਪੜ੍ਹਕੇ ਵੀ ਸੁਣਾਇਆ ਜਾਂਦਾ ਸੀ। ਇਹ ਕਈ ਵਾਰੀ ਸਥਾਪਿਤ ਪੁਰੋਹਿਤ ਸ਼੍ਰੇਣੀ ਤੇ ਧਾਰਮਿਕ ਸੰਸਥਾਵਾਂ ਦੇ ਵਿਵਹਾਰ ਦੀ ਕਰੜੀ ਆਲੋਚਨਾ ਵੀ ਕਰਦਾ ਸੀ, ਜਿਵੇਂ ਮੱਧਕਾਲੀਨ ਭਾਰਤ ਵਿਚ ਭਗਤੀ, ਗੁਰਬਾਣੀ ਤੇ ਸੂਫੀ ਸਾਹਿਤ। ਪਰ ਆਮ ਕਰਕੇ ਇਹ ਸਮੇਂ ਦੀ ਰਾਜਸੀ ਸਥਿਤੀ ਤੋਂ ਨਿਰਲਾਗ ਹੀ ਹੁੰਦੇ ਸਨ। ਜਿਥੇ ਕਿਤੇ ਰਾਜਸੀ ਸਥਿਤੀ ਨਾਲ ਟੱਕਰ ਹੋਈ, ਜਿਵੇਂ ਸਿਖ ਗੁਰੂਆਂ ਦੀ, ਉਥੇ ਇਕ ਪ੍ਰਕਾਰ ਦਾ ਸ਼੍ਰੇਣੀ ਸੰਘਰਸ਼ ਇਸਦਾ ਆਧਾਰ ਸੀ ਤੇ ਇਹ ਟੱਕਰ ਰਾਜਸੀ ਵਿਦ੍ਰੋਹ ਦੇ ਪੱਧਰ ਤਕ ਪਹੁੰਚ ਗਈ।

ਪਰ ਸਾਮਾਨ ਰੂਪ ਵਿਚ ਉਪਰੋਕਤ ਭੂਪਵਾਦੀ ਸਥਿਤੀ ਉਨ੍ਹੀਵੀਂ ਸਦੀ ਵਿਚ ਹੀ ਆ ਕੇ ਬਦਲਦੀ ਹੈ, ਜਦੋਂ ਇਕ ਵਧੇਰੇ ਗਿਣਤੀ ਵਾਲੀ ਮਧ ਸ਼੍ਰੇਣੀ ਪਾਸ ਰਾਜ ਸੱਤਾ ਆ ਜਾਂਦੀ ਹੈ ਤੇ ਹੋਰ ਲੋਕਵਾਦੀ ਵਿਚਾਰ ਤੇ ਭਾਵਨਾਵਾਂ ਬਲਵਾਨ ਹੋ ਜਾਂਦੀਆਂ ਹਨ। ਇਸ ਸਮੇਂ ਵਿਚ ਆ ਕੇ ਸਾਹਿਤਕਾਰ ਦਾ ਪ੍ਰਤਿਪਾਲਨ ਵੀ ਅਮੀਰ ਜਾਂ ਉੱਚਕੁਲੀਨ ਵਿਅਕਤੀਆਂ ਦੀ ਥਾਉਂ ਪੜ੍ਹੀ ਲਿਖੀ ਮਧ ਸ਼੍ਰੇਣੀ ਨੀਵੀਂ ਮਧ ਸ਼੍ਰੇਣੀ ਦੇ ਹੱਥਾਂ ਵਿਚ ਆ ਜਾਂਦਾ ਹੈ। ਨੀਵੀਂ ਮਧ-ਸ਼੍ਰੇਣੀ ਦੇ ਭਾਵ ਸਾਹਿਤ ਵਿਚ ਲੋਕਵਾਦੀ ਅੰਸ਼ਾਂ ਤੇ ਵਿਸ਼ਿਆਂ ਨੂੰ ਬਲ ਪ੍ਰਦਾਨ ਕਰਦੇ ਹਨ, ਤੇ ਸਾਹਿਤਕਾਰ ਉਹਨਾਂ ਭਾਵਨਾਵਾਂ ਦੀ ਅਭਿਵਿਅਕਤੀ ਕਰਦਾ ਅਧਿਕਾਰੀ ਸ਼੍ਰੇਣੀ ਦੇ ਵਿਦ੍ਰੋਹ ਦੀ ਪੰਕਤੀ ਵਿਚ ਆ ਖੜੋਂਦਾ ਹੈ।

ਪਰ ਇਹ ਵਿਦ੍ਰੋਹ ਦੀ ਸਥਿਤੀ ਉਤਨਾ ਚਿਰ ਹੀ ਕਾਇਮ ਰਹਿ ਸਕਦੀ ਹੈ ਜਿਤਨਾ ਚਿਰ ਅਧਿਕਾਰ ਪ੍ਰਾਪਤ ਮਧ-ਸ਼੍ਰੇਣੀ ਤੋਂ ਹੇਠਾਂ ਇਕ ਨੀਵੀਂ ਮਧ-ਸ਼੍ਰੇਣੀ, ਕਿਰਸਾਣ ਤੇ ਕਿਰਤੀ ਸ਼੍ਰੇਣੀ, ਮਧ ਸ਼੍ਰੇਣੀ ਦੀ ਪੂੰਜੀਵਾਦੀ ਸ਼ਕਤੀ ਦੇ ਸ਼ੋਸ਼ਨ ਤੋਂ ਦੁਖੀ ਇਸ ਦਾ ਵਿਰੋਧ ਕਰਨ ਵਾਲੀਆਂ ਹੁੰਦੀਆਂ ਹਨ। ਜਦੋਂ ਕਿਸੇ ਦੇਸ਼ ਜਾਂ ਸਮਾਜ ਵਿਚ ਰਾਜਸੀ ਸ਼ਕਤੀ ਕਿਰਤੀ ਕਿਰਸਾਣ ਸ਼੍ਰੇਣੀਆਂ ਪਾਸ ਆ ਜਾਂਦੀ ਹੈ ਤਾਂ ਵਿਦ੍ਰੋਹੀ ਸ਼੍ਰੇਣੀ ਕੋਈ ਰਹਿ ਨਹੀਂ ਜਾਂਦੀ, ਸਿਵਾਇ ਭੂਪਵਾਦੀ ਤੇ ਪੂੰਜੀਵਾਦੀ ਬਚਤ-ਖੁਚਤ ਦੇ ਤੇ ਉਸ ਪ੍ਰਕਾਰ ਦੀਆਂ ਭਾਵਨਾਵਾਂ, ਖੜਯੰਤਰਾਂ ਤੇ ਸਾਜ਼ਿਸ਼ਾਂ ਦੇ।

ਇਸ ਲਈ ਸਾਹਿਤਕਾਰ ਪਾਸ ਵੀ ਸਥਾਪਿਤ ਅਧਿਕਾਰ ਵਿਰੁਧ ਵੰਗਾਰ ਜਾਂ ਵਿਦ੍ਰੋਹ ਦਾ ਕੋਈ ਆਧਾਰ ਨਹੀਂ ਰਹਿ ਜਾਂਦਾ, ਸਿਵਾਇ ਉਤਨੇ ਕੁ ਅਧਾਰ ਦੇ ਜੋ ਪੁਰਾਣੇ ਭੂਪਵਾਦੀ ਯੁਗ ਵਿਚ ਹੁੰਦਾ ਸੀ। ਤੇ ਸਾਹਿਤਕਾਰ ਦਾ ਸਮਾਜਕ ਕਰਤੱਵ ਸਮੁੱਚੇ ਰੂਪ ਵਿਚ ਸਥਾਪਿਤ ਅਧਿਕਾਰ ਦਾ ਸਮਰਥਨ ਬਣ ਜਾਂਦਾ ਹੈ, ਭਾਵੇਂ ਪੁਰਾਣੇ ਸਮਿਆਂ ਵਾਕਰ ਹੀ ਉਹ ਆਪਣੇ ਸਮਰਥਿਤ ਰਾਜ ਅਧਿਕਾਰ ਦੀ ਮਿੱਤਰ-ਭਾਵੀ ਆਲੋਚਨਾ ਹੀ ਨਹੀਂ, ਕਈ ਵਾਰੀ ਵਿਅਕਤੀਆਂ ਤੇ ਗੁੱਟਾਂ ਦੀ ਕਰੜੀ ਆਲੋਚਨਾ ਕਰਨਾ ਵੀ ਆਪਣਾ ਫਰਜ਼ ਸਮਝਦਾ ਹੈ।

ਭਾਵਨਾ ਦੇ ਇਸ ਵਿਦ੍ਰੋਹ ਤੋਂ ਛੁਟ ਇਸ ਸਮੇਂ ਆ ਕੇ ਇਕ ਹੋਰ ਸਮਸਿਆ ਵੀ ਸਾਹਿਤ ਦੇ ਖੇਤਰ ਵਿਚ ਬੜੇ ਬਲ ਨਾਲ ਆ ਖੜੀ ਹੋ ਜਾਂਦੀ ਹੈ, ਖਾਸ ਕਰਕੇ ਉਹਨਾਂ ਦੇਸ਼ਾਂ ਵਿਚ ਜਿਥੇ ਪੂੰਜੀਵਾਦੀ ਸ਼੍ਰੇਣੀ ਜਾਂ ਭੂਪਵਾਦੀ ਸ਼੍ਰੇਣੀ ਦੀ ਸ਼ਕਤੀ ਕਾਇਮ ਹੁੰਦੀ ਹੈ ਭਾਵੇਂ ਇਸ ਨੂੰ ਸਮਾਜਵਾਦੀ ਕਿਰਤੀ ਕਿਰਸਾਣ ਸ਼੍ਰੇਣੀਆਂ ਵਲੋਂ ਤਕੜੇ ਹੋ ਕੇ ਵੰਗਾਰਿਆ ਜਾ ਰਹਿਆ ਹੁੰਦਾ ਹੈ। ਬਹੁਤ ਸਾਹਿਤਕਾਰ, ਵਿਸ਼ੇਸ਼ ਕਰਕੇ ਮਧ-ਸ਼੍ਰੇਣੀ ਦੇ ਜੰਮ-ਪਲ, ਅਜੇਹੇ ਹੁੰਦੇ ਹਨ ਜਿਨ੍ਹਾਂ ਦੀ ਹਮ-ਦਰਦੀ ਪੂਰੀ ਤਰ੍ਹਾਂ ਸਮਾਜਵਾਦੀ ਸ਼ਕਤੀਆਂ ਨਾਲ ਨਹੀਂ ਹੁੰਦੀ। ਕਈ ਵਾਰੀ ਸਗੋਂ ਉਹ ਸਮਾਜਵਾਦੀ ਸ਼ਕਤੀਆਂ ਦੇ ਵਿਰੋਧੀ ਹੁੰਦੇ ਹਨ। ਪਰ ਉਹ ਪੂਰੀ ਤਰ੍ਹਾਂ ਡਟ ਕੇ ਸਮਾਜਵਾਦ ਦਾ ਵਿਰੋਧ ਜਾਂ ਸਮਰਥਨ ਕਰਨ ਦੇ ਯੋਗ ਨਹੀਂ ਹੁੰਦੇ, ਜਾਂ ਉਹਨਾਂ ਵਿਚ ਇਹ ਭਾਵਨਾ ਕਮਜ਼ੋਰ ਹੁੰਦੀ ਹੈ। ਅਜੇਹੇ ਸਾਹਿਤਕਾਰ ਤੇ ਕਲਾਕਾਰ ਸਾਹਿਤ ਤੇ ਕਲਾ ਦੇ ਖੇਤਰ ਨੂੰ ਸਮਾਜਕ ਕਰਮ ਦੇ ਖੇਤਰ ਤੋਂ ਨਿਖੇੜ ਕੇ ਇਕ ਵਖਰਾ ਖੇਤਰ ਬਣਾ ਦੇਣਾ ਲੋੜਦੇ ਹਨ, ਤੇ ਆਪਣੇ ਵਚਨ ਤੇ ਕਰਮ ਰਾਹੀਂ ਇਸ ਭਾਵ ਦਾ ਪ੍ਰਚਾਰ ਕਰਦੇ ਹਨ। ਅਜੇਹੇ ਲੋਕ 'ਕਲਾ ਕਲਾ ਲਈ' ਜਾਂ 'ਸਾਹਿਤ ਦੀ ਸੁਤੰਤਰਤਾ' ਦੇ ਨਾਅਰੇ ਦੇਂਦੇ ਜਾਂ ਉਹਨਾਂ ਨਾਰਿਆਂ ਮਗਰ ਲਗ ਜਾਂਦੇ ਹਨ। ਇਹ ਲੋਕ ਆਮ ਕਰਕੇ ਸਾਹਿਤ ਤੇ ਕਲਾ ਵਿਚ ਰੂਪ ਦੀ ਪ੍ਰਧਾਨਤਾ ਜਾਂ ਸੁਤੰਤਰਤਾ ਉਤੇ ਜ਼ੋਰ ਦੇਣ ਲਗ ਪੈਂਦੇ ਹਨ ਤੇ ਵਿਸ਼ੇ ਨੂੰ ਗੌਣ ਜਾਂ ਅਪ੍ਰਧਾਨ ਮੰਨਣ ਦਾ ਪਰਚਾਰ ਕਰਦੇ ਹਨ।

ਮਾਰਕਸਵਾਦੀ ਵਿਚਾਰ ਇਸ ਭਾਵਨਾ ਨੂੰ ਸਵੀਕਾਰ ਨਹੀਂ ਕਰਦੇ। ਉਹ ਅਜੇਹੇ ਲੋਕਾਂ, ਰੂਪਵਾਦੀਆਂ, ਦੇ ਸਾਹਿਤ ਜਾਂ ਕਲਾ ਵਿਚ ਵਿਸ਼ੇ ਦੀ ਪ੍ਰਧਾਨਤਾ ਦੇ ਵਿਰੋਧ ਨੂੰ ਇਕ ਅਸਮਾਜਕ ਕਰਮ ਆਖਦੇ ਹਨ। ਮਾਰਕਸਵਾਦੀਆਂ ਦੇ ਮਤ ਅਨੁਸਾਰ ਪ੍ਰਧਾਨਤਾ ਵਿਸ਼ੇ ਵਸਤੂ ਦੀ ਹੈ ਤੇ ਰੂਪ ਵਿਸ਼ੇ ਵਸਤੂ ਦਾ ਆਪਣਾ ਹੀ ਹੁੰਦਾ ਹੈ। ਉਹ ਇਉਂ ਵੀ ਕਹਿ ਦੇਂਦੇ ਹਨ ਕਿ ਵਿਸ਼ੈ ਵਸਤੂ ਤੇ ਰੂਪ ਨੂੰ ਵੱਖਰੇ ਨਹੀਂ ਸਮਝਿਆ ਜਾ ਸਕਦਾ।

ਪਰ ਸਾਹਿਤ ਜਾਂ ਕਲਾ ਵਿਚ ਪ੍ਰਯਾਸ ਦੀ ਨਿਪੁਣਤਾ ਦੀ ਮੰਗ ਮਾਰਕਸਵਾਦੀ ਵੀ ਕਰਦੇ ਹਨ। ਉਹ ਸਾਹਿਤਕਾਰ ਤੇ ਕਲਾਕਾਰ ਵਿਚ ਅਭਿਆਸ ਤੇ ਨਿਪੁਣਤਾ ਦੀ ਘਾਟ ਨੂੰ ਨਿੰਦਦੇ ਹਨ। ਸੋਵੀਅਤ ਰੂਸ ਵਿਚ ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਬਹੁਤ ਵਾਰੀ ਇਸ ਪੱਖ ਤੋਂ ਸੁਚੇਤ ਕੀਤਾ ਜਾਂਦਾ ਹੈ।

ਪਰ ਪ੍ਰਯਾਸ ਵਿਚ ਇਹ ਨਿਪੁਣਤਾ ਮੂਲ ਰੂਪ ਵਿਚ ਕੀ ਹੋ ਸਕਦੀ ਹੈ ? ਕੀ ਇਹ ਰੂਪ ਵਲ ਸੁਚੇਤਤਾ ਦਾ ਹੀ ਨਾਉਂ ਤਾਂ ਨਹੀਂ ? ਇਹ ਪ੍ਰਸ਼ਨ ਹੈ ਜੋ ਮਾਰਕਸਵਾਦੀ ਚਿੰਤਕ ਪਾਸੋਂ ਉੱਤਰ ਮੰਗਦਾ ਹੈ।

ਰੂਪ ਅਸਲ ਵਿਚ ਸੰਚਿਤ ਹੋਇਆ ਹੋਇਆ ਵਸਤੂ ਹੀ ਹੈ ਜਿਵੇਂ ਆਰਥਿਕ ਖੇਤਰ ਵਿਚ ਪੂੰਜੀ ਸੰਚਿਤ ਹੋਈ ਹੋਈ ਕਿਰਤ ਹੁੰਦੀ ਹੈ, ਤੇ ਜਿਵੇਂ ਇਹ ਸੰਚਿਤ ਹੋਈ ਹੋਈ ਕਿਰਤ

ਅਥਵਾ ਪੂੰਜੀ ਅੱਗੋਂ ਉਤਪਾਦਨ ਵਿਚ ਭਾਗਦਾਨ ਕਰਦੀ ਹੈ, ਇਸੇ ਤਰ੍ਹਾਂ ਰੂਪ ਵਾਂ ਵਸਤੂ ਵਿਚ ਭਾਗ ਪਾਂਦਾ ਹੈ। ਮੂਲ ਵਿਚ ਸ਼ਬਦ ਇਸ ਪ੍ਰਕਾਰ ਦਾ ਇਕ ਸੰਚਿਤ ਰੂਪ ਹੈ।

ਮਨੁੱਖ ਦੀ ਅੰਤਰੀਵ ਭਾਵਨਾ ਵਿਅਕਤ ਸ਼ਬਦ ਰੂਪ ਵਿਚ ਹੁੰਦੀ ਹੈ। ਪਰ ਉਹ ਸ਼ਬਦ ਪਹਿਲਾਂ ਬਹੁਤ ਵਾਰੀ ਅਭਿਵਿਅਕਤੀ ਦਾ ਕੰਮ ਦੇ ਚੁਕਾ ਹੁੰਦਾ ਹੈ। ਉਸ ਵਿਚ ਅਭਿਵਿਅਕਤੀ ਦੀ ਇਕ ਸੁਤੰਤਰ ਧੁਨੀ ਜਾਂ ਮਾਤ੍ਰਾ ਹੁੰਦੀ ਹੈ। ਉਹ ਮਨੁਖੀ ਭਾਵਨਾ ਨੂੰ ਅਭਿਵਿਅਕਤੀ ਦੇਣ ਸਮੇਂ ਇਸ ਵਿਚ ਆਪਣੀ ਸਥਿਤ ਵਿਅਕਤੀ ਦਾ ਵਾਧਾ ਕਰ ਦੇਂਦੀ ਹੈ। ਮਨੁੱਖ ਆਪਣੀ ਭਾਵਨਾ ਦੇ ਅਭਿਵਿਅੰਜਨ ਲਈ ਹਰ ਵਾਰੀ ਨਵਾਂ ਸ਼ਬਦ ਨਹੀਂ ਘੜਦਾ ਨਾ ਹੀ ਉਸ ਦੀ ਭਾਵਨਾ ਅਜੇਹੀ ਹੁੰਦੀ ਹੈ ਕਿ ਇਕ ਪਹਿਲਾਂ ਬਣੇ ਹੋਏ ਸ਼ਬਦ ਜਾਂ ਉਕਤੀ ਵਿਚ ਜਿਉਂ ਦੀ ਤਿਉਂ ਸਮਾ ਜਾਵੇ। ਕਈ ਵਾਰੀ ਅਸੀਂ ਕਿਸੇ ਰਚਨਾ ਵਿਚ ਕੋਈ ਵਾਕ ਜਾ ਉਕਤੀ ਪੜ੍ਹ ਕੇ ਪੁਕਾਰ ਉਠਦੇ ਹਾਂ ਕਿ ਇਸ ਉਕਤੀ ਵਿਚ ਸਾਡੇ ਮਨ ਦੀ ਗੱਲ ਕਹੀ ਗਈ ਹੈ। ਪਰ ਉਸ ਉਕਤੀ ਦੇ ਰਚਨਹਾਰ ਦਾ ਅਨੁਭਵ ਇਹ ਹੁੰਦਾ ਹੈ ਕਿ ਉਹ ਆਪਣੀ ਭਾਵਨਾ ਨੂੰ ਪੂਰਣ ਰੂਪ ਵਿਚ ਇਸ ਉਕਤੀ ਵਿਚ ਵਿਅਕਤ ਨਹੀਂ ਕਰ ਸਕਿਆ। ਜੇ ਇਕ ਪਾਠਕ ਦੀ ਭਾਵਨਾ ਕਿਸੇ ਹੋਰ ਦੀ ਰਚੀ ਉਕਤੀ ਵਿਚ ਸਮਾ ਜਾਂਦੀ ਹੈ, ਤਾਂ ਸਪਸ਼ਟ ਹੈ ਕਿ ਉਸ ਉਕਤੀ ਵਿਚ ਉਹ ਭਾਵਨਾ ਕਿਸੇ ਨਾ ਕਿਸੇ ਰੂਪ ਵਿਚ ਪਹਿਲਾਂ ਸਥਿਤ ਸੀ। ਜਦੋਂ ਕੋਈ ਕਿਸੇ ਸਮਾਜਵਾਦੀ ਲੇਖਕ ਨੂੰ ਇਹ ਤਾੜਨਾ ਕਰਦਾ ਹੈ ਜਾਂ ਉਸ ਉਤੇ ਗਿਲਾ ਕਰਦਾ ਹੈ ਕਿ ਉਸ ਨੇ ਪੂਰੇ ਪ੍ਰਯਾਸ ਤੋਂ ਕੰਮ ਨਾ ਲੈਂਦੇ ਹੋਏ ਆਪਣੇ ਵਿਚਾਰਾਂ ਤੇ ਭਾਵਾਂ ਦੀ ਅਭਿਵਿਅਕਤੀ ਲਈ ਯੋਗ ਸ਼ਬਦ ਨਹੀਂ ਵਰਤੇ, ਤਾਂ ਉਸ ਦਾ ਭਾਵ ਇਹ ਹੀ ਹੁੰਦਾ ਹੈ ਕਿ ਅਜੇਹੇ ਸ਼ਬਦ ਰੂਪ ਜਾਂ ਉਕਤੀ ਰੂਪ ਪਹਿਲਾਂ ਸਥਿਤ ਹਨ ਜਿਨ੍ਹਾਂ ਵਿਚ ਜੇ ਸਾਹਿਤਕਾਰ ਵਧੇਰੇ ਪ੍ਰਯਾਸ ਕਰਦਾ ਤਾਂ ਉਸ ਦੇ ਵਿਚਾਰ ਤੇ ਭਾਵ ਵਧੇਰੇ ਸੁਹੱਜ ਨਾਲ ਵਿਅਕਤ ਹੋ ਸਕਦੇ ਸਨ।

ਇਹ ਹੀ ਗੱਲ ਸ਼ਬਦ ਤੇ ਉਕਤੀ ਦੇ ਪੱਧਰ ਤੋਂ ਅੱਗੇ ਚਲ ਕੇ ਸਾਹਿਤ ਰੂਪ ਉਤੇ ਲਾਗੂ ਹੋ ਸਕਦੀ ਹੈ। ਓੜਕ ਸਾਹਿਤ ਦੇ ਰੂਪ ਨਾਵਲ, ਨਾਟਕ, ਛੋਟੀ ਕਹਾਣੀ, ਆਦਿ, ਵਿਕਸਿਤ ਹੀ ਹੋਏ ਹਨ। ਉਹ ਕਿਸੇ ਸਮੇਂ ਕਿਸੇ ਸਾਹਿਤਕਾਰ ਦੇ ਅੰਦਰ ਪਏ ਵਸਤੂ ਦੇ ਇਸ ਭਾਵ ਵਿਚ ਰੂਪ ਨਹੀਂ ਸਨ ਜਿਸ ਭਾਵ ਵਿਚ ਅਸੀਂ ਅਰਸਤੂ ਵਾਕਰ ਕਹਿ ਸਕਦੇ ਹਾਂ ਕਿ ਬੀਜ ਵਿਚ ਬਿਰਛ ਜਾਂ ਰੂਪ ਨਿਹਿਤ ਸੀ। ਬਹੁਤ ਲੋਕਾਂ ਨੇ ਪਹਿਲਾਂ ਆਪਣੇ ਭਾਵ ਵਿਚਾਰ ਸਾਧਾਰਣ ਸਿਧੀਆਂ ਪਧਰੀਆਂ ਕਹਾਣੀਆਂ ਵਿਚ ਵਿਅਕਤ ਕੀਤੇ। ਫਿਰ ਉਸ ਰੂਪ ਨੂੰ ਲੈ ਕੇ ਅਗਲੇ ਸਾਹਿਤਕਾਰਾਂ ਨੇ ਪ੍ਰਯਾਸ ਕੀਤੇ। ਇਸ ਨਾਲ ਉਹਨਾਂ ਸਾਹਿਤ ਰੂਪਾਂ ਦਾ ਵਿਕਾਸ ਅੱਗੇ ਹੋਇਆ। ਇਹ ਵਿਕਾਸ ਕਿਸੇ ਪੜਾਉ ਉਤੇ ਆ ਕੇ ਸਮਾਪਤ ਨਹੀਂ ਹੋ ਜਾਂਦਾ, ਸਦਾ ਚਲਦਾ ਰਹਿੰਦਾ ਹੈ।

ਸਿਧ ਹੈ ਕਿ ਰੂਪ ਤੇ ਵਸਤੂ ਦਾ ਇਕ ਦੰਵਦਾਤਮਕ ਸੰਬੰਧ ਹੈ। ਇਸ ਪ੍ਰਕਾਰ ਵਸਤੂ ਰੂਪ ਤੋਂ ਸੁਤੰਤਰ ਨਹੀਂ ਤੇ ਰੂਪ ਵਿਚ ਵਸਤੂ ਨਿਹਿਤ ਜਾਂ ਸੰਚਿਤ ਹੋਇਆ ਹੋਇਆ ਹੁੰਦਾ ਹੈ। ਰੂਪ ਤੇ ਵਸਤੂ ਦੇ ਇਸ ਵਿਕਾਸਾਤਮਕ ਸਿਧਾਂਤ ਦੀ ਵਿਆਖਿਆ ਵਿਚ ਵਿਸਤ੍ਰਿਤ ਪ੍ਰਯਾਸ ਦੀ ਲੋੜ ਹੈ, ਤੇ ਸਾਹਿਤ ਦੀ ਇਤਿਹਾਸਵਾਦੀ ਸਮੀਖਿਆ ਇਸ ਪ੍ਰਯਾਸ ਦੀ ਮੰਗ ਕਰਦੀ ਹੈ। ਸਾਹਿਤ ਦਾ ਇਤਿਹਾਸਵਾਦੀ ਸਮੀਖਿਅਕ ਉਪਰੋਕਤ ਪਰਕਾਰ ਦੇ ਵਿਕਾਸ ਦੀ ਪ੍ਰਕ੍ਰਿਆ ਵਿਚ ਹੀ ਸਾਹਿਤ ਦੇ ਰੂਪ ਤੇ ਵਸਤੂ ਬਾਰੇ ਆਪਣੇ ਨਿਰਣੇ ਸਥਾਪਿਤ ਕਰਦਾ ਹੈ ਤੇ ਇਸ ਪਰਕਾਰ ਹੀ ਉਸ ਸਾਹਿਤ ਦਾ ਅਧਿਐਨ ਤੇ ਇਸ ਦੀ ਸਮੀਖਿਆ ਕਰਦਾ ਹੈ।

*

ਤੇਜਵੰਤ ਸਿੰਘ ਗਿੱਲ

# ਸਾਹਿੱਤਕ ਆਲੋਚਨਾ ਵਿਚ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਦਾ ਸਥਾਨ

ਸਾਹਿਤਕ ਆਲੋਚਨਾ ਦੇ ਪ੍ਰਮੁਖ ਚਾਰ ਪੱਖ ਹਨ : ਦਾਰਸ਼ਨਿਕ, ਸੁਹਜਾਤਮਕ, ਮਨੋ-ਵਿਗਿਆਨਕ ਅਤੇ ਰੂਪਕ। ਇਹਨਾਂ ਪੱਖਾਂ ਦਾ ਆਪਸ ਵਿਚ ਗੂੜ੍ਹਾ ਸਬੰਧ ਹੈ ਅਤੇ ਇਹਨਾਂ ਪੱਖਾਂ ਵਿਚੋਂ ਕਿਸੇ ਇਕ ਦਾ ਉਘੜ ਕੇ ਆਉਣਾ ਦੂਸਰੇ ਤਿੰਨਾਂ ਪੱਖਾਂ ਦੀ ਸਹਾਇਤਾ ਉਤੇ ਨਿਰਭਰ ਹੈ। ਕਹਿਣ ਤੋਂ ਭਾਵ ਇਹ ਨਹੀਂ ਕਿ ਜੇ ਕਿਸੇ ਰਚਨਾ ਦਾ ਸੁਹਜਾਤਮਕ, ਮਨੋਵਿਗਿਆਨਕ ਅਤੇ ਰੂਪਕ ਪੱਖਾਂ ਤੋਂ ਆਲੋਚਨਾਤਮਿਕ ਅਧਿਐਨ ਕਰ ਲਿਆ ਜਾਵੇ ਤਾਂ ਦਾਰਸ਼ਨਿਕ ਪੱਖ ਤੋਂ ਉਸ ਦਾ ਅਧਿਐਨ ਆਪਣੇ ਆਪ ਹੋ ਜਾਂਦਾ ਹੈ। ਕਿਸੇ ਰਚਨਾ ਵਿਚ ਸਮੋਏ ਹੋਏ ਦਾਰਸ਼ਨਿਕ ਮੂਲ ਨੂੰ ਉਘਾੜਨ ਲਈ ਇਹ ਜ਼ਰੂਰੀ ਹੈ ਕਿ ਉਸ ਰਚਨਾ ਦੇ ਵਿਸ਼ੇ ਦਾ ਦਾਰਸ਼ਨਿਕ ਪ੍ਰਕਾਰ ਦਾ ਅਧਿ-ਅਨ ਕੀਤਾ ਜਾਵੇ, ਪਰੰਤੂ ਇਹ ਨਿਰੋਲ ਦਾਰਸ਼ਨਿਕ ਪ੍ਰਕਾਰ ਦੇ ਅਧਿਐਨ ਨਾਲੋਂ ਉਚੇਰੀ ਪੱਧਰ ਦਾ ਹੋਵੇਗਾ। ਇਸ ਵਿਚ ਦਾਰਸ਼ਨਿਕ ਪੱਖ ਨਾਲ ਸੁਹਜਾਤਮਕ, ਮਨੋਵਿਗਿਆਨਿਕ ਅਤੇ ਰੂਪਕ ਪੱਖਾਂ ਦਾ ਸੰਸ਼ਲੇਸ਼ਣ ਹੋਇਆ ਹੋਵੇਗਾ। ਇਸ ਵਿਚੋਂ ਭਾ ਪ੍ਰਮੁਖ ਤੌਰ ਤੇ ਦਾਰਸ਼ਨਿਕ ਅਧਿਐਨ ਦੀ ਹੀ ਆਵੇਗੀ।

ਇਹਨਾਂ ਚਾਰੇ ਪੱਖਾਂ ਦੇ ਸ਼ੰਸ਼ਲੇਸ਼ਨ ਤੇ ਆਧਾਰਤ ਆਲੋਚਨਾਤਮਕ ਦ੍ਰਿਸ਼ਟੀ ਨੂੰ 'ਸੰਪੂਰਣ ਆਲੋਚਨਾਤਮਕ ਦ੍ਰਿਸ਼ਟੀ' ਦਾ ਨਾਂ ਦਿਤਾ ਜਾ ਸਕਦਾ ਹੈ। ਇਸ ਦਾ ਟੀਚਾ ਹੈ ਕਿ ਰਚਨਾ ਦੇ ਅਧਿਐਨ ਤੋਂ ਬੌਧਿਕ ਡੂੰਘਾਈ, ਸੁਹਜਾਤਮਕ ਸੁਹਿਰਦਤਾ ਅਤੇ ਮਨੋਵਿਗਿਆਨਿਕ ਅੰਤਰ-ਦ੍ਰਿਸ਼ਟੀ ਨਾਲ ਲੱਦੀ ਹੋਈ ਅਨੁਭਵੀ ਚੇਤੰਨਤਾ ਗ੍ਰਹਿਣ ਕਰਨ ਵਿਚ ਪਾਠਕਾਂ ਦੀ ਸਹਾ-ਇਤਾ ਕੀਤੀ ਜਾ ਸਕੇ। ਤਦ ਹੀ ਸਾਹਿਤਕ ਆਲੋਚਨਾ, ਵਿਸ਼ਵ ਦੀਆਂ ਵਸਤੂਆਂ ਨੂੰ ਮਨੁੱਖ ਦੀਆਂ ਖ਼ਾਹਸ਼ਾਂ ਦੀ ਤ੍ਰਿਪਤੀ ਦੇ ਸਾਧਨ ਬਣਾਉਣ ਅਤੇ ਮਾਨਵ ਨੂੰ ਕਾਰਲ ਮਾਰਕਸ ਦੇ ਸੰਕਲਪ ਦੇ ਵਿਸ਼ਵ-ਮਾਨਵ ਵਿਚ ਬਦਲਾਉਣ ਦੇ ਇਤਿਹਾਸਕ ਸੰਘਰਸ਼ ਵਿਚ ਆਪਣਾ ਹਿੱਸਾ ਪਾ

ਸਕਦੀ ਹੈ। ਸਪਸ਼ਟ ਹੈ ਕਿ ਸਾਹਿਤਕ ਆਲੋਚਨਾ ਦੇ ਰੋਲ ਨੂੰ ਬੌਧਿਕ ਡੂੰਘਾਈ, ਸੁਹਜਾਤਮਕ ਸੁਹਿਰਦਤਾ ਅਤੇ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ ਉਤਪੰਨ ਕਰਨ ਤਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ। ਮੇਰਾ ਵਿਸ਼ਵਾਸ਼ ਹੈ ਕਿ ਸਾਹਿਤਕ ਆਲੋਚਨਾ ਦਾ ਫਰਜ਼ ਹੈ ਕਿ ਇਹ ਰਚਨਾ ਦੇ ਅਧਿਐਨ ਵਿਚੋਂ ਅਨੁਭਵੀ ਚੇਤੰਨਤਾ ਹੀ ਮਨੁਖ ਨੂੰ ਇਤਿਹਾਸਕ ਖੇਤਰ ਵਿਚ ਕਰਮ-ਸ਼ੀਲ ਹੋਣ ਅਤੇ 'ਓਪਰੇਪਣ' ਅਤੇ 'ਸਵੈ-ਓਪਰੇਪਣ' ਤੋਂ ਛੁਟਕਾਰਾ ਪਾਉਣ ਦੇ ਯੋਗ ਬਣਾ ਸਕਦੀ ਹੈ। ਅਨੁਭਵੀ ਚੇਤਨਾ ਕੋਈ ਅਧਿਆਤਮਕ ਸੀਰਸ਼ ਨਹੀਂ, ਸਗੋਂ ਬੌਧਿਕ ਡੂੰਘਾਈ, ਸੁਹਜਾਤਮਕ ਸੁਹਿਰਦਤਾ ਅਤੇ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ ਦਾ ਹੀ ਸੰਸ਼ਲੇਸ਼ਣ ਹੈ। ਹਾਂ ਇਸ ਦਾ ਗੁਣਾਤਮਿਕ ਪੱਧਰ ਬਾਕੀ ਤਿੰਨਾਂ ਦੇ ਗੁਣਾਤਮਕ ਪੱਧਰਾਂ ਨਾਲੋਂ ਉਚੇਰਾ ਹੈ। ਇਹ ਅੰਤਰ ਸੰਸ਼ਲੇਸ਼ਨ ਪੈਦਾ ਕਰਨ ਵਾਲੇ ਸੀਰਸ਼ਾਂ ਦੇ ਪੱਧਰਾਂ ਅਤੇ ਸੰਸ਼ਲੇਸ਼ਣ ਦਾ ਰੂਪ ਧਾਰਨ ਕਰਨ ਵਾਲੇ ਸੀਰਸ਼ ਦੇ ਪੱਧਰ ਵਿਚ ਹੁੰਦਾ ਹੀ ਹੈ।

ਮਨੋਵਿਗਿਆਨਿਕ ਆਲੋਚਨਾ, ਕਿਉਂਕਿ ਸੰਪੂਰਣ ਆਲੋਚਨਾਤਮਕ ਦ੍ਰਿਸ਼ਟੀ ਵਿਚ ਸੰਸ਼ਲਤ ਹੋ ਜਾਂਦੀ ਹੈ, ਇਸ ਲਈ ਇਸ ਨੂੰ ਸਾਹਿਤਕ ਆਲੋਚਨਾ ਦੀ ਪਰਧਾਨ ਧੁਨੀ ਨਹੀਂ ਮੰਨਿਆ ਜਾ ਸਕਦਾ। ਇਹ ਇਕ ਸਹਾਇਕ ਧੁਨੀ ਹੈ ਕਿਉਂਕਿ ਪਰਧਾਨ ਧੁਨੀ ਸਹਾਇਕ ਧੁਨੀਆਂ ਤੋਂ ਬਿਨਾਂ ਉਘੜ ਨਹੀਂ ਸਕਦੀ ਇਸ ਲਈ ਇਸ ਦੀ ਮਹੱਤਤਾ ਅਵੱਸ਼ ਹੀ ਹੈ। ਇਥੇ ਇਹ ਵੀ ਮੰਨ ਲੈਣਾ ਠੀਕ ਨਹੀਂ ਕਿ ਹੁਣ ਤਕ ਹੋ ਚੁਕੇ ਅ ਲੋਚਕ ਆਪਣੀਆਂ ਆਲੋਚਨਾਤਮਕ ਲਿਖਤਾਂ ਵਿਚ, ਸਾਹਿਤਕ ਆਲੋਚਨਾ ਦੇ ਮਨੋਵਿਗਿਆਨਕ ਪੱਖ ਨੂੰ ਇਸ ਦੀ ਵਿਸ਼ੇਸ਼ਤਾ ਅਨੁਸਾਰ ਅਸਥਾਨ ਦਿੰਦੇ ਆਏ ਹਨ। ਦਰ-ਅਸਲ ਸਾਰੇ ਆਲੋਚਨਾ ਸਾਹਿਤ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਤਰੁੱਟੀ ਹੈ। ਕਲਾਸਕੀ ਸਿਧਾਂਤਾਂ ਅਨੁਸਾਰ ਢਲੀ ਆਲੋਚਨਾ ਵਿਚ ਰਚਨਾ ਦੇ ਕੇਵਲ ਰੂਪਕ ਪੱਖ ਨੂੰ ਹੀ ਅਧਿਐਨ-ਗੋਚਰ ਕੀਤਾ ਹੁੰਦਾ ਹੈ। ਇਹ ਵਿਚਾਰ ਨਵ-ਕਲਾਸਕੀ ਆਲੋਚਕਾਂ ਤੇ ਹੀ ਨਹੀਂ, ਸਗੋਂ ਅਰੱਸਤੂ ਆਦਿ ਤੇ ਵੀ ਲਾਗੂ ਹੁੰਦਾ ਹੈ। ਇਸ ਆਲੋਚਨਾ ਵਿਚ ਦਾਰਸ਼ਨਿਕ ਮੂਲਾਂ ਦੀ ਵਿਆਖਿਆ ਤਾਂ ਹੁੰਦੀ ਹੀ ਨਹੀਂ ਪਰੰਤੂ ਕਰੁਣਾ ਅਤੇ ਡਰ ਉਤਪੰਨ ਹੋਣ ਦੇ ਢੰਗਾਂ ਦੇ ਵਰਣਨ ਵਿਚ ਗੁੰਮ ਹੋਣ ਕਾਰਣ ਸੁਹਜਾਤਮਕ ਅਤੇ ਮਨੋਵਿਗਿਆਨਕ ਪੱਖ ਜਾਂ ਤਾਂ ਸੰਮਿਲਤ ਹੋ ਜਾਂਦੇ ਹਨ ਅਤੇ ਜਾਂ ਬਿਲਕੁਲ ਹੀ ਅੱਖੋਂ ਉਹਲੇ ਹੋ ਜਾਂਦੇ ਹਨ। ਰੁਮਾਂਟਿਕ ਸਿਧਾਂਤਾਂ ਤੇ ਆਧਾਰਤ ਬਲੇਕ, ਕਾਲਰਿਜ, ਸ਼ੀਲਰ, ਹੋਲਡਰਲਿਨ, ਨੋਵੈਲਿਸ, ਸਕੈਲਿੰਗ ਅਤੇ ਹੋਰ ਅਨੇਕਾਂ ਰੋਮਾਂਚਿਕ ਆਲੋਚਕਾਂ ਦੀ ਆਲੋਚਨਾ ਵਿਚ ਸਿਰਜਨਾਤਮਕ ਕਰਮ, ਕਲਪਨਾ, ਬਿੰਬ ਅਤੇ ਅਨੁਭੂਤੀ ਆਦਿਕ ਉਤੇ ਸੰਵੇਦਨਾ-ਭਰਪੂਰ ਚਰਚਾ ਕੀਤੀ ਹੋਈ ਹੈ। ਨਿਰਸੰਦੇਹ ਇਸ ਪ੍ਰਕਾਰ ਦੀ ਆਲੋਚਨਾ ਰਚਨਾ ਨਾਲੋਂ ਰਚਨਹਾਰ ਦੀ ਸਥਿਤੀ ਨੂੰ ਜ਼ਿਆਦਾ ਘੋਖਦੀ ਹੈ ਅਤੇ ਨਤੀਜੇ ਵਜੋਂ ਉਪਰ ਅੰਕਿਤ ਕੀਤਾ ਹੋਇਆ ਆਲੋਚਨਾ ਦਾ ਮੰਤਵ ਪੂਰਾ ਨਹੀਂ ਹੁੰਦਾ। ਰੂਸ ਤੇ ਫਿਊਰਬਾਖਵਾਦੀ ਪਦਾਰਥਵਾਦ ਨਾਲ ਅਨੁਮਤੀ ਰੱਖਣ ਵਾਲੇ ਸਾਹਿਤਕ ਆਲੋਚਕਾਂ—ਹਰਜਨ, ਪਲੈਖਾਨੋਵ ਅਤੇ ਦਿਉਰੋਲੋਵ ਆਦਿਕ ਨੇ ਆਪਣੀਆਂ ਆਲੋਚਨਾਤਮਕ ਲਿਖਤਾਂ ਵਿਚ ਦਾਰਸ਼ਨਿਕ ਮੂਲਾਂ ਦੀ ਤਾਂ ਜ਼ਰੂਰ ਵਿਆਖਿਆ ਕੀਤੀ ਹੈ ਪਰੰਤੂ ਬਾਕੀ ਤਿੰਨਾਂ ਹੀ ਪੱਖਾਂ ਵਲ ਅਵੇਸਲਾਪਣ ਵਿਖਾਇਆ ਹੈ। ਜਾਰਜ ਲੂਕਾਚ ਦੀ ਆਲੋਚਨਾ ਵਿਚ ਵੀ—ਭਾਵੇਂ ਇਹ ਦਵੰਦਾਤਮਕ ਪਦਾਰਥਵਾਦ ਉਤੇ ਆਧਾਰਤ ਹੈ—ਮਨੋ-ਵਿਗਿਆਨਿਕ ਅੰਸ਼ ਦੀ ਘਾਟ ਹੈ। ਇਹਨਾਂ ਚਾਰੇ

ਪੱਖਾਂ ਦੀ ਮਹੱਤਤਾ ਦੀ ਪੂਰਣ ਸੂਝ ਕੇਵਲ ਕਰਿਸਟਾਫਰ ਕਾਡਵੈਲ ਨੂੰ ਹੀ ਸੀ ਪਰੰਤੂ ਚੜ੍ਹਦੀ ਜਵਾਨੀ ਵਿਚ ਹੋ ਗਈ ਉਸ ਦੀ ਮੌਤ ਨੇ ਉਸ ਦੇ ਯਤਨਾਂ ਨੂੰ ਪ੍ਰਫੁਲਤ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ।

ਮਨੋਵਿਗਿਆਨਿਕ ਆਲੋਚਨਾ ਰੁਮਾਂਚਿਕ ਸਿਧਾਂਤਾਂ ਉਤੇ ਆਧਾਰਤ ਆਲੋਚਨਾ ਦੀ ਧਾਰਾ ਵਿਚ ਤਾਂ ਜ਼ਰੂਰ ਆਉਂਦੀ ਹੈ ਪਰੰਤੂ ਇਹਨਾਂ ਦੋਹਾਂ ਦੇ ਸੁਭਾਵਾਂ ਵਿਚ ਕਈ ਅੰਤਰ ਹਨ । ਪਹਿਲਾ ਤਾਂ ਇਹ ਕਿ ਰੋਮਾਂਚਿਕ ਆਲੋਚਨਾ ਸੰਪੂਰਣ ਆਲੋਚਨਾਤਮਕ ਦ੍ਰਿਸ਼ਟੀ ਵਿਚ ਸੰਸ਼ੁਲਤ ਹੋਣ ਤੋਂ ਬਿਨਾਂ ਸਿਰਜਨਾਤਮਕ ਕਰਮ, ਕਲਪਨਾ, ਬਿੰਬ ਅਤੇ ਅਨੁਭੂਤੀ ਆਦਿਕ ਉਤੇ ਸੰਵੇਦਨਾ-ਭਰਪੂਰ ਚਰਚਾ ਕਰਦੀ ਹੈ ਜਦ ਕਿ ਮਨੋਵਿਗਿਆਨਿਕ ਆਲੋਚਨਾ ਸਾਹਿਤਕ ਆਲੋਚਨਾ ਦੀ ਪਰਧਾਨ ਧੁਨੀ ਨਾਲ ਜੁੜ ਕੇ ਆਪਣਾ ਕੰਮ ਕਰਦੀ ਹੈ । ਦੂਸਰੇ ਰੋਮਾਂਚਿਕ ਆਲੋਚਨਾ ਦਾ ਦਾਰਸ਼ਨਿਕ ਪਿਛੋਕੜ ਫ਼ਿੱਕਤੈ ਅਤੇ ਕਾਂਤ ਦਾ ਅਧਿਆਤਮਵਾਦ ਹੈ ਜਦ ਕਿ ਮਨੋਵਿਗਿਆਨਿਕ ਆਲੋਚਨਾ ਦਾ ਪਿਛੋਕੜ ਆਧੁਨਿਕ ਯੁਗ ਦਾ ਵਿਗਿਆਨਿਕ ਮਨੋਵਿਗਿਆਨ ਹੈ ।

ਇਸ ਅੰਤਰ ਦੀ ਵਿਆਖਿਆ ਤੋਂ ਇਹ ਵੀ ਵਿਚਾਰ ਨਹੀਂ ਬਣ ਜਾਣਾ ਚਾਹੀਦਾ ਕਿ ਜੇ ਆਧੁਨਿਕ ਯੁਗ ਦੇ ਕਿਸੇ ਮਨੋਵਿਗਿਆਨਿਕ ਸਿਧਾਂਤ ਨੂੰ ਕਿਸੇ ਰਚਨਾ ਉਤੇ ਲਾਗੂ ਕਰ ਦਿਤਾ ਜਾਏ ਤਾਂ ਮਨੋਵਿਗਿਆਨਕ ਆਲੋਚਨਾ ਉਤਪੰਨ ਹੋ ਜਾਂਦੀ ਹੈ ਕਿਉਂਕਿ ਅਜੇ ਤਕ ਤਾਂ ਇਸ ਗੱਲ ਦਾ ਵੀ ਨਿਰਣਾ-ਜਨਕ ਫੈਸਲਾ ਨਹੀਂ ਹੋ ਸਕਿਆ ਕਿ ਅਧੁਨਿਕ ਯੁਗ ਦੇ ਮਨੋਵਿਗਿਆਨਿਕ ਸਿਧਾਂਤਾਂ ਵਿਚੋਂ ਕਿਹੜਾ ਸਿਧਾਂਤ ਵਿਗਿਆਨਿਕ ਹੈ । ਜੇ ਵੱਖੋ ਵੱਖਰੇ ਮਨੋਵਿਗਿਆਨਿਕ ਸਿਧਾਂਤਾਂ ਦਾ ਅਲੋਚਨਾਤਮਕ ਅਧਿਐਨ ਕੀਤਾ ਜਾਵੇ ਤਾਂ ਨਿਸਚੇ ਨਾਲ ਉਹਨਾਂ ਨੂੰ ਚਾਰ ਧਾਰਾਵਾਂ ਵਿਚ ਵੰਡਿਆ ਜਾ ਸਕਦਾ ਹੈ ।

ਪਹਿਲੀ ਧਾਰਾ ਵਿਚ ਉਹ ਮਨੋਵਿਗਿਆਨਕ ਸਿਧਾਂਤ ਆਉਂਦੇ ਹਨ ਜਿਹੜੇ ਵਿਅਕਤਿਤਵ ਦੇ ਇਕ ਇਕ ਪੱਖ ਨੂੰ ਹੀ ਮਨੋਵਿਗਿਆਨਿਕ ਵਿਸ਼ਲੇਸ਼ਣ ਦਾ ਖੇਤਰ ਮੰਨਦੇ ਹਨ । ਇਹ ਹਨ ਦਾਰਸ਼ਨਿਕ ਮਨੋਵਿਗਿਆਨ, ਵਿਵਹਾਰਕ ਮਨੋਵਿਗਿਆਨ ਅਤੇ ਸਹਿਚਾਰਿਯਵਾਦੀ ਮਨੋਵਿਗਿਆਨ । ਦਾਰਸ਼ਨਿਕ ਮਨੋਵਿਗਿਆਨ ਅਨੁਸਾਰ, ਚੇਤੰਨਤਾ ਹੀ ਵਿਅਕਤਿਤਵ ਵਿਚ ਅਜੇਹਾ ਖੇਤਰ ਹੈ ਜੋ ਬੰਦੇ ਦੀਆਂ ਤ੍ਰਿਪਤ ਅਤੇ ਅਤ੍ਰਿਪਤ ਖਾਹਸ਼ਾਂ ਬਾਬਤ ਗਿਆਨ ਪ੍ਰਦਾਨ ਕਰ ਸਕਦਾ ਹੈ । ਇਹ ਠੀਕ ਹੈ ਕਿ ਚੇਤੰਨ ਵਿਚਾਰਾਂ ਨੂੰ ਉਹਨਾਂ ਦੇ ਸੋਮਿਆਂ ਅਨੁਸਾਰ ਗੁਣਾਤਮਿਕ ਲੜੀਆਂ ਵਿਚ ਪਰੋਣਾ ਵੀ ਮਾਨਸਿਕਤਾ ਬਾਬਤ ਜਾਣਨ ਦਾ ਇਕ ਹਿਸਾ ਹੈ, ਪਰੰਤੂ ਇਸ ਤਰ੍ਹਾਂ ਇਕਠਾ ਕੀਤਾ ਗਿਆਨ ਬਿਲਕੁਲ ਹੀ ਤੁੱਛ ਹੈ । ਜੇ ਚੇਤੰਨਤਾ ਨੂੰ ਹੀ ਮਨੋਵਿਗਿਆਨਿਕ ਅੰਤਰਦ੍ਰਿਸ਼ਟੀ ਦਾ ਖੇਤਰ ਮੰਨ ਲਿਆ ਜਾਵੇ ਤਾਂ ਬੰਦੇ ਦੀ ਮਾਨਸਿਕਤਾ ਦਾ ਵੀ ਇਕ ਆਕਾਰ ਮੰਨਣਾ ਪੈਂਦਾ ਹੈ, ਅਤੇ ਇਹ ਵੀ ਮੰਨਣਾ ਪੈਂਦਾ ਹੈ ਕਿ ਚੇਤਨੰਤਾ ਉੱਨਤ ਹੋਣ ਤੋਂ ਪਹਿਲਾਂ (ਬਚਪਣ ਆਦਿਕ ਵਿਚ) ਤਾਂ ਮਾਨਸਿਕਤਾ ਦਾ ਇਕ ਆਕਾਰ ਵੀ ਨਹੀਂ ਹੁੰਦਾ ।

ਦਾਰਸ਼ਨਿਕ ਮਨੋਵਿਗਿਆਨ ਵਾਂਗੂ ਵਿਵਹਾਰਿਕ ਮਨੋਵਿਗਿਆਨ ਬੰਦੇ ਦੇ ਵਿਵਿਹਾਰ ਨੂੰ ਹੀ ਮਨੋਵਿਗਿਆਨਿਕ ਵਿਸ਼ਲੇਸ਼ਣ ਦਾ ਖੇਤਰ ਮੰਨਦਾ ਹੈ । ਇਹ ਠੀਕ ਹੈ ਕਿ ਸਾਡੇ ਵਿਅਕਤਿਤਵ ਦੇ ਅੰਤਰੀਵ ਭਾਗ ਦਾ ਸਾਡੇ ਵਿਵਹਾਰ ਉਤੇ ਪਰਭਾਵ ਜ਼ਰੂਰ ਪੈਂਦਾ ਹੈ ਤੇ ਇਸੇ ਕਾਰਣ ਚਿਹਰੇ ਨੂੰ

ਮਨ ਦਾ ਪ੍ਰਤੀਬਿੰਬ ਕਹਿ ਦਿਤਾ ਜਾਂਦਾ ਹੈ ਪਰੰਤੂ ਵਿਵਹਾਰ ਵੀ ਸਾਡੇ ਵਿਅਕਤਿਤਵ ਦਾ ਇਕ ਤੁੱਛ ਭਾਗ ਹੈ ਅਤੇ ਮਾਨਸਿਕਤਾ ਨੂੰ ਇਸ ਉੱਤੇ ਆਧਾਰਤ ਕਰ ਦੇਣਾ ਇਸ ਦੇ ਆਕਾਰਮਈ ਹੋਣ ਅਤੇ ਬਚਪਣ ਵਿਚ ਇਸ ਦੇ ਵੀ ਨਾ ਹੋਣ ਵਿਚ ਵਿਸ਼ਵਾਸ਼ ਰੱਖਣਾ ਹੈ।

ਸਹਚਾਰਰਿਯਵਾਦੀ ਮਨੋਵਿਗਿਆਨ ਵਿਅਕਤਿਤਵ ਨੂੰ ਏਨਾ ਸੁੰਗੜਿਆ ਹੋਇਆ ਨਹੀਂ ਮੰਨਦਾ। ਇਸ ਅਨੁਸਾਰ ਮਾਨਸਿਕਤਾ ਸੰਵੇਦਨਾ ਰਾਹੀਂ ਗ੍ਰਹਿਣ ਕੀਤੇ ਪ੍ਰਭਾਵਾਂ ਦਾ ਸਮੂਹ ਹੈ। ਇਸ ਸਿਧਾਂਤ ਦਾ ਪਿਛੋਕੜ ਹੌਬ ਅਤੇ ਲੌਕ ਦਾ ਮਕੈਨਕੀ ਪਦਾਰਥਵਾਦ ਹੈ। ਜਿਥੇ ਹਾਰਟਲੇ ਅਤੇ ਪ੍ਰੀਸਟਲੇ ਦੇ ਹੱਥਾਂ ਵਿਚ ਇਹ ਸਿਧਾਂਤ ਆਪਣੇ ਪਿਛੋਕੜ ਦੇ ਅਨੁਕੂਲ ਰਹਿੰਦਾ ਹੈ ਉਥੇ ਐਲਫ਼-ਰਡ ਬੈਨ ਦੇ ਹੱਥਾਂ ਵਿਚ (ਸ਼ਾਇਦ ਹਿਊਮ ਦੇ ਅੰਤਰਮੁਖੀ ਆਦਰਸ਼ਵਾਦ ਦੇ ਪ੍ਰਭਾਵ ਅਧੀਨ) ਆਦਰਸ਼ਵਾਦੀ ਬਣ ਜਾਂਦਾ ਹੈ। ਪਰੰਤੂ ਇਸਦੇ ਦੋਨੋਂ ਪੱਖ ਹੀ ਦਾਰਸ਼ਨਿਕ ਮਨੋਵਿਗਿਆਨ ਅਤੇ ਵਿਵਹਾਰਿਕ ਮਨੋਗਿਆਨ ਵਾਂਗ ਮਾਨਸਿਕਤਾ ਦੇ ਇਕ–ਆਕਾਰਮਈ ਹੋਣ ਵਿਚ ਵਿਸ਼ਵਾਸ਼ ਰਖਦੇ ਹਨ। ਫ਼ਰਕ ਕੇਵਲ ਇਤਨਾ ਹੈ ਕਿ ਪਹਿਲੇ ਦੋਨਾਂ ਵਿਚ ਮਾਨਸਿਕਤਾ ਦਾ ਖੇਤਰ ਬੜਾ ਸੁੰਗ-ੜਿਆ ਹੋਇਆ ਹੈ ਜਦ ਕਿ ਇਸ ਵਿਚ ਇਹ ਮੰਨ ਲਿਆ ਜਾਂਦਾ ਹੈ ਕਿ ਪਏ-ਦਾਅ ਮਾਨਸਿਕਤਾ ਜ਼ਰੂਰ ਵਿਸ਼ਾਲ ਹੈ।

ਦੂਸਰੀ ਧਾਰਾ ਵਿਚ ਉਹ ਮਨੋਵਿਗਿਆਨਿਕ ਸਿਧਾਂਤ ਆਉਂਦੇ ਹਨ ਜਿਹੜੇ ਮਾਨਸਿਕਤਾ ਦੇ ਦੋ ਆਕਾਰ ਮੰਨਦੇ ਹਨ। ਇਹ ਹਨ ਆਪਣੇ ਆਪਣੇ ਰੂਪ ਦੇ ਮਿਥਿਹਾਸਿਕ ਸੀਰਸ਼ਾਂ ਵਿਚ ਸਮੋਏ ਹੋਏ, ਫ਼ਰਾਇਡ, ਯੁੰਗ ਅਤੇ ਐਡਲਰ ਦੇ ਮਨੋਵਿਗਿਆਨਿਕ ਸਿਧਾਂਤ। ਫਰਾਇਡ ਮਨ ਨੂੰ ਪਰਿਵਰਤਣਸ਼ੀਲ ਪਦਾਰਥਵਾਦੀ ਸ਼ਕਤੀਆਂ ਤੋਂ ਲਾਂਭੇ ਕਹਿ ਕੇ, ਅਚੇਤ ਅਤੇ ਚੇਤੰਨ ਦੋ ਭਾਗਾਂ ਵਿਚ ਵੰਡ ਲੈਂਦਾ ਹੈ। ਚੇਤੰਨ ਧਾਰਾ ਵਿਚ ਸਮਾਜਿਕ ਬਣਤਰ ਅਤੇ ਰਸਮਾਂ ਰਿਵਾਜਾਂ ਦੀਆਂ ਸੱਟਾਂ ਖਾ ਖਾ ਇਹਨਾਂ ਦੀ ਮਰਜ਼ੀ ਮੁਤਾਬਿਕ ਢਲੇ ਹੋਏ ਜਜ਼ਬਾਤਾਂ ਦਾ ਵਾਸਾ ਹੈ ਅਤੇ ਅਚੇਤ ਮਨ ਵਿਚ ਇਹਨਾਂ ਦੇ ਉੱਪਦਰ ਤੋਂ ਨੱਠ ਗਈਆਂ ਪਰਵਿਰਤੀਆਂ ਦਾ। ਪਰਵਿਰਤੀਆਂ ਦਾ ਸੁਭਾਅ ਬੁਨਿ-ਆਦੀ ਤੌਰ ਤੇ ਲਿੰਗਾਤਮਿਕ ਹੈ ਅਤੇ ਇਹ ਯਥ ਰਥ ਦੇ ਉਪੱਦਰ ਦੇ ਵਿਰੁੱਧ ਵਿਦਰੋਹ ਕਰਦੀਆਂ ਰਹਿੰਦੀਆਂ ਹਨ। ਇਹਨਾਂ ਦੇ ਵਿਦਰੋਹ ਵਿਚੋਂ ਹੀ ਇਤਿਹਾਸ, ਧਰਮ, ਕਲਾ ਅਤੇ ਵਿਗਿਆਨ ਜਨਮ ਲੈਂਦੇ ਹਨ। ਹੌਰਨੇ, ਅਲੈਗਜ਼ੈਂਡਰ, ਕਾਰਡੀਨਰ ਅਤੇ ਐਰਿਕ ਫ਼ਰਾਮ ਵਰਗੇ ਨਵ-ਫ਼ਰਾਇਡ-ਵਾਦੀ ਵੀ ਮਨ ਦਾ ਵਿਸ਼ਲੇਸ਼ਣ ਫਰਾਇਡ ਦੇ ਮਿਥਿਹਾਸਿਕ ਸੀਰਸ਼ਾਂ ਅਨੁਸਾਰ ਹੀ ਕਰਦੇ ਹਨ ਪਰੰਤੂ ਉਹ ਪਰਵਿਰਤੀਆਂ ਦਾ ਸੋਮਾਂ ਕੇਵਲ ਲਿੰਗ ਨੂੰ ਨਹੀਂ ਸਮਝਦੇ। ਇਸ ਰੂਪਾਂਤਰ ਨਾਲ ਮਾਨ-ਸਿਕਤਾ ਸਬੰਧੀ ਗਿਆਨ ਵਿਚ ਤਾਂ ਵਾਧਾ ਹੋ ਜਾਂਦਾ ਹੈ ਪਰੰਤੂ ਮਨ "ਬੰਦ ਕਮਰੇ" ਸਮਾਨ ਹੀ ਰਹਿੰਦਾ ਹੈ।

ਫ਼ਰਾਇਡ ਵਾਂਗ ਯੁੰਗ ਵੀ ਮਨ ਨੂੰ ਅਚੇਤ ਅਤੇ ਚੇਤੰਨ ਦੋ ਭਾਗਾਂ ਵਿੱਚ ਵੰਡ ਲੈਂਦਾ ਹੈ। ਉਸਦੇ ਅਨੁਸਾਰ ਅਚੇਤ ਮਨ ਵਿਚ ਉਹਨਾਂ ਪ੍ਰਤੀਰੂਪਕਾਂ ਦਾ ਵਾਸਾ ਹੈ ਜਿਹੜੇ ਕਿ ਮਨੁੱਖ ਨੇ ਪੁਰਾਪਾਸ਼ਾਨਿਕ ਕਾਲ ਵਿਚ ਗ੍ਰਹਿਣ ਕੀਤੇ ਸਨ। ਯੁੰਗ ਦੇ ਵਿਚਾਰ ਅਨੁਸਾਰ ਇਹ ਚਾਰ ਰੂਪਾਂ ਵਿਚ ਪ੍ਰਗਟ ਹੁੰਦੇ ਹਨ। ਇਹਨਾਂ ਦਾ ਪਹਿਲਾ ਰੂਪ ਪ੍ਰਕਿਰਤੀ ਦੀਆਂ ਉਦੈ–ਪੂਰਬਕ ਵਸਤੂਆਂ ਹਨ, ਜਿਵੇਂ ਸਾਗਰ, ਤੂਫ਼ਾਨ, ਬਰਫ ਨਾਲ ਢਕੇ ਹੋਏ ਪਹਾੜ, ਲਹਰਾਉਂਦੇ ਹੋਏ ਥਲ ਆਦਿਕ। ਦੂਸਰੇ ਰੂਪ ਵਿਚ ਇਹ ਦੇਵਾਂ ਅਤੇ ਦੇਵਤਿਆਂ ਰਾਹੀਂ ਦ੍ਰਿਸ਼ਟੀਮਾਨ

ਹੁੰਦੇ ਹਨ। ਇਹਨਾਂ ਦਾ ਤੀਸਰਾ ਰੂਪ ਵਿਅਕਤੀ-ਰੂਪ ਹੈ ਜਦੋਂ ਇਹ ਮਾਤਾ ਪਿਤਾ, ਰਾਜਾ, ਸ਼ਹਿਜ਼ਾਦੀ, ਮੰਗਤਾ ਅਤੇ ਸਿਰ-ਲੱਥ ਯੋਧੇ ਦਾ ਰੂਪ ਧਾਰਦੇ ਹਨ। ਚੌਥਾ ਸਥਿਤੀ-ਰੂਪ ਹੈ ਅਤੇ ਇਥੇ ਇਹ ਤੂਫ਼ਾਨਾਂ ਨਾਲ ਟਕਰਾਉਂਦੀ ਕਿਸ਼ਤੀ, ਧਰਤੀ ਦੇ ਹੇਠਾਂ ਹੀ ਹੇਠਾਂ ਜਾਂਦੇ ਰਾਹੀ ਅਤੇ ਪਹਾੜਾਂ ਤੇ ਉਪਰ ਹੀ ਉਪਰ ਚੜ੍ਹਦੇ ਯਾਤਰੂ ਦਾ ਰੂਪ ਧਾਰ ਕੇ ਚਿਤ੍ਰਤ ਕਰਦੇ ਹਨ। ਯੁੰਗ ਅਨੁਸਾਰ ਇਹਨਾਂ ਦੇ ਹੋਰ ਵੀ ਰੂਪ ਹੋ ਸਕਦੇ ਹਨ ਪਰੰਤੂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਇਹਨਾਂ ਦੀ ਗਿਣਤੀ ਬਹੁਤੀ ਨਹੀਂ।

ਇਹਨਾਂ ਪ੍ਰਤੀਰੂਪਕਾਂ ਵਿਚੋਂ ਹੀ ਮਿਥਿਹਾਸਿਕ ਕਹਾਣੀਆਂ ਦਾ ਜਨਮ ਹੁੰਦਾ ਹੈ। ਯੁੰਗ ਦਾ ਵਿਚਾਰ ਹੈ ਕਿ ਜਿੰਨੀ ਦੇਰ ਇਹਨਾਂ ਪ੍ਰਤਿਰੂਪਕਾਂ ਅਤੇ ਇਹਨਾਂ ਵਿਚੋਂ ਜਨਮ ਲੈਂਦੀਆਂ ਮਿਥਿ-ਹਾਸਿਕ ਕਹਾਣੀਆਂ ਨੂੰ ਅਨੁਭਵੀ ਚੇਤੰਨਤਾ ਦਾ ਹਿੱਸਾ ਨਹੀਂ ਬਣਾ ਲਿਆ ਜਾਂਦਾ, ਮਨੁੱਖ ਦਾ ਉਦਾਰ ਨਹੀਂ ਹੋ ਸਕਦਾ। ਇਹ ਗੱਲ ਮੰਨਣ ਵਿਚ ਕੋਈ ਇਤਰਾਜ਼ ਨਹੀਂ ਕਿ ਪ੍ਰਤਿਰੂਪਕ ਅਤੇ ਮਿਥਹਾਸਿਕ ਕਹਾਣੀਆਂ ਦੀ ਅਨੁਭਵੀ ਚੇਤੰਨਤਾ ਸਾਡੀ ਪੁਰਾਪਾਸ਼ਾਨਿਕ ਅਤੇ ਨਵਪਾਸ਼ਾਨਿਕ ਕਾਲਾਂ ਨਾਲ ਸਾਂਝ ਉਤਪੰਨ ਕਰਨ ਦੀ ਸ਼ਕਤੀ ਰਖਦੀ ਹੈ ਅਤੇ ਇਹਨਾਂ ਕਾਲਾਂ ਵਿਚ ਮਨੁੱਖੀ ਸਭਿ-ਅਤਾ ਉਪਰ ਓਪਰੇਪਣ ਤੇ ਸਵੈ-ਓਪਰੇਪਣ ਦੀਆਂ ਤੈਹਾਂ ਨਹੀਂ ਚੜ੍ਹੀਆਂ ਸਨ। ਪਰ ਕੀ ਇਹ ਅਨੁ-ਭਵੀ ਚੇਤੰਨਤਾ ਹੀ ਮਨੁੱਖੀ ਸਭਿਅਤਾ ਉਪਰੋਂ ਓਪਰੇਪਣ ਅਤੇ ਸਵੈ-ਓਪਰੇਪਣ ਦੀਆਂ ਉਪੱਦਰਵੀ ਤੈਹਾਂ ਲਾਹ ਸਕਦੀ ਹੈ, ਇਹ ਇਕ ਬਹੁਤਾ ਹੀ ਡੂੰਘੇ ਵਾਦ-ਵਿਵਾਦ ਦਾ ਵਿਸ਼ਾ ਹੈ। ਮੇਰਾ ਵਿਚਾਰ ਹੈ ਕਿ ਇਸ ਦਾ ਰੋਲ ਸਾਡੇ ਵਿਸ਼ਵ-ਮਨੁੱਖ ਬਣਨ ਦੇ ਸੰਘਰਸ਼ ਵਿਚ ਸਹਾਈ ਹੋ ਸਕਦਾ ਹੈ, ਸਾਡੇ ਉਦਾਰ ਦਾ ਇਕੋ ਇਕ ਸੋਮਾ ਨਹੀਂ ਹੋ ਸਕਦਾ।

ਫ਼ਰਾਇਡ ਅਤੇ ਯੁੰਗ ਵਾਂਗ ਐਡਲਰ ਵੀ ਮਨ ਨੂੰ ਦੋ ਭਾਗਾਂ ਵਿਚ ਵੰਡ ਲੈਂਦਾ ਹੈ। ਉਸ ਅਨੁਸਾਰ ਅਚੇਤ ਮਨ ਵਿਚ ਉਹਨਾਂ ਪ੍ਰਵਿਰਤੀਆਂ ਦਾ ਵਾਸਾ ਹੈ ਜਿਹੜੀਆਂ ਬਚਪਨ ਵਿਚ ਮਨੁੱਖ ਦੇ ਸ਼ਕਤੀਸ਼ਾਲੀ ਨਾ ਹੋਣ ਕਾਰਣ ਯਥਾਰਥ ਨਾਲ ਟਕਰਾ ਕੇ ਜ਼ਖਮੀ ਹੋ ਜਾਂਦੀਆਂ ਹਨ। ਉਸ ਦੇ ਅਨੁਸਾਰ 'ਘਟੀਆਪਣ ਦਾ ਅਹਿਸਾਸ' ਜੀਵਨ ਵਿਚ ਸਭ ਤੋਂ ਮਹੱਤਵਪੂਰਣ ਰੋਲ ਅਦਾ ਕਰਦਾ ਹੈ। ਘਟੀਆਪਣ ਦੇ ਅਹਿਸਾਸ ਨਾਲ ਪੈਦਾ ਹੋਏ ਪਾੜ ਨੂੰ ਭਰਨ ਲਈ ਮਨੁੱਖ ਧਰਮ ਸਥਾਪਿਤ ਕਰਦਾ ਹੈ, ਸਾਹਿਤਕ ਰਚਨਾਵਾਂ ਰਚਦਾ ਹੈ ਅਤੇ ਵਿਗਿਆਨਿਕ ਸਚਾਈਆਂ ਲਭਦਾ ਹੈ। ਇਹ ਠੀਕ ਹੈ ਕਿ 'ਘਟੀਆਪਣ ਦਾ ਅਹਿਸਾਸ' ਸਾਡੀ ਮਾਨਸਿਕਤਾ ਅਤੇ ਸਾਡੇ ਕਰਮਾਂ ਉਪਰ ਡੂੰਘਾ ਪ੍ਰਭਾਵ ਪਾਉਂਦਾ ਹੈ ਪਰੰਤੂ ਇਹ ਮਾਨਸਿਕਤਾ ਦਾ ਇਕ ਪੱਖ ਹੈ। ਬਹੁਤ ਵਾਰੀ ਹੋਰ ਪ੍ਰਕਾਰ ਦੇ ਅਹਿਸਾਸਾਂ ਅਧੀਨ ਇਸ ਦੇ ਤੱਤ ਵਿਚ ਬੁਨਿਆਦੀ ਪਰਿਵਰਤਣ ਆ ਜਾਂਦਾ ਹੈ। ਸੋ ਇਸ ਨੂੰ ਮਾਨਸਿਕਤਾ ਵਿਚ ਬੁਨਿਆਦੀ ਅਤੇ ਕੇਂਦਰੀ ਅਸਥਾਨ ਦੇਣਾ ਮਾਨਸਿਕ ਵਾਤਾਵਰਣ ਨੂੰ ਬੰਦ ਕਮਰਾ ਬਣਾਉਣ ਦੇ ਬਰਾਬਰ ਹੀ ਹੈ।

ਫ਼ਰਾਇਡ, ਯੁੰਗ ਅਤੇ ਐਡਲਰ ਮਨ ਨੂੰ ਪਦਾਰਥਵਾਦੀ ਸ਼ਕਤੀਆਂ ਦੇ ਪ੍ਰਭਾਵ ਤੋਂ ਪਰੇ ਰੱਖਣ ਦਾ ਯਤਨ ਤਾਂ ਜ਼ਰੂਰ ਕਰਦੇ ਹਨ, ਪਰੰਤੂ ਉਹ ਇਸ ਨੂੰ ਪਦਾਰਥਵਾਦੀ ਪ੍ਰਸੰਗ ਵਿਚੋਂ ਜਲਾਵਤਨ ਕਰਨ ਦੀ ਸਿਫ਼ਾਰਸ਼ ਨਹੀਂ ਕਰਦੇ। ਪਦਾਰਥਵਾਦੀ ਸ਼ਕਤੀਆਂ ਤੋਂ ਪਰੇ ਰਹਿਣ ਕਾਰਨ ਉਹਨਾਂ ਦੇ ਹੱਥਾਂ ਵਿਚ ਮਨ ਕਰਿਸਟਾਫ਼ਰ ਕਾਡਵੈਲ ਦੇ ਸ਼ਬਦਾਂ ਵਿਚ 'ਬੰਦ-ਦੁਨੀਆਂ' ਤਾਂ ਜ਼ਰੂਰ ਬਣ ਜਾਂਦਾ ਹੈ ਪਰੰਤੂ ਆਕਾਸ਼ਾਂ ਵਿਚ ਬਿਨ-ਸਹਾਰੇ ਮੰਡਲਾਉਂਦਾ ਆਲ੍ਹਣਾ ਨਹੀਂ ਬਣਦਾ।

ਇਹੋ ਜਿਹਾ ਆਦਰਸ਼ਕ ਰੂਪ ਮਨ ਨੂੰ ਅੰਤਰੀਵ-ਪ੍ਰਤੀਰੂਪ-ਮਨੋਵਿਗਿਆਨ ਵਿਚ ਮਿਲ ਜਾਂਦਾ ਹੈ। ਅੰਤਰੀਵ ਪ੍ਰਤੀ-ਰੂਪ-ਮਨੋਵਿਗਿਆਨ ਆਧੁਨਿਕ ਮਨੋਵਿਗਿਆਨ ਦੇ ਸਭ ਤੋਂ ਆਦਰਸ਼ਵਾਦੀ ਪੱਖ ਨੂੰ ਰੂਪਮਾਨ ਕਰਦਾ ਹੈ। ਮੈਕਸ, ਵਰਥੀਮਰ, ਵੁਲਫਗਾਮ ਕੋਹਲਰ, ਅਤੇ ਕਰਡਕੋਫਕਾ ਆਦਿਕ ਇਸ ਦੇ ਨਿਰਮਾਤਾ ਦਾਰਸ਼ਨਿਕ ਪੱਧਰ ਤੇ ਜਰਮਨ ਅਸਤਿਤਵ-ਵਾਦੀ ਹਸਰਲ ਤੋਂ ਬੇਹਦ ਪ੍ਰਭਾਵਤ ਸਨ। ਮਗਰੋਂ ਇਸ ਪ੍ਰਭਾਵ ਨਾਲ ਪ੍ਰਤੱਕਸ਼ਵਾਦ ਦੇ ਨਿਰਮਾਤਾ ਅਰਨੈਸਟ ਮੈਖ ਦਾ ਪ੍ਰਭਾਵ ਇਕ ਮਿੱਕ ਹੋ ਗਿਆ ਅਤੇ ਇਹ ਮਨੋਵਿਗਿਆਨਿਕ ਸਿਧਾਂਤ ਹੋਂਦ ਵਿਚ ਆ ਗਏ। ਇਸ ਸਿਧਾਂਤ ਅਨੁਸਾਰ ਮਾਨਸਿਕ ਵਾਤਾਵਰਣ ਅੰਤਰੀਵ ਪ੍ਰਤੀਰੂਪਾਂ ਦਾ ਸਮੂਹ ਹੈ। ਇਹਨਾਂ ਦਾ ਸਥਾਨਿਕ ਪ੍ਰਬੰਧ ਇਹਨਾਂ ਵਿਚ ਆਉਂਦੇ ਪਰਿਵਰਤਣਾਂ ਅਨੁਸਾਰ ਬਦਲਦਾ ਰਹਿੰਦਾ ਹੈ। ਬਾਹਰਲੇ ਵਾਤਾਵਰਤਣ ਅਤੇ ਬਾਹਰਲੀਆਂ ਘਟਨਾਵਾਂ ਦਾ ਇਹਨਾਂ ਉਪਰ ਕੋਈ ਪ੍ਰਭਾਵ ਨਹੀਂ ਪੈਂਦਾ। ਸਪਸ਼ਟ ਹੈ ਕਿ ਅੰਤਰੀਵ-ਪ੍ਰਤੀਰੂਪ-ਮਨੋਵਿਗਿਆਨ ਵਿਵਹਾਰਿਕ ਅਤੇ ਸਹਚਾਰਯਵਾਦੀ ਦੋਨੋ ਪ੍ਰਕਾਰ ਦੇ ਮਨੋ-ਵਿਗਿਆਨਾਂ ਦੇ ਸਿਧਾਂਤਾਂ ਦੇ ਵਿਰੁਧ ਹੈ।

ਮੇਰੇ ਵਿਚਾਰ ਵਿਚ ਇਹ ਸਾਰੇ ਮਨੋਵਿਗਿਆਨਿਕ ਸਿਧਾਂਤ ਅਵਿਗਿਆਨਿਕ ਹਨ। ਉਹਨਾਂ ਦੇ ਸੀਰਸ਼ ਅਰਧ-ਵਿਗਿਆਨਿਕ, ਆਦਰਸ਼ਵਾਦੀ ਅਤੇ ਮਿਥਿਹਾਸਿਕ ਹਨ ਪਰੰਤੂ ਉਹਨਾਂ ਵਿਚ ਪ੍ਰਮਾਣਾਂ ਲਈ ਵਰਤੀ ਹੋਈ ਬੇਹੱਦ ਅਨੁਭਵੀ ਸਾਮਗਰੀ ਹੈ। ਇਸ ਅਨੁਭਵੀ ਸਾਮਗਰੀ ਨੂੰ ਅਤੇ ਉਹਨਾਂ ਦੇ ਸੀਰਸ਼ਾਂ ਦੇ ਵਿਗਿਆਨਿਕ ਪੱਖਾਂ ਨੂੰ ਵਿਗਿਆਨਿਕ ਢੰਗ ਦਾ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਉਸਾਰਨ ਲਈ ਵਰਤਿਆ ਜਾ ਸਕਦਾ ਹੈ। ਇਸ ਵਿਗਿਆਨਿਕ ਢੰਗ ਦੇ ਮਨੋਵਿਗਿ-ਆਨਿਕ ਦ੍ਰਿਸ਼ਟੀਕੋਣ ਦੇ ਸੀਰਸ਼ ਸਾਨੂੰ ਤਾਂਤ੍ਰਿਕ ਮਨੋਵਿਗਿਆਨਿਕ ਅਤੇ ਖ਼ਾਸ ਤੌਰ ਤੇ ਪਾਵਲੋਵ ਦੇ ਮਨੋਵਿਗਿਆਨਿਕ ਸਿਧਾਂਤਾਂ ਵਿਚੋਂ ਮਿਲ ਜਾਂਦੇ ਹਨ।

ਹੀਡ, ਰਿਵਰਜ਼, ਸ਼ੈਰਿੰਗਟਨ ਅਤੇ ਪਾਰਸਨਜ਼ ਦੇ ਤਜਰਬਿਆਂ ਅਨੁਸਾਰ ਤਾਂਤ੍ਰਿਕਾਂ ਅੰਤਰਸਤਵਚਿਕਾਂ ਅਤੇ ਪੁਸ਼ਪਾਸ਼ਨ ਨੂੰ ਬਾਹਰਲੇ ਵਾਤਾਵਰਣ ਤੋਂ ਗ੍ਰਹਿਣ ਕੀਤੇ ਹੋਏ ਪ੍ਰਭਾਵ ਭੇਜਦੀਆਂ ਰਹਿੰਦੀਆਂ ਹਨ। ਪੁਸ਼ਪਾਸ਼ਨ ਤੇ ਇਕਤਰੱਤ ਹੁੰਦੇ ਹੋਏ ਪ੍ਰਭਾਵ ਅਚੇਤ ਬਣਦੇ ਰਹਿੰਦੇ ਹਨ ਅਤੇ ਅੰਤਰਸਤਵਚਿਕਾਂ ਉਪਰ ਇਕਤਰਤ ਹੁੰਦੇ ਪ੍ਰਭਾਵ ਚੇਤੰਨ ਬਣ ਜਾਂਦੇ ਹਨ। ਦੋ ਵੱਖੋ ਵੱਖਰੇ ਅੰਗਾਂ ਤੇ ਇਕਠੇ ਹੋਣ ਕਾਰਨ ਅਚੇਤ ਅਤੇ ਚੇਤੰਨ ਵਿਚਾਰ ਇਕ ਦੂਸਰੇ ਦੇ ਪ੍ਰਭਾਵ ਤੋਂ ਪਰੇ ਰਹਿੰਦੇ ਹਨ। ਇਸ ਤਰ੍ਹਾਂ ਮਾਨਸਿਕਤਾ ਵਿਚ ਦਵੈਤ ਉਤਪੰਨ ਹੋ ਜਾਂਦਾ ਹੈ। ਇਹ ਦਵੈਤ ਪਾਵਲੋਵ ਦੇ ਮਨੋਵਿਗਿਆਨਿਕ ਸਿਧਾਂਤ ਵਿਚ ਆ ਕੇ ਖ਼ਤਮ ਹੋ ਜਾਂਦਾ ਹੈ। ਇਹਨਾਂ ਰਾਹੀਂ ਸਾਬਤ ਹੋ ਗਿਆ ਹੈ ਕਿ ਇਸ ਦੇ ਬਾਵਜੂਦ ਕਿ ਮਨ ਦੇ ਬਹੁ-ਆਕਾਰ ਹਨ ਇਸ ਦੇ ਵੱਖੋ ਵੱਖਰੇ ਭਾਗ ਪਦਾਰਥਵਾਦੀ ਏਕਤਾ ਵਿਚ ਪਰੋਏ ਹੋਏ ਹਨ।

ਪਾਵਲੋਵ ਅਨੁਸਾਰ ਅਧ-ਅੰਤਰਸਤਵਚਿਕਾ ਉਹ ਪਹਿਲਾ ਖੇਤਰ ਹੈ ਜਿਥੇ ਸਰੀਰਕ ਪ੍ਰਬੰਧ ਅਤੇ ਵਾਤਾਵਰਣ ਵਿਚਕਾਰ ਗੁੰਝਲਦਾਰ ਸੰਬੰਧ ਹੋਂਦ ਵਿਚ ਆਉਂਦੇ ਹਨ। ਇਸ ਖੇਤਰ ਵਿਚ ਵਾਤਾਵਰਣ ਦੇ ਕੁਝ ਅਨਨੁਕੂਲਿਤ ਕਾਰਨਾਂ ਦੇ ਪ੍ਰਭਾਵਾਂ ਕਾਰਨ ਅਨਨੁਕੂਲਿਤ ਪ੍ਰਤਿਵਰਤ ਉਤਪੰਨ ਹੋ ਜਾਂਦੇ ਹਨ। ਦੂਸਰਾ ਪ੍ਰਮਸਤਸ਼ਿਕ ਖੇਤਰ ਉਹ ਹੈ ਜਿਸ ਦੇ ਸਾਹਮਣੇ ਦੇ ਲੋਥੜੇ ਨਹੀਂ ਹੁੰਦੇ। ਇਸ ਖੇਤਰ ਵਿਚ ਅਨਨੁਕੂਲਿਤ ਪ੍ਰਤਿਵਰਤ ਕੁਝ ਅਨਨੁਕੂਲਿਤ ਪ੍ਰਤਿਵਰਤਾਂ ਨਾਲ ਟਕ-ਰਾਉਂਦੇ ਹਨ ਤੇ ਉਹਨਾਂ ਦੇ ਤੱਤ ਵਿਚ ਪਰਿਵਰਤਣ ਆ ਜਾਂਦਾ ਹੈ। ਇਸਨੂੰ ਪਹਿਲਾ ਸੰਕੇਤਕ ਪ੍ਰਬੰਧ

ਕਿਹਾ ਜਾਂਦਾ ਹੈ। ਜਾਨਵਰਾਂ ਵਿਚ ਇਸ ਤੋਂ ਅਗੇ ਹੋਰ ਕੋਈ ਸੰਕੇਤਕ-ਪ੍ਰਬੰਧ ਨਹੀਂ ਹੁੰਦਾ ਪਰੰਤੂ ਮਨੁੱਖ ਵਿਚ ਦੂਸਰਾ ਸੰਕੇਤਕ-ਪ੍ਰਬੰਧ ਵੀ ਹੁੰਦਾ ਹੈ ਜਿਹੜਾ ਸਾਮ੍ਹਣੇ ਦੇ ਲੋਥੜਿਆਂ ਵਿਚ ਸਥਿਤ ਹੈ। ਇਹ ਸੰਕੇਤਕ-ਪ੍ਰਬੰਧ ਸ਼ਬਦਾਂ ਤੇ ਬੋਲਾਂ ਰਾਹੀਂ ਭੇਜੇ ਹੋਏ ਸੰਕੇਤ ਵੀ ਸਮਝ ਲੈਂਦਾ ਹੈ। ਨਤੀਜੇ ਦੇ ਤੌਰ ਤੇ ਆਦਮੀ ਦਾ ਮਾਨਸਿਕ ਵਾਤਾਰਵਰਣ ਵਿਚਾਰਾਂ ਦਾ ਵਿਸ਼ਲੇਸ਼ਣ ਕਰ ਕੇ ਉਹਨਾਂ ਨੂੰ ਗ੍ਰਹਣ ਜਾਂ ਰੱਦ ਕਰਨ ਦੇ ਯੋਗ ਹੋ ਜਾਂਦਾ ਹੈ।

ਪਾਵਲੋਵ ਦੇ ਮਨੋਵਿਗਿਆਨਿਕ ਸਿਧਾਂਤ ਵਿਚ ਅਨਨੁਕੂਲਿਤ ਅਤੇ ਅਨੁਕੂਲਿਤ ਪ੍ਰਤਿ-ਵਰਤਾਂ ਦੀ ਕੇਂਦਰੀ ਮਹੱਤਤਾ ਹੈ। ਅਨੁਕੂਲਿਤਾ ਪ੍ਰਤਿਵਰਤ ਦੇ ਭਾਵਾਤਮਕ ਪ੍ਰਭਾਵਾਂ ਨੂੰ ਪਾਵ-ਲੋਵ ਪ੍ਰਵਿਰਤੀਆਂ ਸਮਝਦਾ ਹੈ ਅਤੇ ਇਹ ਬਾਹਰਲੇ ਕਾਰਣਾਂ ਦੇ ਪ੍ਰਭਾਵ ਕਾਰਣ ਉਤਪੰਨ ਹੁੰਦੇ ਹਨ। ਅਨਣੁਕੂਲਿਤ ਪ੍ਰਤੀਵਰਤ ਬਾਹਰਲੇ ਕਾਰਣਾਂ ਦੇ ਪ੍ਰਭਾਵ ਤੋਂ ਬਿਨਾਂ ਹੀ ਨਵੇਂ ਉਤਪੰਨ ਹੋਏ ਪ੍ਰਤਿਵਰਤਾਂ ਨਾਲ ਮਿਲ ਕੇ ਦਿਮਾਗ ਵਿਚ ਚਿੰਤਨ-ਸ਼ਕਤੀ ਪੈਦਾ ਕਰ ਦਿੰਦੇ ਹਨ। ਜਦੋਂ ਚਿੰਤਨ ਸ਼ਕਤੀ ਕੰਮ ਕਰਦੀ ਹੈ ਤਾਂ ਜਿਸ ਵਸਤੂ ਸਬੰਧੀ ਚਿੰਤਨ ਕੀਤਾ ਜਾਂਦਾ ਹੈ ਉਸਦਾ ਤੱਤ ਬਿੰਬ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਬਿੰਬ ਬਨਾਉਣ ਦਾ ਇਹ ਕਰਮ ਸਹਚਾਰਯਵਾਦੀ ਮਨੋ-ਵਿਗਿਆਨ ਵਿਚ ਸੰਵੇਦਨਾ ਰਾਹੀਂ ਪ੍ਰਭਾਵ ਗ੍ਰਹਿਣ ਕਰਨ ਦੇ ਕਰਮ ਤੋਂ ਬਿਲਕੁਲ ਭਿੰਨ ਹੈ। ਸੰਵੇਦਨਾ ਦਾ ਪ੍ਰਭਾਵ-ਗ੍ਰਹਿਣ ਕਰਨ ਦੇ ਕਰਮ ਵਿਚ ਸਿਰਜਨਾਤਮਕ ਸ਼ਕਤੀ ਦਾ ਕੋਈ ਰੋਲ ਨਹੀਂ ਪਰੰਤੂ ਚਿੰਤਨ ਸ਼ਕਤੀ ਦੇ ਕਰਮ ਵਿਚ ਸਿਰਜਨਾਤਮਕ ਸ਼ਕਤੀ ਆਪਣੀ ਵਿਤ ਅਨੁਸਾਰ ਆਪਣਾ ਰੋਲ ਅਦਾ ਕਰਦੀ ਹੈ।

ਉਪਰੋਕਤ ਵਿਆਖਿਆ ਦੀ ਰੋਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪਾਵਲੋਵ ਮਨ ਨੂੰ ਬਹੁ--ਆਕਾਰਮਈ ਮੰਨਦਾ ਹੈ। ਇਸਦੇ ਵਖੋ ਵਖਰੇ ਆਕਾਰ ਇਕ ਦੂਸਰੇ ਨਾਲ ਟਕਰਾ-ਉਂਦੇ ਨਹੀਂ ਸਗੋਂ ਮਾਨਸਿਕ ਵਾਤਾਵਰਣ ਨੂੰ ਬਾਹਰਲੇ ਵਾਤਾਵਰਣ ਨੂੰ ਜ਼ਿਆਦਾ ਤੋਂ ਜ਼ਿਆਦਾ ਸਮਝਣ ਦੇ ਯੋਗ ਬਣਾਉਂਦੇ ਹਨ। ਇਸ ਤਰ੍ਹਾਂ ਮਨੁੱਖ ਪ੍ਰਕਿਰਤੀ ਦੀ ਨਕਲ ਬਣ ਕੇ ਖ਼ਤਮ ਨਹੀਂ ਹੋ ਜਾਂਦਾ। ਉਹ ਪ੍ਰਕਿਰਤੀ ਤੋਂ ਪ੍ਰਭਾਵਤ ਤਾਂ ਜ਼ਰੂਰ ਹੁੰਦਾ ਹੈ ਪਰੰਤੂ ਉਸਦਾ ਗੁਣਾਤਮਿਕ ਪੱਧਰ ਪ੍ਰਕਿਰਤੀ ਦੇ ਗੁਣਾਮਿਕ ਪੱਧਰ ਨਾਲੋਂ ਕਿਤੇ ਉੱਚਾ ਉਠ ਜਾਂਦਾ ਹੈ। ਇਸ ਵਿਚਾਰ ਦਾ ਇਹ ਮਤਲਬ ਵੀ ਨਹੀਂ ਕਿ ਮਨੁੱਖੀ ਮਾਨਸਿਕਤਾ ਦਾ ਸੁਭਾਅ ਪ੍ਰਕਿਰਤੀ ਨਾਲੋਂ ਉਚੇਰਾ ਹੋਣ ਕਾਰਣ, ਇਸਦਾ ਪ੍ਰਕਿਰਤੀ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਇਹ ਸੰਬੰਧ ਤਾਂ ਕਾਇਮ ਰਹਿੰਦਾ ਹੈ ਪਰੰਤੂ ਮਨੁੱਖ ਪ੍ਰਕਿਰਤੀ ਦਾ ਗ਼ੁਲਾਮ ਨਹੀਂ ਰਹਿੰਦਾ। ਉਸਦਾ ਸੰਬੰਧ ਅਚੇਤ ਪੱਧਰ ਤੋਂ ਉਠ ਕੇ ਚੇਤੰਨ ਬਣ ਜਾਂਦਾ ਹੈ। ਜਿਉਂ ਜਿਉਂ ਇਤਿਹਾਸ ਪ੍ਰਗਤੀ ਕਰ ਰਿਹਾ ਹੈ ਇਸ ਸੰਬੰਧ ਦਾ ਚੇਤੰਨ ਪੱਖ ਵਿਸ਼ਾਲ ਤੋਂ ਵਿਸ਼ਾਲ ਅਤੇ ਡੂੰਘੇਰਾ ਹੁੰਦਾ ਜਾਂਦਾ ਹੈ।

ਕਿਉਂਕਿ ਮਨੁੱਖ ਦੇ ਪ੍ਰਕਿਰਤੀ ਨਾਲ ਸਥਾਪਤ ਹੋਏ ਹੋਏ ਅਤੇ ਸਦਾ ਵਧਦੇ ਫੁਲਦੇ ਸਬੰਧ ਵਿਚ ਸਦਾ ਪਏ-ਦਾਅ ਵਿਸ਼ਾਲਤਾ ਅਤੇ ਖੜੇ-ਦਾਅ ਡੂੰਘਾਈ ਆਉਂਦੀ ਜਾਂਦੀ ਹੈ ਇਸ ਲਈ ਮਨ ਨੂੰ "ਬੰਦ ਦੁਨੀਆਂ" ਜਾਂ "ਹਨੇਰਾ ਕਮਰਾ" ਨਹੀਂ ਕਿਹਾ ਜਾ ਸਕਦਾ। ਇਸ ਦਾ ਇਹ ਮਤਲਬ ਵੀ ਨਹੀਂ ਕਿ ਮਨ ਦੇ ਵੱਖੋ ਵੱਖਰੇ ਆਕਾਰਾਂ ਵਿਚ ਆਪਣੇ ਆਪ ਪਰਿਵਰਤਣ ਹੁੰਦਾ ਰਹਿੰਦਾ ਹੈ ਅਤੇ ਸਰੀਰ ਦਾ ਇਸ ਨਾਲ ਕੋਈ ਸਬੰਧ ਨਹੀਂ। ਸਰੀਰ ਦਾ ਮਾਨਸਿਕ-ਬਣਤਰ ਨਾਲ ਸਬੰਧ ਜ਼ਰੂਰ ਹੈ ਪਰੰਤੂ ਨਾ ਤਾਂ ਇਹ ਵਿਵਹਾਰਿਕ ਪ੍ਰਕਾਰ ਦਾ ਹੈ ਅਤੇ ਨਾ ਹੀ ਆਦਰਸ਼ਕ

ਪ੍ਰਕਾਰ ਦਾ। ਸਰੀਰ ਮਾਨਸਿਕ ਬਣਤਰ ਦੇ ਕਮਰਸ਼ੀਲ ਹੋਣ ਦਾ ਜ਼ਿਮੇਵਾਰ ਹੈ ਪਰੰਤੂ ਮਾਨਸਿਕ ਬਣਤਰ ਵਿਚ ਆਉਂਦਾ ਹਰ ਪਰਿਵਰਤਣ ਸਰੀਰ ਦੇ ਪ੍ਰਭਾਵ ਕਾਰਣ ਨਹੀਂ। ਮਾਨਸਿਕ ਬਣਤਰ ਕੰਮ ਹੀ ਇਸ ਕਰ ਕੇ ਕਰਦੀ ਹੈ ਕਿ ਇਹ ਸਰੀਰ ਵਿਚ ਸਥਿਤ ਹੈ, ਸਰੀਰ ਤੋਂ ਬਾਹਰ ਰਹਿ ਕੇ ਇਹ ਕੰਮ ਹੀ ਨਹੀਂ ਕਰ ਸਕਦੀ।

ਹਾਂ ਪਾਵਲੋਵ ਦੇ ਸਿਧਾਂਤ ਵਿਚ ਮੈਨੂੰ ਦੋ ਤਰੁਟੀਆਂ ਨਜ਼ਰ ਆਉਂਦੀਆਂ ਹਨ ਜਿਹੜੀਆਂ ਕਾਫ਼ੀ ਹਦ ਤਕ ਫ਼ਰਾਇਡ, ਐਡਲਰ ਅਤੇ ਯੁੰਗ ਦੇ ਸਿਧਾਂਤਾਂ ਦੀ ਅਨੁਭਵੀ ਸਮੱਗਰੀ ਦਾ ਸਹਾਰਾ ਲੈ ਕੇ ਦੂਰ ਕੀਤੀਆਂ ਜਾ ਸਕਦੀਆਂ ਹਨ। ਪਹਿਲੀ ਗੱਲ ਤਾਂ ਇਹ ਕਿ ਪਾਵਲੋਵ ਦਾ ਸਿਧਾਂਤ ਪ੍ਰਤੀਰੂਪਕਾਂ ਦੀ ਹੋਂਦ ਅਤੇ ਮਹੱਤਤਾ ਉਪਰ ਕੋਈ ਰੋਸ਼ਨੀ ਨਹੀਂ ਪਾ ਸਕਿਆ। ਇਸ ਸਿਧਾਂਤ ਨੂੰ ਲਕੀਰਾਂ ਦੇ ਫ਼ਕੀਰ ਹੋ ਕੇ ਮੰਨਣ ਵਾਲੇ ਇਹ ਸੁਝਾਉ ਦਿੰਦੇ ਹਨ ਕਿ ਪ੍ਰਤੀਰੂਪਕ ਜਮਾਤੀ ਚੇਤੰਨਤਾ ਨਾਲ ਲੱਦੀਆਂ ਹੋਈਆਂ ਪਰਵਿਰਤੀਆਂ ਹੀ ਹਨ। ਇਸ ਪ੍ਰਕਾਰ ਦੇ ਨੀਗਰੋ ਲੋਕਾਂ ਦੀ ਮਾਨਸਿਕਤਾ ਵਿਚੋਂ ਦ੍ਰਿਸ਼ਟੀਮਾਨ ਹੁੰਦੇ ਕੁਝ ਪ੍ਰਤੀਰੂਪਕਾਂ ਦਾ ਵਿਸ਼ਲੇਸ਼ਣ ਫ਼ੈਲਟਨ ਨੇ ਬੜੇ ਕਮਾਲ ਨਾਲ ਕੀਤਾ ਹੈ। ਪਰੰਤੂ ਬਹੁਤੇ ਪ੍ਰਤੀਰੂਪਕ ਪੁਰਾਪਾਸ਼ਾਨਕ ਅਤੇ ਨਵਪਾਸ਼ਾਨਕ ਕਾਲਾਂ ਦੇ ਹਨ। ਸੋ ਮਨੁਖੀ ਮਨ ਦੇ ਵੱਖੋ ਵਖਰੇ ਅਕਾਰ ਗੁਣਾਤਮਕ ਪ੍ਰਗਤੀ ਦੀ ਲੜੀ ਵਿਚ ਪਰੋਏ ਹੋਏ ਹੋਣ ਦੇ ਬਾਵਜੂਦ ਪੁਰਾ–ਪਾਸ਼ਾਨਕ ਅਤੇ ਨਵਪਾਸ਼ਾਨਕ ਕਾਲਾਂ ਦੇ ਪ੍ਰਭਾਵਾਂ ਤੋਂ ਸੁਤੰਤਰ ਨਹੀਂ। ਦੂਸਰੇ ਜੋ ਦਵੰਦਾਤਮਿਕ ਪਰਿਵਰਤਣ ਮਨ ਦੇ ਵੱਖੋ ਵੱਖਰੇ ਆਕਾਰ ਵਿਚ ਵਾਪਰਦਾ ਹੈ ਕੀ ਇਹ ਸਿੱਧਾ ਪੱਧਰਾ ਹੀ ਹੈ ਜਾਂ ਇਸ ਵਿਚ ਬੇਹਦ ਗੁੰਝਲਾਂ ਹਨ ? ਫ਼ਰਾਇਡ ਦੀਆਂ ਖੋਜਾਂ ਨੂੰ ਪਾਵਲੋਵ ਦੀਆਂ ਖੋਜਾਂ ਦਾ ਸਹਾ-ਇਕ ਬਣਾ ਕੇ ਇਹ ਸਿੱਧ ਕੀਤਾ ਜਾ ਸਕਦਾ ਹੈ ਕਿ ਇਹ ਕਦਮ ਬਣਨਦ (Becoming ਤਾਂ ਜ਼ਰੂਰ ਹੈ ਪਰੰਤੂ ਇਹ ਸਿਧ-ਪੱਧਰਾ ਨਹੀਂ।

ਸੋ ਮਨੁੱਖੀ ਮਨ ਦੇ ਦੋ ਪ੍ਰਮੁਖ ਗੁਣ ਹਨ। ਪਹਿਲਾ ਇਸਦੇ ਵੱਖੋ ਵੱਖਰੇ ਅਕਾਰਾਂ ਵਿਚ ਸਦਾ ਵਾਪਰਦਾ ਸੰਸ਼ਲੇਸ਼ਣ ਅਤੇ ਦੂਸਰਾ ਪ੍ਰਕਿਰਤੀ ਵਿਰੁਧ ਇਸਦਾ ਸੰਘਰਸ਼-ਸ਼ੀਲ ਹੋਣਾ। ਮਨ ਦੇ ਇਨ੍ਹਾਂ ਵਿਸ਼ੇਸ਼ ਪੱਖਾਂ ਨੂੰ ਸਾਮ੍ਹਣੇ ਰੱਖ ਕੇ ਹੀ ਮਨੋਵਗਿਆਨਿਕ ਦ੍ਰਿਸ਼ਟੀਕੋਣ ਦੇ ਸਾਹਿਤਕ ਆਲੋਚਨਾ ਵਿਚ ਅਦਾ ਕੀਤੇ ਜਾਂਦੇ ਰੋਲ ਦਾ ਜਾਇਜ਼ਾ ਲਿਆ ਜਾ ਸਕਦਾ ਹੈ।

ਪਹਿਲੀ ਸਮੱਸਿਆ, ਜਿਸ ਉੱਪਰ ਸਾਹਿਤਕ ਆਲੋਚਨਾ ਦਾ ਮਨੋ–ਵਿਗਿਆਨਕ ਦ੍ਰਿਸ਼ਟੀਕੋਣ ਰੋਸ਼ਨੀ ਪਾ ਸਕਦਾ ਹੈ, ਉਹ ਇਹ ਹੈ ਕਿ ਸਾਹਿਤਕ ਰਚਨਾ ਕਿਉਂ ਕੀਤੀ ਜਾਂਦੀ ਹੈ। ਥੋੜੇ ਸ਼ਬਦਾਂ ਵਿਚ ਇਸਦਾ ਉਤਰ ਹੈ ਕਿ ਸਾਹਿਤਕ ਰਚਨਾ ਮਨੁਖੀ ਮਨ ਦੇ ਪ੍ਰਕਿਰਤੀ ਵਿਰੁਧ ਸੰਘਰਸ਼–ਸ਼ੀਲ ਲੱਛਣ ਨੂੰ ਮਜ਼ਬੂਤ ਕਰਨ ਲਈ ਕੀਤੀ ਜਾਂਦੀ ਹੈ। ਸਾਹਿਤਕ ਰਚਨਾਵਾਂ ਵਿਚ ਉਹਨਾਂ ਅਨੁਭਵਾਂ ਦੇ ਚਿਤਰ ਹੁੰਦੇ ਹਨ ਜਿਹਨਾਂ ਵਿਚੋਂ ਮਨੁਖ ਇਸ ਸੰਘਰਸ਼ ਦੇ ਸਮੇਂ ਲੰਘਦਾ ਹੈ। ਜਦੋਂ ਸਾਹਿਤਕ ਰਚਨਾਵਾਂ ਵਿਚ ਉਹ ਇਹਨਾਂ ਅਨੁਭਵਾਂ ਦਾ ਵਿਸ਼ਲੇਸ਼ਣ ਹੋਇਆ ਦੇਖਦਾ ਹੈ ਤਾਂ ਉਸ ਦੀ ਸੂਝ ਪਏ ਦਾਅ ਵਿਸ਼ਾਲ ਅਤੇ ਖੜੇ-ਦਾਅ ਡੂੰਘੀ ਹੋ ਜਾਂਦੀ ਹੈ। ਇਸ ਵਿਚਾਰ ਦੀ ਪੁਸ਼ਟੀ ਲਈ ਪੁਰਾਪਾਸ਼ਾਨਕ ਕਾਲ ਦੀ ਚਿੱਤਰ-ਕਲਾ ਉਪਰ ਝਾਤ ਕਾਫ਼ੀ ਲਾਹੇਵੰਦ ਹੋ ਸਕਦੀ ਹੈ। ਦੱਖਣੀ ਫ਼ਰਾਂਸ ਅਤੇ ਉਤਰੀ ਸਪੇਨ ਵਿਚ ਡੰਗਰ, ਸ਼ਿਕਾਰੀ, ਜੰਗਲੀ ਜਾਨਵਰ ਆਦਿਕ ਇਕ ਅਕਾਰਮਈ ਢੰਗ ਨਾਲ ਚਿਤਰੇ ਹੋਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਚਿਤਰਾਂ ਵਿਚ ਕੋਈ ਸੌਂਦਰਯ ਨਹੀਂ, ਇਹ ਕੇਵਲ ਸ਼ਕਤੀ ਨਾਲ ਨੱਕੋ ਨੱਕ ਭਰਪੂਰ

ਸ਼ਕਤੀ ਦੇ ਬਿੰਬ ਨਜ਼ਰ ਆਉਂਦੇ ਹਨ । ਨੀਝ ਨਾਲ ਦੇਖਣ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸ਼ਕਤੀ ਮੰਤਵ-ਰਹਿਤ ਨਹੀਂ । ਡੰਗਰ ਇਸ ਕਰਕੇ ਸ਼ਕਤੀਸ਼ਾਲੀ ਨਜ਼ਰ ਆਉਂਦੇ ਹਨ ਤਾਂ ਜੋ ਸ਼ਿਕਾਰੀਆਂ ਦੇ ਕਰੋਪ ਤੋਂ ਬਚ ਸਕਣ ਅਤੇ ਬੰਦੇ ਇਸ ਕਾਰਣ ਸ਼ਕਤੀਸ਼ਾਲੀ ਨਜ਼ਰ ਆਉਂਦੇ ਹਨ ਤਾਂ ਜੋ ਆਪਣਾ ਅਤੇ ਆਪਣੇ ਬਚਿਆਂ ਦਾ ਪੇਟ ਭਰਨ ਲਈ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰ ਸਕਣ ।

ਇਥੇ ਇਤਰਾਜ਼ ਉਠਾਇਆ ਜਾ ਸਕਦਾ ਹੈ ਕਿ ਸਾਹਿਤਕ ਕਿਰਤ ਮਨੁੱਖੀ ਅਨੁਭਵਾਂ ਦੀ ਤਸਵੀਰ ਨਹੀਂ ਸਗੋਂ ਸੁਹਜਾਤਮਿਕ ਤਸਵੀਰ ਹੈ । ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਸੁਹਜਾਤਮਿਕ ਪੱਖ ਸਾਹਿਤਕ ਰਚਨਾ ਦਾ ਅਨਿਖੜਵਾਂ ਅੰਗ ਹੈ ਪਰੰਤੂ ਸੁਹਜ ਤੀ ਉਤਪਤੀ ਲੇਖਕ ਦੀ ਮੰਜ਼ਲ ਨਹੀਂ ਹੁੰਦੀ, ਇਹ ਤਾਂ ਸਗੋਂ ਲੇਖਕ ਦੇ ਹੱਥ ਵਿਚ ਹਥਿਆਰ ਹੁੰਦਾ ਹੈ, ਜਿਸ ਰਾਹੀਂ ਉਸਦੀ ਰਚਨਾ ਪਾਠਕਾਂ ਦੇ ਮਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਟੁੰਬ ਸਕੇ । ਇਸ ਪ੍ਰਸੰਗ ਵਿਚ ਨਵਪਾਸ਼ਾਨਕ ਯੁਗ ਦੀ ਚਿੱਤਰਕਲਾ ਉਤੇ ਵਿਚਾਰ ਕਰਨਾ ਉਚਿਤ ਹੋਵੇਗਾ । ਇਹ ਚਿਤਰਕਲਾ ਪੁਰਾਪਾਸ਼ਾਨਕ ਕਾਲ ਦੀ ਚਿੱਤਰਕਲਾ ਤੋਂ ਬਹੁਤ ਕੁਝ ਵਿਰਸੇ ਵਿਚ ਲੈਂਦੀ ਹੈ ਪਰੰਤੂ ਇਸ ਵਿਚ ਇਕ ਵਾਧਾ ਹੈ ਕਿ ਇਸਦੇ ਚਿਤਰਾਂ ਦਾ ਸੁਹਜਾਤਮਕ ਪੱਖ ਬੜਾ ਉੱਘੜਵਾਂ ਹੈ । ਕਾਰਣ ਸਮਝਣਾ ਬਹੁਤਾ ਮੁਸ਼ਕਿਲ ਨਹੀਂ । ਹੋ ਸਕਦਾ ਹੈ ਕਿ ਪੁਰਾਪਾਸ਼ਾਨਕ ਕਾਲ ਦੇ ਚਿਤਰ (ਆਪਣੇ ਸ਼ਕਤੀ-ਸ਼ਾਲੀ ਬਿੰਬਾਂ ਦੇ ਬਾਵਜੂਦ) ਆਸ-ਪੂਰਬਕ ਪੱਧਰ ਤਕ ਉਸ ਵੇਲੇ ਦੇ ਲੋਕਾਂ ਦੇ ਮਨ ਨਾ ਟੁੰਬ ਸਕੇ ਹੋਣ ਅਤੇ ਨਵਪਾਸ਼ਾਨਕ ਕਾਲ ਦਿਆਂ ਚਿੱਤਰਕਾਰਾਂ ਨੂੰ ਆਪਣੇ ਯੁਗ ਦਿਆਂ ਚਿਤਰਾਂ ਦਾ ਸੁਹਜਾਤਮਕ ਪੱਖ ਉਘੇੜਣਾ ਪਿਆ ਹੋਵੇ ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਮਨ ਵਿਚ ਕੋਈ ਹਲੂਣਾ ਉਪਜਦਾ ਹੈ ਜਿਸ ਕਾਰਣ ਲੇਖਕ ਸਾਹਿਤਕ ਰਚਨਾ ਰਚਣ ਲਈ ਉਤਸਾਹਿਤ ਹੁੰਦਾ ਹੈ ? ਬਲੇਕ ਅਤੇ ਕੋਲਰਿੱਜ ਆਦਿਕ ਰੁਮਾਂਚਿਕ ਲੇਖਕ ਤਾਂ ਸਪੱਸ਼ਟ ਤੌਰ ਤੇ "ਉਤਸਾਹਿਤ ਕਰਨ ਵਾਲੀ ਪਰੇਰਨਾ" ਵਿਚ ਵਿਸ਼ਵਾਸ਼ ਰਖਦੇ ਹਨ । ਫਰਾਇਡ ਅਤੇ ਐਡਲਰ ਨੇ ਵੀ ਇਸ ਸਮੱਸਿਆ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ ਤੇ ਉਹਨਾਂ ਦੇ ਵਿਚਾਰ ਲੱਗ ਪਗ ਰੁਮਾਂਚਿਕ ਲੇਖਕਾਂ ਦੇ 'ਉਤਸਾਹਿਤ ਕਰਨ ਵਾਲੀ ਪਰੇਰਨਾ' ਦੇ ਸੰਕਲਪ ਨਾਲ ਮਿਲਦੇ ਜੁਲਦੇ ਹਨ । ਫਰਾਇਡ ਅਨੁਸਾਰ ਪਰਵਿਰਤੀਆਂ (ਅਤੇ ਵਿਸ਼ੇਸ਼ ਤੌਰ ਤੇ ਲਿੰਗਾਤਮਿਕ ਪ੍ਰਕਾਰ ਦੀਆਂ) ਸਮਾਜਿਕ ਵਾਤਾਵਰਣ ਨਾਲ ਟਕਰਾ ਕੇ ਜ਼ਖਮੀ ਹੋ ਜਾਂਦੀਆਂ ਹਨ ਅਤੇ ਅਚੇਤ ਮਨ ਵਿਚ ਜਾ ਕੇ ਪਨਾਹ ਲੈ ਲੈਂਦੀਆਂ ਹਨ । ਪਰੰਤੂ ਕਦੇ ਕਦੇ ਉਹਨਾਂ ਦੀ ਵਿਦਰੋਹੀ ਭਾਵਨਾ ਪਰਬਲ ਹੋ ਜਾਂਦੀ ਹੈ ਅਤੇ ਚੇਤੰਨ ਮਨ ਦੀਆਂ ਦੀਵਾਰਾਂ ਨੂੰ ਤੋੜ ਕੇ ਇਹ ਵਿਦਰੋਹੀ ਪ੍ਰਵਿਰਤੀਆਂ ਆਪਣੇ ਆਪ ਨੂੰ ਉਜਾਗਰ ਕਰਨ ਲਗ ਪੈਂਦੀਆਂ ਹਨ । ਅਜਿਹੇ ਮੌਕਿਆਂ ਉਤੇ ਮਨੁੱਖ ਦੀਆਂ ਸਿਰਜਨਾਤਮਕ ਸ਼ਕਤੀਆਂ ਜਾਗ ਪੈਂਦੀਆਂ ਹਨ ਅਤੇ ਉਹ ਵਿਗਿਆਨਿਕ ਖੋਜਾਂ ਵੀ ਕਰਦਾ ਹੈ ਅਤੇ ਸਾਹਿਤਕ ਰਚਨਾਵਾਂ ਵੀ ਰਚਦਾ ਹੈ । ਐਡਲਰ ਅਨੁਸਾਰ ਮਨੁੱਖ ਬਚਪਣ ਤੋਂ ਹੀ ਅਜੇਹੇ ਉੱਪਦਰਵੀ ਵਾਤਾਵਰਣ ਵਿਚ ਰਹਿੰਦਾ ਹੈ ਕਿ ਉਸ ਦੇ ਮਨ ਵਿਚ "ਘਟੀਆਪਣ ਦੇ ਅਹਿਸਾਸ" ਦੀ ਜ਼ਬਰਦਸਤ ਭਾਵਨਾ ਉਤਪੰਨ ਹੋ ਜਾਂਦੀ ਹੈ । ਇਸ ਨਾਲ ਉਸਦੇ ਵਿਅਕਤਤਵ ਵਿਚ ਇਕ ਦੁਫਾੜ ਉਤਪੰਨ ਹੋ ਜਾਂਦੀ ਹੈ ਅਤੇ ਇਸ ਦੁਫਾੜ ਨੂੰ ਭਰਨ ਲਈ ਮਨੁੱਖ ਸਿਰਜਨਾਤਮਕ ਸ਼ਕਤੀਆਂ ਦਾ ਸਹਾਰਾ ਲੈਂਦਾ ਹੈ ਅਤੇ ਸਾਹਿਤਕ

ਰਚਨਾ ਕਰਦਾ ਹੈ ।

ਵਿਗਿਆਨਿਕ ਪ੍ਰਕਾਰ ਦਾ ਮਨੋਵਿਗਿਆਨਿਕ ਦ੍ਰਿਸ਼ਟੀਕੋਣ ਇਸ ਸਮੱਸਿਆ ਦਾ ਵਿਸ਼ਲੇਸ਼ਣ ਕੁਝ ਵੱਖਰੀ ਤਰ੍ਹਾਂ ਕਰਦਾ ਹੈ। ਇਸ ਅਨੁਸਾਰ ਮਨੁੱਖ ਦੀਆਂ ਸਿਰਜਨਾਤਮਕ ਸ਼ਕ-ਤੀਆਂ ਹਰ ਸਮੇਂ ਪ੍ਰਬਲ ਰਹਿੰਦੀਆਂ ਹਨ ਕਿਉਂਕਿ ਇਹਨਾਂ ਨੂੰ ਬਹੁ-ਆਕਾਰਮਈ ਮਨ ਵਿਚ ਪ੍ਰਵਿਰਤੀਆਂ, ਜਜ਼ਬਾਤਾਂ, ਵਿਚਾਰਾਂ ਅਤੇ ਕਲਪਿਤ ਬਿੰਬਾਂ ਵਿਚਕਾਰ ਦਵੰਦਾਤਮਿਕ ਢੰਗ ਨਾਲ ਉਪਜਦੇ ਸੰਸ਼ਲੇਸ਼ਣ ਤੋਂ ਸਦਾ ਖੁਰਾਕ ਮਿਲਦੀ ਰਹਿੰਦੀ ਹੈ। ਪਰੰਤੂ ਕਈ ਪਲ ਹੁੰਦੇ ਹਨ ਜਦੋਂ ਇਹਨਾਂ ਸ਼ਕਤੀਆਂ ਦੀ ਪ੍ਰਬਲਤਾ ਕਲਾਤਮਿਕ ਕਿਰਤਾਂ ਅਤੇ ਸਾਹਿਤਕ ਰਚਨਾਵਾਂ ਵਿਚ ਸਾਕਾਰ ਹੋਣ ਲਈ ਉਤਸਾਹਿਤ ਹੋ ਜਾਂਦੀ ਹੈ। ਇਹਨਾਂ ਪਲਾਂ ਦੀ ਵਿਸ਼ੇਸ਼ਤਾ ਸਮਝਣ ਲਈ ਸਾਨੂੰ ਅਧਿਆਤਮਕ ਸੋਮਿਆਂ ਵਿਚ ਪਨਾਹ ਲੈਣ ਦੀ ਲੋੜ ਨਹੀਂ। ਪਦਾਰਥਵਾਦੀ ਨਜ਼ਰੀਏ ਤੋਂ ਇਹਨਾਂ ਦੀ ਸੰਤੋਸ਼-ਜਨਕ ਵਿਆਖਿਆ ਹੋ ਸਕਦੀ ਹੈ। ਇਹ ਪਲ ਉਹ ਹਨ ਜਦੋਂ ਮਨ ਨੂੰ ਮਹਿ-ਸੂਸ ਹੁੰਦਾ ਹੈ ਕਿ ਉਸ ਵਿਚ ਕਿਸੇ ਪ੍ਰਵਿਰਤੀ ਦੇ ਨਵਾਂ ਰੂਪ ਧਾਰਣ ਕਾਰਣ ਜਾਂ ਨਵੇਂ ਵਿਚਾਰ ਪ੍ਰਬੰਧ ਦੇ ਉਤਪੰਨ ਹੋ ਜਾਣ ਕਾਰਨ ਇਕ ਉੱਥਲ-ਪੁੱਥਲ ਆ ਗਈ ਹੈ। ਇਸ ਉੱਥਲ ਪੁੱਥਲ ਦਾ ਆਰੰਭ ਬਾਹਰਲੇ ਵਾਤਾਵਰਨ ਵਿਚ ਉਠ ਰਹੀਆਂ ਉਹਨਾਂ ਸ਼ਕਤੀਆਂ (ਅਤੇ ਉਹਨਾਂ ਨੂੰ ਸਾਕਾਰ ਕਰ ਰਹੇ ਅਨੁਭਵਾਂ) ਨਾਲ ਹੁੰਦਾ ਹੈ ਜਿਹੜੀਆਂ ਨਵਾਂ ਰੂਪ ਧਾਰ ਰਹੀ ਪ੍ਰਵਿਰਤੀ ਨੂੰ ਅਤੇ ਨਵੇਂ-ਜਾਗੇ ਵਿਚਾਰ-ਪ੍ਰਬੰਧ ਨੂੰ ਜੜ੍ਹਾਂ ਤਕ ਹਿਲਾ ਦਿੰਦੀਆਂ ਹਨ। ਸੋ ਅੰਦਰਲੀ ਉੱਥਲ ਪੁੱਥਲ ਬਾਹਰਲੇ ਪਰਿਵਰਤਣ ਤੋਂ ਮਗਰੋਂ ਇਸਦੀ ਭਵਿਖਬਾਣੀ ਵੀ ਕਰ ਸਕਦੀ ਹੈ। ਇਹ ਭਵਿੱਖ-ਬਾਣੀ ਕਿਸੇ ਜਾਦੂ ਜਾਂ ਕਰਾਮਾਤ ਵਿਚੋਂ ਨਹੀਂ ਸਗੋਂ ਕਲਪਨਾ ਦੀ ਡੂੰਘੀ ਦੂਰ-ਦ੍ਰਿਸ਼ਟੀ ਵਿਚੋਂ ਉਗਮਦੀ ਹੈ ।

ਇਸ ਪ੍ਰਸੰਗ ਵਿਚ ਸ਼ੇਕਸਪੀਅਰ ਅਤੇ ਤਾਲਸਤਾਏ ਦੇ ਸਿਰਜਨਾਤਮਕ ਕਰਮ ਦਾ ਵਿਸ਼ਲੇਸ਼ਣ ਇਸ ਸਮੱਸਿਆ ਦੀ ਵਿਆਖਿਆ ਨੂੰ ਉਘਾੜਨ ਵਿਚ ਸਹਾਇਕ ਹੋ ਸਕਦਾ ਹੈ।ਸ਼ੇਕਸ-ਪੀਅਰ ਦੇ ਯੁਗ ਵਿਚ ਭੂਪਵਾਦ ਦਾ ਵਿਗੱਠਣ ਹੋ ਰਿਹਾ ਸੀ ਅਤੇ ਪੂੰਜੀਵਾਦੀ ਸਮਾਜ-ਪ੍ਰਬੰਧ ਸ਼ਕਤੀਸ਼ਾਲੀ ਹੋ ਰਿਹਾ ਸੀ। ਭੂਪਵਾਦ ਦੇ ਵਿਗੱਠਣ ਨਾਲ ਲੋਕਾਂ ਦਾ ਇਸ ਦੇ ਰਾਜਸੀ ਅਤੇ ਆਰਥਿਕ ਪੱਖਾਂ ਵਿਚ ਹੀ ਵਿਸ਼ਵਾਸ਼ ਨਹੀਂ ਸੀ ਉਡਣ ਲੱਗ ਗਿਆ, ਸਗੋਂ ਭੂਪਵਾਦੀ ਬੁਨਿਆਦ ਤੇ ਉਸਰੀ ਹੋਈ ਉਸਾਰੀ ਦੇ ਧਾਰਮਿਕ ਸਦਾਚਾਰਿਕ ਅਤੇ ਸਮਾਜਿਕ ਪੱਖਾਂ ਨਾਲ ਵੀ ਉਹਨਾਂ ਦੀ ਅਨੁਮਤੀ ਨਿਰਬਲ ਹੋਣ ਲਗ ਪਈ। ਸਮਾਜਿਕ ਵਾਤਾਵਰਤਣ ਵਿਚ ਉਤਪੰਨ ਹੋ ਰਹੇ ਇਸ ਸੰਕਟ ਨੇ ਸ਼ੇਕਸਪੀਅਰ ਦੇ ਮਨ ਵਿਚ ਇਕ ਅਤਿ ਡੂੰਘਾ ਸੰਕਟ ਪੈਦਾ ਕਰ ਦਿਤਾ ਅਤੇ ਇਹੀ ਸੰਕਟ ਉਸਦੀਆਂ ਸਾਰੀਆਂ ਸਾਹਿਤਕ ਰਚਨਾਵਾਂ ਦੀ ਬੁਨਿਆਦ ਹੈ। ਉਸ ਦੇ ਨਾਟਕਾਂ ਵਿਚ ਭੂਪਵਾਦੀ ਰੁਚੀਆਂ ਵਾਲੇ ਪਾਤਰ ਪੂੰਜੀਵਾਦੀ ਰੁਚੀਆਂ ਵਾਲੇ ਪਾਤਰਾਂ ਨਾਲ ਘੋਰ ਢੰਗ ਨਾਲ ਟਕਰਾਉਂਦੇ ਹਨ। ਇਸ ਸੰਘਰਸ਼ ਵਿਚੋਂ ਪੁਰਾਤਨ-ਈਸਾਈ-ਸਾਮਵਾਦੀ ਤੱਤ ਰਖਣ ਵਾਲੇ ਪਾਤਰ ਜਿਤਦੇ ਹਨ ਜਿਹੜੇ ਕਰਿਸਟਾਫਰ ਕਾਡਵੈਲ ਦੀ ਉਪਭਾਵਕਤਾ ਅਨੁਸਾਰ ਸਪਸ਼ਟ ਜੇਹੇ ਢੰਗ ਨਾਲ ਲੱਗ ਭੱਗ ਆਧੁਨਿਕ ਸਾਮਵਾਦੀਆਂ ਵਾਲਾ ਰੂਪ ਅਖਤਿਆਰ ਕਰ ਲੈਂਦੇ ਹਨ। ਕਈ ਆਰਥਿਕ ਸਮਾਜਿਕ ਅਤੇ ਰਾਜਸੀ ਕਾਰਨਾਂ ਕਰਕੇ ਰੂਸ ਦੇ ਭੂਪਵਾਦੀ ਪ੍ਰਬੰਧ ਦਾ ਵਿਗੱਠਣ ਵੀਹਵੀਂ ਸਦੀ ਦੇ ਅਰੰਭ ਤਕ ਵੀ ਨਾ ਹੋਇਆ। ਉਨੀਵੀਂ ਸਦੀ ਵਿਚ ਰੂਸ ਵਿਚ ਪੂੰਜੀਵਾਦੀ ਰੁਚੀਆਂ ਉਤਪੰਨ ਹੋਣ ਲੱਗ

ਗਈਆਂ ਸਨ ਪਰੰਤੂ ਉਹਨਾਂ ਦੀ ਮਹੱਤਤਾ ਦੂਤਕ ਹੀ ਸੀ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਚੱਲਤ ਭੂਪਵਾਦੀ ਪ੍ਰਬੰਧ ਦਾ ਹਿੱਸਾ ਬਣਾ ਲਿਆ ਸੀ ਅਤੇ ਭੂਪਵਾਦੀ ਪ੍ਰਬੰਧ ਨੂੰ ਘੱਟੋ ਘੱਟ ਉਹਨਾਂ ਤੋਂ ਕੋਈ ਖ਼ਤਰਾ ਨਹੀਂ ਸੀ। ਪਰੰਤੂ ਇਹ ਖ਼ਤਰਾ ਲੁੱਟ-ਖਸੁੱਟ ਤੇ ਆਧਾਰਤ ਇਸ ਪ੍ਰਬੰਧ ਨੂੰ ਉਸ ਕਿਸਾਨ ਕੋਲੋਂ ਹੋ ਸਕਦਾ ਸੀ ਜਿਸ ਦੀ ਲਹੂ ਪਸੀਨੇ ਦੀ ਮਿਹਨਤ ਉਪਰ ਭੂਪਵਾਦੀ ਪ੍ਰਬੰਧ ਕਾਇਮ ਸੀ। ਉਨੀਂਵੀ ਸਦੀ ਵਿਚ ਰੂਸ ਦੇ ਕਿਸਾਨਾਂ ਵਿਚ ਕੋਈ ਜਾਗ੍ਰਿਤੀ ਨਹੀਂ ਆਈ ਸੀ ਪਰੰਤੂ ਭੂਪ-ਵਾਦ ਦੇ ਵਿਗੱਠਨ ਦੀ ਸੰਭਾਵਨਾ ਨੇ ਤਾਲਸਤਾਏ ਦੇ ਮਨ ਵਿਚ ਸਾਰੀ ਉਮਰ ਇਕ ਅਤਿ ਡੂੰਘਾ ਸੰਕਟ ਪੈਦਾ ਕਰੀ ਰਖਿਆ ਅਤੇ ਵੀਹਵੀਂ ਸਦੀ ਵਿਚ ਆ ਕੇ ਹੋਣ ਵਾਲੇ ਵਿਗੱਠਨ ਦੀ ਭਵਿਸ਼-ਬਾਣੀ ਉਸ ਦੇ ਉਨੀਵੀਂ ਸਦੀ ਵਿਚ ਲਿਖੇ ਗਏ ਉਪਨਿਆਸਾਂ ਵਿਚੋਂ ਮਿਲਦੀ ਹੈ। ਆਪਣੀ ਐਸ਼ ਪੂਰਬਕ ਜ਼ਿੰਦਗੀ ਵਿੱਚ ਲੁੱਟ ਖਸੁੱਟ ਤੇ ਆਧਾਰਤ ਹੋਣ ਕਾਰਣ ਤਾਲਸਤਾਏ ਦੇ ਪਾਤਰ "ਕਸੂਰਵਾਰ ਹੋਣ ਦੀ ਭਾਵਨਾ" ਅਧੀਨ ਦੁਖਾਂਤ-ਭਰੀ ਨਿਰਾਸ਼ਾ ਦੇ ਸ਼ਿਕਾਰ ਹੋ ਜਾਂਦੇ ਹਨ, ਇਸ ਨਿਰਾਸ਼ਾ ਤੋਂ ਬਚਣ ਲਈ ਉਹ ਅਨੇਕ ਉਪਰਾਲੇ ਕਰਦੇ ਹਨ ਪਰੰਤੂ ਉਹਨਾਂ ਦੇ ਮਨਾਂ ਨੂੰ ਕੋਈ ਚੈਨ ਨਹੀਂ ਮਿਲਦਾ। ਉਹ ਸਾਧੂ ਬਣਦੇ ਹਨ, ਘਰ ਬਾਰ ਤਿਆਗ ਕੇ ਆਵਾਰਾ ਗਰਦੀ ਕਰਦੇ ਹਨ ਪਰ ਕਿਉਂਕਿ ਉਹ ਜਾਗੀਰਜਾਰੀ ਪ੍ਰਬੰਧ ਨੂੰ ਢਾਉਣ ਦਾ ਕੋਈ ਉਪਰਾਲਾ ਨਹੀਂ ਕਰਦੇ ਇਸ ਲਈ ਉਹਨਾਂ ਨੂੰ ਕੋਈ ਅਜੇਹਾ ਰਾਹ ਨਹੀਂ ਮਿਲਦਾ ਜਿਹੜਾ ਉਹਨਾਂ ਨੂੰ ਮਾਨਸਿਕ ਕਲੇਸ਼ਾਂ ਅਤੇ ਇਹਨਾਂ ਵਿਚੋਂ ਉਤਪੰਨ ਹੁੰਦੀ ਨਿਰਾਸ਼ਾ ਤੋਂ ਬਚਾ ਸਕੇ। ਠੀਕ ਹੈ ਕਿ ਉਹ ਆਪ ਜਾਗੀਰਦਾਰੀ ਪ੍ਰਬੰਧ ਨਹੀਂ ਢਾਹੁੰਦੇ ਅਤੇ ਇਸੇ ਵਿਚ ਵਿਚਰਦੇ ਹਨ ਪਰੰਤੂ ਉਹਨਾਂ ਦੀ 'ਕਸੂਰਵਾਰ ਹੋਣ ਦੀ ਭਾਵਨਾ' ਨਿਰਾਸ਼ਾ ਅਤੇ ਮਾਨਸਿਕ ਕਲੇਸ਼ ਭਵਿੱਖ ਵਿਚ ਹੋਣ ਵਾਲੇ ਇਸ ਪ੍ਰਬੰਧ ਦੇ ਵਿਗੱਠਣ ਦੀ ਭਵਿੱਖ-ਬਾਣੀ ਜ਼ਰੂਰ ਕਰ ਦਿੰਦੇ ਹਨ।

ਇਸ ਸਥਿਤੀ ਵਿਚ ਲੇਖਕ ਅੱਗੇ ਸਭ ਤੋਂ ਵਿਸ਼ੇਸ਼ ਸਮੱਸਿਆ ਬਾਹਰਲੇ ਅਨੁਭਵ ਅਤੇ ਅੰਦਰਲੀ ਉੱਥਲ ਪੁੱਥਲ ਵਿਚਕਾਰ ਸੁਮੇਲ ਪੈਦਾ ਕਰਨ ਦੀ ਹੈ ਕਿਉਂਕਿ ਕਲਾ ਆਂਦਿਰ ਮਲਰਾਉ ਦੇ ਕਹਿਣ ਅਨੁਸਾਰ ਬੰਦੇ ਅਤੇ ਘਟਨਾ ਨੂੰ ਉਸ ਤਰ੍ਹਾਂ ਦੇ ਦਿਖਾ ਦਿੰਦੀ ਹੈ ਜਿਸ ਤਰ੍ਹਾਂ ਦੇ ਉਹਨਾਂ ਨੂੰ ਦਿਖਾਉਣ ਦੀ ਪ੍ਰਮਾਤਮਾ ਦੀ ਮਰਜ਼ੀ ਨਹੀਂ ਹੁੰਦੀ। ਜਿਸ ਤਰ੍ਹਾਂ ਬੰਦੇ ਦੇ ਮਾਨਸਿਕ ਅਤੇ ਨਵਪਾ-ਸ਼ਾਨਿਕ ਯੁਗਾਂ ਦੀ ਗੂੰਜ ਆਉਂਦੀ ਹੈ ਇਸੇ ਤਰ੍ਹਾਂ ਕਲਾਤਮਿਕ ਢੰਗ ਨਾਲ ਪੇਸ਼ ਕੀਤੀਆਂ ਘਟਨਾਵਾਂ ਅਤੇ ਉਹਨਾਂ ਵਿਚ ਵਿਚਰਦੇ ਪਾਤਰਾਂ ਤੋਂ 'ਸਮੂਹਕ ਬੋਲ ਦੀ'। ਸਮੂਹਕ ਬੋਲ ਦਾ ਭਾਵ ਭੀੜ ਦੀ ਕਾਵਾਂ ਰੌਲੀ ਨਹੀਂ। ਇਸਦਾ ਮਤਲਬ ਹੈ ਪਾਤਰ ਦੇ ਵਿਅਕਤਿਤਵ ਵਿਚੋਂ ਉਹਨਾਂ ਦੇ ਇਤਿਹਾ-ਸਿਕ ਪਿਛੋਕੜ ਦੀ ਗੂੰਜ। ਸੋ ਸਾਹਿਤਕ ਲਿਖਤਾਂ ਵਿਚ ਅਜੋਕੇ ਸਮੇਂ ਦੇ ਬਹੁ-ਆਕਾਰਮਈ ਅੰਦੋ-ਲਨਾਂ ਨੂੰ ਪਾਤਰਾਂ ਦੇ ਰੂਪ ਵਿਚ ਢਾਲ ਦਿੱਤਾ ਜਾਂਦਾ ਹੈ। ਕਿਉਂਕਿ ਬਹੁ-ਆਕਾਰਮਈ ਅੰਦੋਲਨ ਦੀਆਂ ਜੜ੍ਹਾਂ ਸਦੀਆਂ ਦੇ ਇਤਿਹਾਸਿਕ ਪਿਛੋਕੜ ਵਿਚ ਹੁੰਦੀਆਂ ਹਨ। ਇਸ ਲਈ ਇਹ ਸਾਰਾ ਪਿਛੋ-ਕੜ ਰਚਨਾ ਵਿਚੋਂ ਗੂੰਜਣ ਲਗ ਪੈਂਦਾ ਹੈ। 'ਸਮੂਹਕ ਬੋਲ' ਪੈਦਾ ਕਰਨ ਦੇ ਰੂਪਕ ਢੰਗ ਵੀ ਹਨ। ਯੂਨਾਨੀ ਨਾਟਕਾਂ ਵਿਚ ਇਹ ਬੋਲ ਸਮਵੇਤਮਾਨ ਵਰਤਕੇ, ਸ਼ੈਕਸਪੀਅਰ ਵਿਚ ਇਹ ਪਲਾਟ ਨਾਲ ਉਪ-ਪਲਾਟ ਜੋੜ ਕੇ, ਦਸਤੋਵਸਕੀ ਵਿਚ ਬਹੁ-ਸਵਰਤਾ ਰਾਹੀਂ ਅਤੇ ਹਾਲਦਰ, ਲੈਕਸਨਸ ਦੇ ਨਾਵਲ 'ਸੁਤੰਤਰ ਲੋਕ' ਵਿਚ ਲੋਕ-ਗੀਤਾਂ ਦੇ ਟੋਟਕੇ ਵਰਤ ਕੇ ਪੈਦਾ ਕੀਤਾ ਗਿਆ ਹੈ। "ਸਮੂਹਕ ਬੋਲ" ਪੈਦਾ ਕਰਨ ਦੇ ਦੋ ਹੋਰ ਕਾਰਗਰ ਤਰੀਕੇ ਹਨ : ਪ੍ਰਤੀ-ਰੂਪਕਾਂ ਅਤੇ

ਮਿਥਿਹਾਸਿਕ ਕਹਾਣੀਆਂ ਦੀ ਵਰਤੋਂ । ਪਰੰਤੂ ਇਹਨਾਂ ਨੂੰ ਅਜੋਕੇ ਯੁੱਗ ਦੀ ਅਨੁਭਵੀ ਚੇਤੰਨਤਾ ਨਾਲ ਨਕੋ ਨੱਕ ਭਰਨਾ ਪਵੇਗਾ, ਨਹੀਂ ਤਾਂ ਇਹਨਾਂ ਉਪਰ ਉਸਾਰੀਆਂ ਸਾਹਿਤਕ ਲਿਖਤਾਂ ਪੁਰਾ-ਤਨ ਕਹਾਣੀਆਂ ਬਣ ਕੇ ਰਹਿ ਜਾਣਗੀਆਂ । ਕਿਉਂਕਿ ਬਾਹਰਲੇ ਵਾਤਾਵਰਣ ਵਿਚੋਂ ਲਏ ਗਏ ਅਨੁਭਵ ਨੂੰ ਕਲਾ ਦੀ ਪਿਉਂਦ ਚਾੜ੍ਹ ਦਿਤੀ ਜਾਂਦੀ ਹੈ ਅਤੇ ਇਸ ਵਿਚੋਂ "ਸਮੂਹਕ ਬੋਲ" ਦੀ ਗੂੰਜ ਆਉਣ ਲਗ ਪੈਂਦੀ ਹੈ ਇਸ ਲਈ ਇਹ ਅਨੁਭਵ ਮਨ ਵਿਚ ਨਵਾਂ ਰੂਪ ਅਖ਼ਤਿਆਰ ਕਰਦੀ ਪ੍ਰਵਿਰਤੀ ਜਾਂ ਨਵੇਂ ਬਣਦੇ ਵਿਚਾਰ-ਪ੍ਰਬੰਧ ਵਿਚ ਗਡਿਆ ਜਾਂਦਾ ਹੈ । ਇਸ ਤਰ੍ਹਾਂ ਸਾਹਿ-ਤਿਕ ਰਚਨਾ ਦਾ ਪਲਾਟ ਅੰਦਰਲੀ ਉੱਥਲ ਪੱਥਲ ਦਾ ਬਾਹਰੀ-ਸਮਾਨੰਤਰ ਪ੍ਰਤਿਰੂਪ ਬਣ ਜਾਂਦਾ ਹੈ । ਲੇਖਕ ਦੇ ਮਾਨਸਿਕ ਵਾਤਾਵਰਣ ਅਤੇ ਬਾਹਰਲੇ ਵਾਤਾਵਰਣ ਵਿਚਕਾਰ ਬਾਹਰੀ-ਸਮਾਨੰਤਰ-ਪ੍ਰਤਿਰੂਪ ਦੇ ਸਥਾਪਿਤ ਹੋ ਜਾਣ ਕਾਰਣ ਰਚਨਾ ਲੇਖਕ ਦੇ ਆਪੇ ਦਾ ਵੀ ਪ੍ਰਗਟਾਵਾ ਕਰ ਦਿੰਦੀ ਹੈ ਅਤੇ ਅਜੋਕੇ ਸਮੇਂ ਦੀ ਇਤਿਹਾਸਿਕ ਸਥਿਤੀ ਨੂੰ ਵੀ ਰੂਪਮਾਨ ਕਰ ਦਿੰਦੀ ਹੈ ਅਤੇ ਅਜੋਕੇ ਸਮੇਂ ਦੀ ਇਤਿਹਾਸਕ ਸਥਿਤੀ ਦੀ ਕਲਾਤਮਿਕ ਤਸਵੀਰ ਸਾਹਿਤਕ ਰਚਨਾ ਦੇ ਦੋ ਪਾਸੇ ਬਣ ਜਾਂਦੇ ਹਨ ।

ਕਿਉਂਕਿ ਸ੍ਵੈ-ਪ੍ਰਗਟਾਵਾ ਸਾਹਿਤਕ ਰਚਨਾ ਦਾ ਅਨਿਖੜਵਾਂ ਅੰਗ ਹੁੰਦਾ ਹੈ ਇਸ ਲਈ ਸਾਹਿਤਕ ਰਚਨਾ ਇਕ ਪ੍ਰਕਾਰ ਦੀ ਦਾਰਸ਼ਨਿਕ ਚੁਗਾਠ ਵਿਚ ਜੜੀ ਜਾਂਦੀ ਹੈ । ਇਸ ਨਾਲ ਰਚਨਾ ਦੇ ਕਲਾਤਮਿਕ ਪੱਖ ਉਤੇ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਪੈਂਦਾ ।ਦਰਅਸਲ ਇਹ ਪੱਖ ਉਘੜਦਾ ਹੀ ਤਦ ਹੈ ਜੇ ਇਹ ਚੁਗਾਠ ਹੋਵੇ । ਦਾਰਸ਼ਨਿਕ ਚੁਗਾਠ ਵਿਚ ਜੜੀ ਹੋਈ ਇਤਿ-ਹਾਸਕ ਸਥਿਤੀ ਦੀ ਕਲਾਤਮਿਕ ਤਸਵੀਰ ਅਜੇਹੇ ਯਥਾਰਥਵਾਦ ਨਾਲ ਨੱਕੋ ਨੱਕ ਭਰਪੂਰ ਹੁੰਦੀ ਹੈ ਜਿਸਨੂੰ ਯੀਟਸ ਨੇ ਸ਼ੈਕਸਪੀਅਰ ਦੇ ਦੁਖਾਂਤਾਂ ਦਾ ਅਧਿਐਨ ਕਰ ਕੇ "ਸੰਵੇਦਨਾ ਭਰਪੂਰ ਯਥਾਰ-ਥਵਾਦ" ਕਿਹਾ ਹੈ । ਜਦੋਂ ਕਿਸੇ ਕਾਰਣ ਕਰਕੇ ਅੰਤਰੀਵ ਰੂਪ ਵਿਚਕਾਰਲਾ ਅਨਿਖੜਵਾਂ ਸੰਬੰਧ ਟੁਟ ਜਾਂਦਾ ਹੈ ਤਾਂ ਵਖੋ ਵਖਰੇ ਪ੍ਰਯੋਗ ਹੋਣ ਲਗ ਜਾਂਦੇ ਹਨ ।

ਜਿਹੜੇ ਲੇਖਕ ਅੰਤਰੀਵ ਰੂਪ ਨੂੰ ਜ਼ਿਆਦਾ ਮਹੱਤਤਾ ਦਿੰਦੇ ਹਨ ਉਹ ਪ੍ਰਤੀਕਵਾਦੀ, ਪਰ-ਯਥਾਰਥਵਾਦੀ, ਪ੍ਰਗਟਾਉਵਾਦੀ ਅਤੇ Abstract Art ਦੇ ਸਮਰਥਕ ਬਣ ਜਾਂਦੇ ਹਨ । ਜਿਹੜੇ ਲੇਖਕ ਬਾਹਰੀ ਰੂਪ ਨੂੰ ਜ਼ਿਆਦਾ ਮਹੱਤਤਾ ਦਿੰਦੇ ਹਨ ਉਹ ਪ੍ਰਕਿਰਤੀਵਾਦੀ, ਪ੍ਰਭਾਵਵਾਦੀ ਆਦਿਕ ਬਣ ਜਾਂਦੇ ਹਨ । ਕਹਿਣ ਤੋਂ ਇਹ ਭਾਵ ਨਹੀਂ ਕਿ ਸੰਵੇਦਨਾ-ਭਰਪੂਰ ਯਥਾਰਥਵਾਦ ਦਾ ਦ੍ਰਿਸ਼ਟੀਕੋਣ ਅਹਿਲ ਹੈ ਅਤੇ ਇਸਦੇ ਖੇਤਰ ਵਿਚ ਪ੍ਰਯੋਗਾਂ ਦੀ ਗੁੰਜਾਇਸ਼ ਨਹੀਂ । ਦਰਅਸਲ ਸਥਾਈ ਅਤੇ ਚਿਰੰਜੀਵ ਪ੍ਰਯੋਗ ਤਾਂ ਹੋਏ ਹੀ ਏਸ ਖੇਤਰ ਵਿਚ ਹਨ । ਮਿਸਾਲ ਦੇ ਤੌਰ ਤੇ ਯੂਨਾਨੀ ਨਾਟਕ ਦਾ ਰੂਪ ਇਤਿਹਾਸਿਕ ਸਥਿਤੀਆਂ ਅਨੁਸਾਰ ਬਦਲਦਾ ਸ਼ੈਕਸਪੀਅਰ ਦੇ ਨਾਟਕਾਂ ਦਾ ਰੂਪ ਅਤੇ ਵੀਹਵੀਂ ਸਦੀ ਵਿਚ ਬਰੈਸ਼ਟ ਦੇ ਮਹਾਨ ਦੁਖਾਂਤਾਂ ਦਾ ਰੂਪ ਧਾਰ ਲੈਂਦਾ ਹੈ । ਇਸੇ ਤਰ੍ਹਾਂ ਟਾਮਸ ਮਨ ਦੇ ਉਪਨਿਆਸਾਂ ਦੇ ਗੁੰਝਲਦਾਰ ਰੂਪ ਦੀਆਂ ਜੜ੍ਹਾਂ ਸਕਾਟ ਅਤੇ ਬਾਲਜ਼ਕ ਦੇ ਉਪ-ਨਿਆਸਾਂ ਦੇ ਰੂਪ ਵਿਚ ਸਨ । ਪ੍ਰਯੋਗਵਾਦ ਦਾ ਦੁਖਾਂਤ ਇਹ ਹੈ ਕਿ ਇਸ ਦਾ ਬਾਹਰੀ-ਰੂਪ ਅਤੇ ਅੰਤਰੀਵ-ਰੂਪ ਵਿਚਕਾਰ ਸਦਾ-ਪ੍ਰਚਲਤ ਖਿੱਚੋਤਾਣ ਵਿਚ ਵਿਸ਼ਵਾਸ਼ ਨਹੀਂ । ਇਹ ਉਹਨਾਂ ਨੂੰ ਇਕ ਦੂਸਰੇ ਦੇ ਪੂਰਨ -ਵਿਰੋਧ ਸੀਰਸ਼ ਮੰਨਦਾ ਹੈ ਅਤੇ ਇਸੇ ਕਾਰਣ ਪ੍ਰਯੋਗਵਾਦੀ ਲਿਖਤਾਂ ਵਿਚ ਉਲਾਰ ਹੈ । ਇਸ ਉਲਾਰ ਕਾਰਣ ਹੀ ਪ੍ਰਯੋਗ ਚਿਰੰਜੀਵ ਨਹੀਂ ਹੋ ਸਕੇ ।

ਰਚੰਨਾ ਦਾ ਪਾਠਕ ਦੇ ਮਨ ਉਤੇ ਜੋ ਪ੍ਰਭਾਵ ਪੈਂਦਾ ਹੈ ਇਹ ਵੀ ਮਨੋਵਿਗਿਆਨਿਕ ਆਲੋਚਨਾ ਦੇ ਅਧਿਅਨ ਦੇ ਖੇਤਰ ਵਿਚ ਹੀ ਆਉਂਦਾ ਹੈ । ਵਿਗਿਆਨਕ ਪ੍ਰਕਾਰ ਦੇ ਮਨੋਵਿਗਿਆਨਿਕ ਨਜ਼ਰੀਏ ਅਨੁਸਾਰ ਸਾਹਿਤਕ ਰਚਨਾਵਾਂ ਪਾਠਕ ਦੇ ਮਨ ਵਿਚ ਆਪਣੇ ਵਿਸ਼ੇ ਅਨੁਸਾਰ ਭੈ, ਕਰੁਣਾ, ਅਨੰਦ ਅਤੇ ਇਹਨਾਂ ਨਾਲ ਸਬੰਧਤ ਭਾਵਨਾਵਾਂ ਜਗਾਉਂਦੀਆਂ ਹਨ, ਪਰੰਤੂ ਇਹਨਾਂ ਰਾਹੀਂ ਪਾਠਕ ਦੇ ਮਨ ਵਿਚ ਅਜੇਹੀ ਚੇਤੰਨਤਾ ਜਾਗ ਪੈਂਦੀ ਹੈ ਜਿਹੜੀ ਸਵੈ-ਵਿਸ਼ਵਾਸ਼ ਅਤੇ ਮਾਨਵਤਾ ਪ੍ਰਤੀ–ਅਨੁਮਤੀ ਨਾਲ ਭਰਪੂਰ ਹੁੰਦੀ ਹੈ। ਇਹ ਉਪਰੋਕਤ ਭਾਵਨਾਵਾਂ ਨਾਲੋਂ ਸਥਾਈ ਕਿਤੇ ਜ਼ਿਆਦਾ ਹੁੰਦੀ ਹੈ। ਇਹ ਚੇਤੰਨਤਾ ਵਿਰੋਧਾਤਮਕ ਢੰਗ ਨਾਲ ਉਹ ਸਾਹਿੱਤਕ ਰਚਨਾਵਾਂ ਵੀ ਉਪਜਾ ਦਿੰਦੀ ਹੈ ਜਿਹੜੀਆਂ ਉਹਨਾਂ ਅਨੁਭਵਾਂ ਨੂੰ ਰੂਪਮਾਨ ਕਰਦੀਆਂ ਹਨ ਜਿਨ੍ਹਾਂ ਨੂੰ ਫ਼ਰਾਇਡ ਤੇ ਐਡਲਰ ਨੇ ਆਪੇਖ ਸਮਝ ਕੇ ਆਪਣੇ ਮਨੋਵਗਿਆਨਿਕ ਸਿਧਾਂਤਾਂ ਦਾ ਪਿਛੋਕੜ ਬਣਾਇਆ ਹੈ। ਸੋ ਰਚਨਾ ਦਾ ਪਾਠਕ ਦੇ ਮਨ ਉਤੇ ਪ੍ਰਭਾਵ ਕੇਵਲ ਅਰਸਤੂ ਦੇ ਕਰੁਣਾ ਅਤੇ ਭੈ ਵਾਲਾ, ਰਿਚਰਡਜ਼ ਦੇ ਮਨੋਵਗਿਆਨਕ ਤਣਾਉ ਵਾਲਾ ਅਤੇ ਯੀਟਸ ਦੇ ਤਰਾਸਿਦ ਅਨੰਦ ਵਾਲਾ ਹੀ ਨਹੀਂ ਹੁੰਦਾ। ਸਾਹਿਤਕ ਰਚਨਾਵਾਂ ਦਾ ਅਧਿਐਨ ਆਪਣੇ ਸੁਭਾਅ ਅਨੁਸਾਰ ਇਹ ਅਤੇ ਇਹਨਾਂ ਦੇ ਨਾਲ ਲਗਦੀਆਂ ਭਾਵਨਾਵਾਂ ਉਪਜਾਉਂਦਾ ਹੈ ਪਰੰਤੂ ਇਹ ਭਾਵਨਾਵਾਂ ਸਵੈ–ਵਿਸ਼ਵਾਸ਼ ਅਤੇ ਮਾਨਵਤਾ–ਪ੍ਰਤੀ–ਅਨੁਮਤੀ ਦੀਆਂ ਹੈ। ਇਹਨਾਂ ਭਾਵਨਾਵਾਂ ਦੇ ਸਥਾਈ ਹੋਣ ਕਾਰਣ ਹੀ ਮਾਨਵ ਆਪਣੇ ਪ੍ਰਕਿਰਤੀ ਵਿਰੁਧ ਸੰਘਰਸ਼ ਵਿਚ ਸਫਲ ਹੁੰਦਾ ਜਾ ਰਿਹਾ ਹੈ ਅਤੇ ਹੁਣ ਤੱਕ ਦਾ ਇਤਿਹਾਸ ਇਸ ਸਫਲਤਾ ਦਾ ਗਵਾਹ ਹੈ।

ਸੋ ਜਿੰਨੀ ਯੋਗਤਾ ਨਾਲ ਲੇਖਕ ਬਾਹਰੀ ਰੂਪ ਵਿਚ ਅਜੋਕੇ ਸਮੇਂ ਦਿਆਂ ਬਹੁਆਕਾਰਮਈ ਅੰਦੋਲਨਾਂ ਨੂੰ ਸਮੋਏਗਾ ਅਤੇ ਉਸ ਨੂੰ ਉਸ ਅੰਤਰੀਵ–ਰੂਪ ਦਾ ਬਾਹਰੀ-ਸਮਾਨੰਤਰ-ਪ੍ਰਤਿਰੂਪ ਬਣਾਏਗਾ, ਉੱਨੀ ਹੀ ਉਸਦੀ ਰਚਨਾ ਮਹਾਨ ਹੋਵੇਗੀ। ਰਚਨਾ ਦੀ ਮਹਾਨਤਾ ਦਾ ਅੰਦਾਜ਼ਾ ਲਾਉਣਾ ਆਲੋਚਕ ਦਾ ਕੰਮ ਹੈ। ਇਸ ਮੰਤਵ ਅਧੀਨ ਉਸ ਨੂੰ ਵੱਖੋ ਵੱਖਰੇ ਪੱਖ ਆਲੋਚਨਾਤਮਕ ਨਜ਼ਰੀਏ ਅਧੀਨ ਲਿਆਉਣੇ ਪੈਣਗੇ। ਇਹ ਡੂੰਘਾ ਅਤੇ ਵਿਸ਼ਾਲ ਕੰਮ ਇਕ ਪ੍ਰਕਾਰ ਦਾ ਆਲੋਚਨਾਤਮਕ ਨਜ਼ਰੀਆਂ ਤਾਂ ਨਹੀਂ ਕਰ ਸਕਦਾ। ਇਹ ਵੀ ਨਹੀਂ ਹੋ ਸਕਦਾ ਕਿ ਵੱਖੋ ਵੱਖਰੇ ਪੱਖਾਂ ਨੂੰ ਵੱਖੋ ਵੱਖਰੇ ਆਲੋਚਨਾਤਮਕ ਨਜ਼ਰੀਆਂ ਅਨੁਸਾਰ ਪਰਖ ਲਿਆ ਜਾਵੇ ਅਤੇ ਉਹਨਾਂ ਵਿਚਲੇ ਪਰਸਪਰ ਸੰਬੰਧ ਉਘਾੜ ਕੇ ਉਹਨਾਂ ਨੂੰ ਇਕ ਏਕਤਾ ਵਿਚ ਨਾ ਢਾਲਿਆ ਜਾਵੇ। ਆਲੋਚਨਾ ਦਾ ਉਪਰੋਕਤ ਕੰਮ "ਸੰਪੂਰਣ ਆਲੋਚਨਾਤਮਕ ਦ੍ਰਿਸ਼ਟੀਕੋਣ" ਵਿਸ਼ੇਸ਼ ਯੋਗਤਾ ਨਾਲ ਕਰ ਸਕਦਾ ਹੈ ਕਿਉਂਕਿ ਇਹ ਦਾਰਸ਼ਨਿਕ, ਸੁਹਜਾਤਮਕ, ਰੂਪਕ ਅਤੇ ਮਨੋਵਿਗਿਆਨਿਕ ਦ੍ਰਿਸ਼ਟੀਕੋਣਾਂ ਦਾ ਸੰਸਲੇਸ਼ਣ ਹੈ।

*

ਚੰਦਰਬਲੀ ਸਿੰਘ

# ਸਾਹਿਤ ਵਿਚ ਯਥਾਰਥ ਨਵੀਆਂ ਪ੍ਰਸਥਿਤੀਆਂ ਵਿਚ ਨਵੀਂ ਵਿਆਖਿਆ

ਯਥਾਰਥ ਵਸਤੂਗਤ ਹੁੰਦਿਆਂ ਹੋਇਆਂ ਵੀ ਹਰਿਕ ਵਿਅਕਤੀ ਲਈ ਆਤਮਗਤ ਰੂਪ ਵਿਚ ਹੀ ਪ੍ਰਗਟ ਹੁੰਦਾ ਹੈ। ਜੇ ਵਿਅਕਤੀ ਪ੍ਰੰਪਰਾ ਤੇ ਰੂੜੀਗਤ ਸੰਸਕਾਰਾਂ ਤੋਂ ਪ੍ਰਭਾਵਤ ਹੈ ਤਾਂ ਸੁਭਾਵਕ ਹੈ ਕਿ ਉਸਦੀ ਯਥਾਰਥ ਦੀ ਸਮਝ ਵੀ ਉਹਨਾਂ ਤੋਂ ਪ੍ਰਭਾਵਤ ਹੋਵੇਗੀ। ਪ੍ਰੰਪਰਾ ਤੇ ਰੂੜੀਗਤ ਸੰਸ-ਕਾਰਾਂ ਦੇ ਘੇਰੇ ਵਿਚ ਰਹਿਕੇ ਹਰ ਵਿਅਕਤੀ ਯਥਾਰਥ ਨੂੰ ਅਧੂਰੇ, ਓਪਰੇ ਤੇ ਵਿਕਰਤ ਰੂਪ ਵਿਚ ਹੀ ਵੇਖ ਸਕਦਾ ਹੈ। ਉਹ ਯਥਾਰਥ ਦੀ ਸਥਿਤੀ ਵਿਚ ਨਵੇਂ ਤੱਤਾਂ, ਜਾਂ ਦੂਸਰੇ ਸ਼ਬਦਾਂ ਵਿਚ, ਯਥਾ-ਰਥ ਦੀ ਵਿਕਾਸਸ਼ੀਲ ਪ੍ਰਕ੍ਰਿਆ ਦੀ ਸੋਝੀ ਨਹੀਂ ਪਾ ਸਕਦਾ।

ਪਰ ਏਥੇ ਇਕ ਗੱਲ ਹੋਰ ਜੋੜਨੀ ਹੋਵੇਗੀ। ਉਹ ਇਹ ਕਿ ਇਕ ਬੰਨੇ ਪ੍ਰੰਪਰਾ ਜਾਂ ਰੂੜ ਸੰਸਕਾਰਾਂ ਅਤੇ ਦੂਸਰੇ ਬੰਨੇ ਯਥਾਰਥ ਵਿਚਕਾਰ ਸਬੰਧ ਸੰਤੁਲਨ ਦਾ ਨਹੀਂ, ਸਗੋਂ ਨਿਰੰਤਰ ਦਵੰਦ ਦਾ, ਸੰਘਰਸ਼ ਦਾ ਹੁੰਦਾ ਹੈ। ਪੁਰਾਣੇ ਤੇ ਨਵੇਂ ਵਿਚ ਇਹੀ ਲਾਜ਼ਮੀ ਦਵੰਦ ਯਥਾਰਥ ਦੇ ਵਿਕਾਸ ਦਾ ਨਿਯਮ ਹੈ।

ਇਸਦਾ ਅਰਥ ਇਹ ਹੋਇਆ ਕਿ ਪ੍ਰੰਪਰਾ ਤੇ ਰੂੜੀਗਤ ਸੰਸਕਾਰਾਂ ਅਤੇ ਯਥਾਰਥ ਦੀਆਂ ਚਿਰਕਾਲ ਤਕ ਪ੍ਰੀਵਰਤਣ ਰਹਿਤ ਸਥਿਤੀਆਂ ਦੀ ਕਲਪਣਾ ਨਹੀਂ ਕੀਤੀ ਜਾ ਸਕਦੀ। ਜੇ ਪ੍ਰੰਪਰਾ ਤੇ ਰੂੜੀਗਤ ਸੰਸਕਾਰ ਯਥਾਰਥ ਦੇ ਅਨੁਭਵ ਵਿਚ ਰੁਕਾਵਟ ਪਾਉਂਦੇ ਹਨ ਤਾਂ ਯਥਾਰਥ ਦਾ ਬੋਧ ਉਹਨਾਂ ਦਾ ਨਿਖੇਧ ਵੀ ਕਰਦਾ ਹੈ। ਇਸ ਪ੍ਰਕ੍ਰਿਆ ਦੀ ਸੀਮਾ ਤੇ ਰਫਤਾਰ ਲੇਖਕ ਦੀ ਜਾਗ੍ਰਤੀ, ਤੇ ਈਮਾਨਦਾਰੀ, ਉਸਦੀ ਸ਼ਰੈਣਿਕ ਸਥਿਤੀ, ਉਸ ਦੇ ਸਮੇਂ ਸ਼ਰੈਣੀ ਘੋਲ ਦੀ ਤੀਖਣਤਾ

ਅਤੇ ਸਮਾਜਕ ਵਿਕਾਸ ਦੇ ਦੌਰ ਦੁਆਰਾ ਨਿਰਧਾਰਤ ਹੁੰਦੀ ਹੈ। ਪ੍ਰੰਪਰਾ ਤੇ ਰੂੜ੍ਹੀਗਤ ਸੰਸਕਾਰਾਂ ਦੇ ਬਾਵਜੂਦ ਲੇਖਕ ਤੇ ਕਲਾਕਾਰ ਜਿਸ ਹੱਦ ਤਕ ਯਥਾਰਥ ਨੂੰ ਰੂਪਮਾਨ ਕਰ ਸਕਦਾ ਹੈ ਉਸ ਹੱਦ ਤਕ ਉਹ ਕਰਾਂਤੀਸ਼ੀਲ ਹੈ, ਕਿਉਂਕਿ ਯਥਾਰਥਵਾਦ ਕੇਵਲ ਰਚਨਾਤਮਕ ਵਿਧੀ ਹੀ ਨਹੀਂ ਸਗੋਂ ਪਦਾਰਥਕ ਜਗਤ ਨੂੰ ਪਛਾਨਣ ਦੀ ਵਿੱਧੀ ਵੀ ਹੈ।

ਉਦਾਹਰਣ ਵਜੋਂ ਅਸੀਂ ਪੂੰਜੀਵਾਦ ਵਿਚ ਵਿਕਸਤ ਆਲੋਚਨਾਤਮਕ ਯਥਾਰਥਵਾਦ (Critical realisn) ਦੀ ਵਿਧੀ ਨੂੰ ਲੈ ਸਕਦੇ ਹਾਂ। ਇਸ ਵਿਧੀ ਦੇ ਮਹਾਨ ਰਚਨਹਾਰਿਆਂ ਜਿਵੇਂ ਬਾਲਜ਼ਾਕ ਤੇ ਜ਼ੋਲਾ ਨੇ, ਪੂੰਜੀਵਾਦੀ ਸਮਾਜ ਦੇ ਅਨਿਆਂ, ਸੋਸ਼ਨ ਤੇ ਗਿਰੇ ਹੋਏ ਰੂਪਾਂ ਵਲ ਆਲੋਚਨਾਤਮਕ ਦ੍ਰਿਸ਼ਟੀਕੋਣ ਅਪਨਾਇਆ, ਪਰੰਤੂ ਆਪਣੇ ਸ਼ਰੈਣਿਕ ਸੰਸਕਾਰਾਂ ਤੇ ਸਮਾਜਕ ਵਿਕਾਸ ਦੇ ਪ੍ਰਾਪਤ ਪੱਧਰ ਕਾਰਨ ਉਹ ਵਿਅਕਤੀਵਾਦੀ ਵਿਦਰੋਹੀ ਨਾਇਕਾਂ ਨੂੰ ਪੇਸ਼ ਕਰਨ ਤੋਂ ਬਿਨਾਂ ਪੂੰਜੀਵਾਦੀ ਸਮਾਜ ਤੋਂ ਮੁਕਤੀ ਦਾ ਰਾਹ ਨਹੀਂ ਵਿਖਾ ਸਕੇ। ਇਸੇ ਤਰ੍ਹਾਂ ਤਾਲਸਤਾਏ, ਜਿਸਦੇ ਯਥਾਰਥਵਾਦੀ ਚਿਤਰਣਾਂ ਦੇ ਕਾਰਨ ਲੈਨਿਨ ਨੇ ਉਸਨੂੰ "ਰੂਸੀ ਕ੍ਰਾਂਤੀ ਦਾ ਦਰਪਣ" ਕਿਹਾ ਸੀ, ਈਸਾਈਅਤ ਦੇ ਸੰਸਕਾਰਾਂ ਕਾਰਨ ਅਨਿਆ ਅੱਗੇ ਆਤਮ ਸਮਰਪਣ ਤੋਂ ਬਿਨਾਂ ਕਿਸਾਨਾਂ ਦੀ ਮੁਕਤੀ ਦਾ ਕੋਈ ਹੋਰ ਰਾਹ ਨਹੀਂ ਸੁਝਾ ਸਕਿਆ। ਇਹਨਾਂ ਲੇਖਕਾਂ ਦੇ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਉਹਨਾਂ ਕੇ ਯਥਾਰਥ ਬੋਧ ਨੂੰ ਨੁਕਸਦਾਰ ਬਣਾਉਂਦੀਆਂ ਹਨ।

ਦੂਸਰੇ ਬੰਨੇ ਯਥਾਰਥ ਬੋਧ ਕਿਵੇਂ ਪ੍ਰੰਪਰਾ ਤੇ ਰੂੜ੍ਹੀਗਤ ਸੰਸਕਾਰਾਂ ਨੂੰ ਤੋੜਦਾ ਹੈ, ਇਸਦੀ ਉਦਾਹਰਣ ਲਈ, ਅਸੀਂ ਪਰੇਮ ਚੰਦ ਨੂੰ ਲੈ ਸਕਦੇ ਹਾਂ। ਪਰੇਮ ਚੰਦ ਦੇ ਮੁਢਲੇ ਯਥਾਰਥ ਅਨੁਭਵ ਦੀ ਕਮਜ਼ੋਰੀ ਦੀ ਜੜ੍ਹ ਵਿਚ ਉਸਦਾ ਧਾਰਮਿਕ, ਸੁਧਾਰਵਾਦੀ, ਗਾਂਧੀਵਾਦੀ ਦ੍ਰਿਸ਼ਟੀਕੋਣ ਸੀ। ਪਰ ਉਸਦੀਆਂ ਮਗਰੋਂ ਦੀਆਂ ਰਚਨਾਵਾਂ ਵਿਚ, ਵਿਸ਼ੇਸ਼ ਕਰਕੇ ਅਧੂਰੇ "ਮੰਗਲਸੂਤਰ" ਵਿਚ, ਭਾਰਤੀ ਕਿਸਾਨਾਂ ਤੇ ਮਜ਼ਦੂਰਾਂ ਦੇ ਅੰਦੋਲਨਾਂ ਦਾ ਪ੍ਰਭਾਵ ਸਪਸ਼ਟ ਹੈ। ਉਹਨਾਂ ਦੇ ਘੋਲਾਂ ਨੇ ਪਰੇਮ ਚੰਦ ਦੇ ਯਥਾਰਥ ਬੋਧ ਨੂੰ ਵਧੇਰੇ ਭਰਪੂਰ, ਡੂੰਘਾ ਤੇ ਵਿਗਿਆਨਕ ਬਣਾਇਆ ਜਿਸਦੇ ਫਲ ਸਰੂਪ ਉਸਦੇ ਮੁਢਲੇ ਸੁਧਾਰਵਾਦੀ, ਗਾਂਧੀਵਾਦੀ ਦ੍ਰਿਸ਼ਟੀਕੋਣ ਵਿਚ ਵਿਆਪਕ ਪ੍ਰੀਵਰਤਣ ਹੋਇਆ।

ਅੱਜ ਦਾ ਸਮਾਜ ਵਿਸ਼ਵ-ਵਿਆਪੀ ਪੱਧਰ ਉਪਰ ਕੌਮੀ ਅਜ਼ਾਦੀ, ਲੋਕ ਕ੍ਰਾਂਤੀਆਂ ਤੇ ਸਮਾਜਵਾਦੀ ਕ੍ਰਾਂਤੀਆਂ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਵਿਸ਼ਵ ਵਿਆਪੀ ਪੱਧਰ ਉਪਰ ਸਾਮੰਤਵਾਦ, ਪੂੰਜੀਵਾਦ ਤੇ ਸਾਮਰਾਜਵਾਦ ਸੰਕਟਗ੍ਰਸਤ ਹਨ, ਉਹ ਵਿਗਠਤ ਹੋ ਰਹੇ ਹਨ। ਇਹਨਾਂ ਸ਼ਕਤੀਆਂ ਵਿਚਾਲੇ ਸੰਘਰਸ਼ ਦੀ ਤੀਬਰਤਾ ਦੇ ਨਾਲ ਨਾਲ ਸਿਧਾਂਤਕ ਅਥਵਾ ਦ੍ਰਿਸ਼ਟੀਕੋਣਾਂ ਦੇ ਸੰਘਰਸ਼ ਵਿਚ ਤੀਬਰਤਾ ਆਈ ਹੈ। ਸਾਮੰਤਵਾਦ, ਪੂੰਜੀਵਾਦ ਤੇ ਸਾਮਰਾਜਵਾਦ ਆਪਣੇ ਵਿਗਠਨ ਦੀ ਪ੍ਰਕ੍ਰਿਆ ਨੂੰ ਰੋਕਣ ਲਈ ਤੇ ਵਿਕਾਸ ਦੀਆਂ ਸ਼ਕਤੀਆਂ ਨੂੰ ਨਿਹੱਥਾ ਕਰਨ ਤੇ ਹਾਰ ਦੇਣ ਲਈ ਕਈ ਪਰਕਾਰ ਦੇ ਸਿਧਾਂਤਕ ਕਥਨਾਂ ਦਾ ਸਹਾਰਾ ਲੈ ਰਹੇ ਹਨ। ਉਹਨਾਂ ਦਾ ਮੁਖ ਉਦੇਸ਼ ਵਰਤਮਾਨ ਜੀਵਨ ਦੇ ਯਥਾਰਥ ਬਾਰੇ ਲੋਕਾਂ ਨੂੰ ਗੁਮਰਾਹ ਕਰਨਾ ਹੈ। ਉਹਨਾਂ ਵਿਚ ਅੱਜ ਦੀਆਂ ਮਹਾਨ ਕ੍ਰਾਂਤੀਕਾਰੀ ਸੰਭਾਵਨਾਵਾਂ ਪ੍ਰਤੀ ਅਵਿਸ਼ਵਾਸ਼ ਪੈਦਾ ਕਰਨਾ ਤੇ ਪ੍ਰੀਵਰਤਣ ਲਈ ਉਹਨਾਂ ਦੇ ਸੰਘਰਸ਼ ਦੀ ਇੱਛਾ ਸ਼ਕਤੀ ਨੂੰ ਤੋੜਨਾ ਹੈ। ਪੂੰਜੀਵਾਦ ਦਾ ਹਿੰਸਕ ਪਰਬੰਧ, ਉਸਦੀ ਅਰਾਜਕਤਾ, ਉਸ ਵਿਚ ਅਸਥਿਰ ਸਥਿਤੀ, ਉਸ ਵਲੋਂ ਵਿਅਕਤੀ ਵਿਚ ਪੈਦਾ ਕੀਤੀ ਅਜਨਬੀਪੁਣੇ

ਦੀ ਭਾਵਨਾ ਨੂੰ ਅਧਾਰ ਬਣਾ ਕੇ ਅਧਿਆਤਮਵਾਦੀ ਦ੍ਰਿਸ਼ਟੀਕੋਣਾਂ ਨੂੰ ਪਰਚਾਰਿਆ ਜਾ ਰਿਹਾ ਹੈ। ਸਾਹਿਤ ਤੇ ਕਲਾ ਵਿਚ ਇਕ ਤੋਂ ਪਿਛੋਂ ਦੂਜੇ 'ਆਧੁਨਿਕਤਾਵਾਦੀ' ਅੰਦੋਲਨ ਦਾ ਜਨਮ ਪੂੰਜੀਵਾਦੀ ਸਾਮਰਾਜਵਾਦੀ ਸੰਸਕ੍ਰਿਤੀ ਉੱਤੇ ਛਾਏ ਹੋਏ ਸੰਕਟ ਦਾ ਸੰਕੇਤ ਤਾਂ ਹੈ ਹੀ, ਉਸ ਦੇ ਨਾਲ ਨਾਲ ਇਸ ਗੱਲ ਦਾ ਵੀ ਸੰਕੇਤਕ ਹੈ ਕਿ ਪੂੰਜੀਵਾਦ ਸਾਮਰਾਜਵਾਦ ਵਿਚ ਹੁਣ ਏਨਾ ਸਾਹਸ ਨਹੀਂ ਕਿ ਉਹ ਯਥਾਰਥ ਦਾ ਸਾਹਮਣਾ ਕਰ ਸਕੇ, ਉਸਨੂੰ ਝੱਲ ਸਕੇ। ਯਥਾਰਥ ਨੂੰ ਵਿਕਰਤ ਕਰਨ ਤੋਂ ਬਿਨਾਂ ਉਸਨੂੰ ਆਪਣੀ ਰਖਿਆ ਦਾ ਦੂਸਰਾ ਉਪਾਅ ਨਹੀਂ ਸੁਝਦਾ।

ਸਾਡੇ ਦੇਸ਼ ਵਿਚ ਸਮਾਜਕ ਵਿਕਾਸ ਦੇ ਨਵੇਂ ਦੌਰ ਵਿਚ ਜੋ ਨਵੇਂ ਅਵਰੋਧ ਸਾਹਮਣੇ ਆ ਰਹੇ ਹਨ ਉਹਨਾਂ ਦਾ ਆਧਾਰ ਰਾਸ਼ਟਰੀ ਪੱਧਰ ਉਪਰ ਸਾਮੰਤਵਾਦ ਤੇ ਪੂੰਜੀਵਾਦ ਅਤੇ ਅੰਤਰ-ਰਾਸ਼ਟਰੀ ਪੱਧਰ ਉਪਰ ਸਾਮਰਾਜ ਉਤੇ ਛਾਇਆ ਗੰਭੀਰ ਆਰਥਕ,ਰਾਜਨੀਤਕ ਤੇ ਸਾਂਸਕ੍ਰਿਤਕ ਸੰਕਟ ਹੈ। ਆਜ਼ਾਦੀ ਤੋਂ ਪਿਛੋਂ ਸਾਡੇ ਦੇਸ਼ ਵਿਚ ਆਤਮ ਪ੍ਰਗਟਾਅ ਤੇ ਅਜਿਹੇ ਕਈ ਹੋਰ ਭੜਕੀਲੇ ਨਾਅਰਿਆਂ ਦੀ ਆੜ ਵਿਚ ਸੰਕਟਗ੍ਰਸਤ ਪਛਮੀ ਦੇਸ਼ਾਂ ਦੇ ਸਾਹਿੱਤਕ ਅੰਦੋਲਨਾਂ ਦੀ ਅੰਧਾ-ਧੁੰਦ ਦਰਾਮਦ ਹੋਈ ਹੈ। ਅਸਤਿਤਵਾਦ, ਨਵ-ਨਿਸ਼ਚੇਵਾਦ, ਕਰੋਧੀ ਪੀੜ੍ਹੀ, ਭੁਖੀ ਪੀੜ੍ਹੀ, ਬੀਟਨਕ ਅੰਦੋਲਨ ਆਦਿ ਨੂੰ ਕਾਫੀ ਧੂਮ ਨਾਲ ਪਰਚਾਰਿਆ ਗਿਆ ਹੈ। ਥੋੜੇ ਬਹੁਤ ਬਾਹਰੀ ਫਰਕ ਦੇ ਬਾਵਜੂਦ ਇਹਨਾਂ ਸਭਨਾਂ ਦੀ ਇਕੋ ਸੇਧ ਹੈ—ਯਥਾਰਥ ਦਾ ਨਿਖੇਧ ਤੇ ਉਸ ਦਾ ਵਿਗਾੜ। ਇਹਨਾਂ ਦਾ ਜ਼ੋਰ ਵਿਅਕਤੀ ਦੇ ਖੰਡਤ ਬੋਧ ਜਾਂ ਅਜਨਬੀਪਨ ਦੇ ਸੰਕਲਪ ਤੇ ਹਨੇਰ ਵਿਰਤੀ ਉਪਰ ਹੈ। ਉਹਨਾਂ ਦੀ ਦ੍ਰਿਸ਼ਟੀ ਵਿਚ ਯਥਾਰਥ ਉਹ ਲੋਕ ਸੰਘਰਸ਼ ਨਹੀਂ ਜੋ ਸਾਡੇ ਸਮਾਜ ਦੇ ਅੰਦਰੂਨੀ ਤੇ ਬਾਹਰਲੇ ਅੰਤਰ-ਵਿਰੋਧਾਂ ਤੋਂ ਪੈਦਾ ਹੋ ਕੇ ਨਿਰੰਤਰ ਵਿਆਪਕ ਹੁੰਦੇ ਤੇ ਉਚੇ ਪੱਧਰਾਂ ਤਕ ਉਠਦੇ ਜਾ ਰਹੇ ਹਨ, ਜਿੰਨ੍ਹਾਂ ਵਿਚ ਉਹਨਾਂ ਅੰਤਰ ਵਿਰੋਧਾਂ ਨੂੰ ਸੁਲਝਾਉਣ ਦੀ ਸਮਰੱਥਾ ਹੈ ਤੇ ਜੋ ਸਮਾਜ ਨੂੰ ਵਿਕਾਸ ਦੇ ਅਗਲੇ ਪੜਾਅ ਉਤੇ ਲੈ ਜਾਣਗੇ। ਇਸ ਲਈ ਆਪਣੇ ਸਭ ਨੇਕ ਇਰਾਦਿਆਂ ਦੇ ਬਾਵਜੂਦ ਇਹਨਾਂ ਅੰਦੋਲਨਾਂ ਦੇ ਅਨੁਆਈਂ ਠੋਸ ਰੂਪ ਵਿਚ ਵਰਤਮਾਨ ਅਨਿਆਂ ਪੂਰਨ, ਅਰਾਜਕ, ਘ੍ਰਿਣਤ ਸਮਾਜਕ ਪ੍ਰਬੰਧ ਬਾਰੇ ਯਥਾਰਥਵਾਦੀ ਅਨੁਭਵ ਨੂੰ ਪੱਕਾ ਕਰਨ ਦੀ ਥਾਂ ਅਨੇਕ ਕਿਸਮ ਦੇ ਭਰਮ ਪੈਦਾ ਕਰ ਰਹੇ ਹਨ। ਸਮਾਜ ਵਿਕਾਸ ਦੇ ਨਵੇਂ ਦੌਰ ਵਿਚ ਇਹਨਾਂ ਅਵਰੋਧਾਂ ਦੇ ਸ਼ਰੇਣਕ ਚਰਿੱਤਰ ਉਤੇ ਪਰਦਾ ਨਹੀਂ ਪਾਇਆ ਜਾ ਸਕਦਾ।

ਅਵਰੋਧਾਂ ਤੋਂ ਮੁਕਤ ਲੇਖਕ ਨਾ ਤਾਂ ਆਪਣੀ ਵਿਕਸਤ ਸਿਖਿਆ ਤੇ ਸੰਸਕਾਰਾਂ ਕਾਰਨ "ਸਾਧਾਰਨ ਜਨਤਾ ਤੋਂ ਅੱਗੇ ਵਧੇ ਹੋਏ" ਹੋਣ ਦਾ ਦਾਅਵਾ ਕਰਦੇ ਹਨ ਤੇ ਨਾ ਇਹਨਾਂ ਅਵਰੋਧਾਂ ਤੋਂ ਇਨਕਾਰ ਕਰਦੇ ਹੋਏ ਆਪਣੀਆਂ ਆਤਮਕ ਸਚਾਈਆਂ ਦਾ ਸਾਹਮਣਾ ਕਰਨ ਦੀ ਗਵਾਹੀ ਦਿੰਦੇ ਹਨ। ਵਿਕਸਤ ਸਿਖਿਆ ਤੇ ਸੰਸਕਾਰ ਨਾਲ ਕਈ ਵਿਅਕਤੀ ਚਰਚਾ ਵਿਚ ਆਏ ਹੋਏ ਅਵਰੋਧਾਂ ਤੋਂ ਮੁਕਤ ਹੋ ਜਾਂਦੇ ਹਨ ਜਾਂ ਸਾਧਾਰਨ ਜਨਤਾ ਤੋਂ ਅੱਗੇ ਵਧ ਜਾਂਦੇ ਹਨ ਅਜਿਹਾ ਮੰਨ ਲੈਣ ਲਈ ਕੋਈ ਕਾਰਨ ਨਜ਼ਰ ਨਹੀਂ ਆਉਂਦਾ। ਸਾਡੇ ਦੇਸ਼ ਵਿਚ ਜਿਸ ਨੂੰ ਵਿਕਸਤ ਸਿਖਿਆ ਕਿਹਾ ਜਾ ਸਕਦਾ ਹੈ, ਸਾਮਰਾਜਵਾਦ ਦੀ ਦੇਣ ਹੈ ਤੇ ਆਜ਼ਾਦੀ ਤੋਂ ਪਿਛੋਂ ਸਾਮੰਤਵਾਦੀ ਪੂੰਜੀਵਾਦੀ ਪ੍ਰਬੰਧ ਦੇ ਹਿਤਾਂ ਵਿਚ ਹੈ, ਤੇ ਜਿੰਨ੍ਹਾਂ ਸੰਸਕਾਰਾਂ ਵਲ ਸੰਕੇਤ ਕੀਤਾ ਗਿਆ ਹੈ ਉਹ ਮੁਖ ਤੌਰ ਤੇ ਸਾਮੰਤੀ ਤੇ ਪੂੰਜੀਵਾਦੀ ਸੰਸਕਾਰ ਹਨ। ਇਸ ਤਰ੍ਹਾਂ ਦੀ ਸਿਖਿਆ ਤੇ ਸੰਸਕਾਰ ਮਧ ਵਰਗੀ ਵਿਅਕਤੀ ਦੀ

ਸਮਾਜਕ ਸਥਿਤੀ ਨੂੰ ਕਿੰਨਾ ਵੀ ਦਰਿੜ ਕਰ ਸਕਣ, ਪਰ ਇਸ ਨਾਲ ਵਿਅਕਤੀ ਜਨ ਸਾਧਾਰਨ ਨਾਲੋਂ ਅੱਗੇ ਹੋ ਜਾਂਦਾ ਹੈ—ਅਜਿਹਾ ਕਹਿਣਾ ਮੰਨਣ ਯੋਗ ਨਹੀਂ ਹੈ । ਜਨ ਸਾਧਾਰਨ ਨਾਲੋਂ ਅੱਗੇ ਜਾਂ ਪਿਛੇ ਹੋਣ ਦਾ ਇਕ ਹੀ ਅਰਥ ਹੋ ਸਕਦਾ ਹੈ—ਜਨ ਸਾਧਾਰਨ ਦੇ ਯਥਾਰਥ ਬੋਧ ਦੀ ਵਧ ਜਾਂ ਘੱਟ ਸਮਰੱਥਾ ਹੋਣਾ । ਪਰ ਕਿਸੇ ਵੀ ਸਿਖਿਅਤ ਤੋਂ ਸਿਖਿਅਤ ਵਿਅਕਤੀ ਦਾ ਅਨੁਭਵ ਸਮੁੱਚੀ ਜਨਤਾ ਦੇ ਅਨੁਭਵ ਨਾਲੋਂ ਵਧੇਰੇ ਵਿਵਿਧ, ਪ੍ਰਪੱਕ ਤੇ ਯਥਾਰਥਪੂਰਨ ਹੁੰਦਾ ਹੈ—ਇਹ ਮਾਨਤਾ ਹਾਸੋਹੀਣੀ ਜਾਪਦੀ ਹੈ । ਵਾਸਤਵ ਵਿਚ ਯਥਾਰਥ ਦਾ ਗਿਆਨ ਉਪਰੋਕਤ ਦੱਸੀ ਵਰਗ ਨਿਰਪੇਖ ਸਿਖਿਆ ਤੇ ਸੰਸਕਾਰ ਉਪਰ ਨਿਰਭਰ ਹੁੰਦਾ ਹੈ ਕਿ ਕੋਈ ਵਿਅਕਤੀ ਵਿਸ਼ਾਲ ਜਨਸਮੂਹ ਦੇ ਜੀਵਨ ਦੇ ਕਿੰਨਾ ਨੇੜੇ ਹੈ, ਉਸ ਦੇ ਸੰਘਰਸ਼ਾਂ ਵਿਚ ਕਿੰਨੀ ਰੁਚੀ ਜਾਂ ਭਾਗ ਲੈਂਦਾ ਹੈ । ਅਜਿਹਾ ਵਿਅਅਤੀ ਆਪਣੇ ਯਥਾਰਥ ਬੋਧ ਲਈ "ਅਪਣੀਆਂ ਆਤਮਕ ਸਚਾਈਆਂ ਦੇ ਸਨਮੁਖ ਹੋਣ" ਦਾ ਹਵਾਲਾ ਨਹੀਂ ਦਿੰਦਾ । ਉਹ ਹਵਾਲਾ ਦਿੰਦਾ ਹੈ ਆਪਣੇ ਯੁਗ ਦੀ ਆਤਮਾ ਦਾ, ਉਸ ਵਿਚ ਅੰਕਰ ਨਵੇਂ ਤੱਤਾਂ ਦਾ, ਉਸ ਦੀ ਵਿਕਾਸਸ਼ੀਲ ਪ੍ਰਵਿਰਤੀਆਂ ਦਾ ਤੇ ਉਹਨਾਂ ਪ੍ਰਵਿਰਤੀਆਂ ਦੀਆਂ ਲਖਾਇਕ ਸ਼ਕਤੀਆਂ ਦਾ ।

ਆਤਮਕ ਸਚਾਈਆਂ ਦੇ ਸਨਮੁਖ ਹੋਣ ਦਾ ਹਵਾਲਾ ਉਸੇ ਹੱਦ ਤਕ ਸਾਰਥਕ ਜਾਂ ਮੰਨਣ ਯੋਗ ਹੈ ਜਿਸ ਹੱਦ ਤਕ ਉਹ ਯਥਾਰਥ, ਵਸਤੂਗਤ ਸੱਚ ਉਪਰ ਅਧਾਰਤ ਹੁੰਦਾ ਹੈ, ਉਸ ਦੀ ਕਸੌਟੀ ਉਤੇ ਖਰਾ ਉਤਰਦਾ ਹੈ । ਵਿਅਕਤੀ ਤੇ ਵਿਆਪਕ ਸਮਾਜਕ ਜੀਵਨ ਵਿਚ ਪਾੜਾ ਉਦੋਂ ਪੈਂਦਾ ਹੈ ਜਦ ਵਿਅਕਤੀ "ਆਤਮਕ ਸਚਾਈਆਂ ਦੇ ਸਨਮੁਖ ਹੋਣ" ਦੇ ਨਾਉਂ ਉਪਰ, ਯਥਾਰਥ ਨੂੰ, ਇਤਿਹਾਸ ਦੀ ਪ੍ਰਕ੍ਰਿਆ ਨੂੰ ਝੁਠਲਾਉਣ ਦਾ ਯਤਨ ਕਰਨ ਲੱਗਦਾ ਹੈ ।

ਇਸ ਗੱਲ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ "ਸਚੇ ਯਥਾਰਥਵਾਦੀ ਲੇਖਕ ਲਈ ਇਹ ਪਾੜਾ ਹੀ ਜੀਵਨ ਤੱਤ ਹੈ ।" ਇਥੇ ਇਕ ਸੰਭਾਵਤ ਭਰਮ ਦੀ ਨਵਿਰਤੀ ਕਰ ਦੇਣ ਦੀ ਵੀ ਲੋੜ ਹੈ । ਜੇ ਕੋਈ ਮੇਰੇ ਕਥਨ ਦਾ ਇਹ ਅਰਥ ਕਢੇ ਕਿ ਮੈਂ ਕਿਸੇ ਸਾਹਿੱਤਕਾਰ ਦੇ ਜੀਵਨ ਦਰਸ਼ਣ ਤੇ ਜੀਵਨ ਨੂੰ ਪ੍ਰਗਟਾਉਣ ਵਾਲੀ ਯਥਾਰਥਵਾਦੀ ਵਿਧੀ ਦੱਸ ਰਿਹਾ ਹਾਂ ਤਾਂ ਉਹ ਗਲਤ ਹੋਵੇਗਾ । ਬਹੁਤ ਸਾਰੇ ਕਲਾਕਾਰ ਤੇ ਸਾਹਿੱਤਕਾਰ ਆਪਣੇ ਅਧਿਆਤਮਵਾਦੀ ਦ੍ਰਿਸ਼ਟੀ-ਕੋਣਾਂ ਦੇ ਬਾਵਜੂਦ ਜੀਵਨ ਨੂੰ ਯਥਾਰਥਵਾਦੀ ਤਰੀਕੇ ਨਾਲ ਪ੍ਰਗਟ ਕਰਦੇ ਹਨ । ਆਪਣੀਆਂ ਦ੍ਰਿਸ਼ਟੀਕੋਣ ਦੀਆਂ ਸੀਮਾਵਾਂ ਦੇ ਕਾਰਨ ਉਹ ਸਮਸਿਆਵਾਂ ਦਾ ਵਿਗਿਆਨਕ ਹੱਲ ਭਾਵੇਂ ਨਾ ਹੀ ਪੇਸ਼ ਕਰ ਸਕਣ, ਪਰ ਆਪਣੀਆਂ ਰਚਨਾਵਾਂ ਦੁਆਰਾ ਸਮਾਜਕ ਅੰਤਰ ਵਿਰੋਧਾਂ ਦੇ ਚਿੱਤਰ ਪ੍ਰਸਤੁਤ ਕਰ ਕੇ ਉਹ ਜਨ ਸਮੂਹ ਦੇ ਯਥਾਰਥ ਬੋਧ ਨੂੰ ਵਿਕਸਤ ਕਰਦੇ ਹਨ, ਅਨਿਆਂ ਤੇ ਲੁੱਟ ਖਸੁੱਟ ਦੇ ਵਿਰੁਧ ਅਸਹਿਮਤੀ ਤੇ ਅਸੰਤੋਖ ਦੇ ਵਾਤਾਵਰਨ ਪੈਦਾ ਕਰਦੇ ਹਨ । ਸਮਾਜਕ ਵਿਕਾਸ ਦੀ ਦ੍ਰਿਸ਼ਟੀ ਤੋਂ ਅਜਿਹੀਆਂ ਰਚਨਾਵਾਂ ਦਾ ਬੜਾ ਮਹੱਤਵ ਹੈ । ਉਹਨਾਂ ਦੇ ਮਹੱਤਵ ਨੂੰ ਨਾ ਮੰਨਣਾ ਕੱਟੜਤਾ ਹੈ । ਉਹਨਾਂ ਦੀਆਂ ਦ੍ਰਿਸ਼ਟੀਕੋਣਾਂ ਦੀਆਂ ਖਾਮੀਆਂ ਦੇ ਬਾਵਜੂਦ ਸਾਨੂੰ ਅਜਿਹੇ ਲੇਖਕਾਂ ਵਿਚ, ਜੋ ਯਥਾਰਥ ਨੂੰ ਪ੍ਰਸਤੁਤ ਕਰਨ ਦਾ ਯਤਨ ਕਰਦੇ ਹਨ ਤੇ ਜੋ ਯਥਾਰਥ ਨੂੰ ਵਿਗਾੜਨ ਦਾ ਯਤਨ ਕਰਦੇ ਹਨ, ਫਰਕ ਪਾਉਣਾ ਚਾਹੀਦਾ ਹੈ ।

ਇਹ ਸਪਸ਼ਟ ਹੈ ਕਿ ਸਮਾਜਕ ਵਿਕਾਸ ਦੀਆਂ ਵੱਖੋ ਵੱਖ ਪੱਧਰਾਂ ਉਪਰ ਲੇਖਕ ਦੇ

ਯਥਾਰਥ ਬੋਧ ਵਿਚਲੇ ਪਾੜੇ ਦੀਆਂ ਵੱਖਰੀਆਂ ਵੱਖਰੀਆਂ ਸਥਿਤੀਆਂ ਹੋਣਗੀਆਂ। ਇਹ ਮੰਨਣ ਵਿਚ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ ਕਿ ਹਰ ਯੁਗ ਦਾ ਆਪਣਾ ਜੀਵਨ ਹੁੰਦਾ ਹੈ, ਆਪ-ਣੀਆਂ ਮਾਣਤਾਵਾਂ ਹੁੰਦੀਆਂ ਹਨ ਤੇ ਆਪਣੇ ਮਾਪਦੰਡ ਹੁੰਦੇ ਹਨ। ਪਰ ਹਰ ਯੁਗ ਵਿਚ ਯਥਾਰਥ ਬੋਧ ਦੀ ਪ੍ਰਕ੍ਰਿਆ ਇਕੋ ਜਿਹੀ ਨਹੀਂ ਹੋ ਸਕਦੀ। ਪੂੰਜੀਵਾਦੀ ਸਮਾਜ ਵਿਚ ਯਥਾਰਥ ਬੋਗ ਦੀ ਪ੍ਰਕ੍ਰਿਆ ਦਾ ਜ਼ਿਕਰ ਕੀਤਾ ਜਾ ਚੁਕਿਆ ਹੈ। ਆਲੋਚਨਾਤਮਕ ਯਥਾਰਥਵਾਦ ਦੇ ਰਾਹ ਉਤੇ ਚੱਲਣ ਵਾਲੇ ਲੇਖਕ ਉਸਦੇ ਕਰੂਪਾਂ ਦਾ ਚਿੱਤਰ ਪੇਸ਼ ਕਰਦੇ ਹਨ, ਪਰ ਸਮਾਜ ਤੋਂ ਕੱਟੇ ਹੋਏ ਵਿਅਕਤੀਆਂ ਦੀ ਸਥਿਤੀ ਕਾਰਨ ਉਹ ਪੂੰਜੀਵਾਦੀ ਸਮਾਜ ਦੇ ਘਟਨਾ ਚੱਕਰਾਂ, ਆਪਸੀ ਸਬੰਧਾਂ ਨੂੰ ਨਹੀਂ ਵੇਖ ਸਕਦੇ। ਉਹਨਾਂ ਦਾ ਯਥਾਰਥ ਬੋਧ ਉਸ ਹੱਦ ਤਕ ਦੋਸ਼ ਪੂਰਨ ਰਹਿ ਜਾਂਦਾ ਹੈ। ਇਹ ਪੂੰਜੀਵਾਦੀ ਪ੍ਰਬੰਧ ਦੀ ਅਰਾਜਕਤਾ ਦਾ ਫਲ ਹੈ। ਸਮਾਜਵਾਦੀ ਸਮਾਜ ਦਾ ਲੇਖਕ ਮਾਰਕਸਵਾਦ-ਲੈਨਿਨਵਾਦ ਦੇ ਅਧਾਰ ਉਪਰ ਘਟਨਾਵਾਂ ਤੇ ਸਮਾਜਕ ਪ੍ਰਕ੍ਰਿਆਵਾਂ ਦੇ ਅੰਤਰਕ ਸਬੰਧਾਂ ਨੂੰ ਸਮਝ ਸਕਦਾ ਹੈ। ਇਸ ਲਈ ਉਸਦਾ ਯਥਾਰਥ ਬੋਧ ਵਧੇਰੇ ਡੂੰਘਾ ਹੁੰਦਾ ਹੈ। ਸਮਾਜ ਵਿਚ ਇਕ ਕਰਮ-ਸ਼ੀਲ ਨਾਗਰਿਕ ਵਾਂਗ ਉਹ ਰਚਨਾਤਮਕ ਸ਼ਕਤੀਆਂ ਨੂੰ ਪਛਾਣਦਾ ਹੈ, ਉਹਨਾਂ ਦਾ ਪੱਖੀ ਹੁੰਦਾ ਹੈ, ਨਿਖੇਧ ਨਾਲੋਂ ਜ਼ਿਆਦਾ ਜ਼ੋਰ ਸਾਰਥਕ ਸਵਰ ਉਤੇ ਦਿੰਦਾ ਹੈ। ਪੂੰਜੀਵਾਦੀ ਸਮਾਜ ਵਿਚ ਲੇਖਕ ਸਾਰਥਕਤਾ ਜਾਂ ਤਾਂ ਆਪਣੇ ਨਾਇਕ ਦੇ ਵਿਅਕਤੀਗਤ ਗੁਣਾਂ ਵਿਚ ਵੇਖਦਾ ਹੈ ਜਾਂ ਸਮਾਜ ਦੇ ਆਪਣੇ ਕਾਲਪਣਕ ਚਿਤਰਾਂ ਵਿਚ। ਆਲੋਚਨਾਤਮਕ ਯਥਾਰਥਵਾਦ 'ਚ ਯਥਾਰਥ ਤੇ ਆਦਰਸ਼ ਦੋ ਨਾ ਮਿਲ ਸਕਣ ਵਾਲੇ ਧਰੂਆਂ ਵਾਂਗ ਹੁੰਦੇ ਹਨ ਜਦ ਕਿ ਸਮਾਜਵਾਦੀ ਯਥਾਰਥਰਵਾਦ ਵਿਵਹਾਰ ਦੇ ਅਧਾਰ ਉਤੇ ਉਹਨਾਂ ਦਾ ਸੁਮੇਲ ਕਰ ਸਕਦਾ ਹੈ। ਇਸ ਤਰ੍ਹਾਂ ਸਮਾਜਕ ਵਿਕਾਸ ਦੇ ਦੋ ਪੱਧਰਾਂ ਉਪਰ ਹੋਂਦ ਵਿਚ ਆਉਣ ਵਾਲੇ ਅਲੋਚਨਾਤਮਕ ਯਥਾਰਥਵਾਦ ਤੇ ਸਮਾਜਵਾਦੀ ਯਥਾਰਥਵਾਦ ਵਿਚ ਕੇਵਲ ਮਾਤਰਾ ਦਾ ਨਹੀਂ ਗੁਣ ਦਾ ਫਰਕ ਹੈ। ਇਸ ਲਈ ਯਥਾਰਥ ਦੀਆਂ ਸਥਿਤੀਆਂ ਦੇ ਬੋਧ ਨੂੰ ਦੇਸ਼ ਕਾਲ ਤੋਂ ਨਿਖੇੜਕੇ ਨਹੀਂ ਪੇਸ਼ ਕੀਤਾ ਜਾ ਸਕਦਾ। ਇਸ ਲਈ ਸਿੱਟਾ ਨਿਕਲਦਾ ਹੈ ਕਿ ਨਵੀਂ ਪ੍ਰਸਥਿਤੀ ਵਿਚ ਯਥਾਰਥ ਦੀ ਨਵੀਂ ਵਿਆਖਿਆ ਦੀ ਲੋੜ ਪੈਂਦੀ ਹੈ।

ਮੈਂ ਇਸਨੂੰ ਉਦਾਹਰਨ ਦੇਕੇ ਸਪਸ਼ਟ ਕਰਨਾ ਚਾਹਾਂਗਾ। ਅੱਜ ਸੰਸਾਰ ਵਿਚ ਪੂੰਜੀਵਾਦੀ ਪ੍ਰਬੰਧ ਦਾ ਬੋਲ ਬਾਲਾ ਖਤਮ ਹੋ ਚੁਕਿਆ ਹੈ। ਇਤਿਹਾਸ ਦੇ ਘੜਨ ਵਿਚ ਸਮਾਜਵਾਦੀ ਪ੍ਰਬੰਧ ਉਸ ਨਾਲੋਂ ਜ਼ਿਆਦਾ ਮਜ਼ਬੂਤ ਤੇ ਨਿਰਣੇਮਈ ਭੂਮਕਾ ਅਦਾ ਕਰ ਰਿਹਾ ਹੈ। ਰੂਸ ਵਿਚ ਅਕਤੂ-ਬਰ ਕ੍ਰਾਂਤੀ ਤੋਂ ਪਹਿਲਾਂ ਗੋਰਕੀ ਨੇ ਮਜ਼ਦੂਰ ਵਰਗ ਦੇ ਸੰਘਰਸ਼ਾਂ ਤੋਂ ਪ੍ਰੇਰਣਾ ਲੈਕੇ, ਉਸਦੀ ਕ੍ਰਾਂਤੀਕਾਰੀ ਭੂਮਕਾ ਨੂੰ ਸਮਝਕੇ ਸਮਾਜਵਾਦੀ ਯਥਾਰਥਵਾਦ ਨੂੰ ਅਪਨਾਇਆ। ਸਮਾਜਵਾਦੀ ਕ੍ਰਾਂਤੀ ਪਿਛੋਂ ਸਮਾਜਵਾਦੀ ਯਥਾਰਥਵਾਦ ਹੋਰ ਵੀ ਪ੍ਰੌੜ੍ਹ ਹੋਇਆ। ਉਸਨੇ ਮਜ਼ਦੂਰ ਵਰਗ ਦੀ ਮੁਖ ਤੌਰ ਤੇ ਰਚਨਾਤਮਕ ਸ਼ਕਤੀ ਦਾ ਬੋਧ ਕਰਾਇਆ। ਉਸਨੇ ਨਿਰਾਸ਼ਾ ਦੀ ਥਾਂ ਆਸ਼ਾਵਾਦੀ ਦਰਸ਼ਣ ਨੂੰ ਗ੍ਰਹਿਣ ਕੀਤਾ। ਰੂਸੀ ਕ੍ਰਾਂਤੀ ਤੋਂ ਪਿਛੋਂ ਪੂਰਬੀ ਯੂਰਪ, ਚੀਨ, ਏਸ਼ੀਆ ਦੇ ਹੋਰ ਦੇਸ਼ਾਂ ਤੇ ਕਿਊਬਾ ਵਿਚ ਸਮਾਜਵਾਦੀ ਪ੍ਰਬੰਧ ਕਾਇਮ ਹੋਇਆ ਹੈ। ਇਸਦਾ ਵਿਆਪਕ ਪ੍ਰਭਾਵ ਪੂੰਜੀਵਾਦੀ ਸਮਾਜ ਦੇ ਅੰਦਰ ਰਹਿਣ ਵਾਲੇ ਅਤੇ ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕਾ ਦੇ ਬੁਧੀਜੀਵੀਆਂ, ਸਾਹਿੱਤ-ਕਾਰਾਂ ਤੇ ਕਲਾਕਾਰਾਂ ਉਪਰ ਵੀ ਪੈਂਦਾ ਹੈ। ਅੱਜ ਪੂੰਜੀਵਾਦੀ ਪ੍ਰਬੰਧ ਦਾ ਅੰਤ ਸਮਾਜਵਾਦੀ

ਪ੍ਰਬੰਧ ਦੀ ਸਥਾਪਨਾ ਦੁਆਰਾ ਸੰਭਵ ਹੈ। ਇਸ ਪਰਕਾਰ ਆਲੋਚਨਾਤਮਕ ਯਥਾਰਥਵਾਦ ਮਹਤਵ ਪੂਰਨ ਹੁੰਦੇ ਹੋਏ ਵੀ ਅੱਜ ਦੇ ਯਥਾਰਥ ਬੋਧ ਲਈ ਨਾ ਮੁਕੰਮਲ ਹੈ। ਜਿਵੇਂ ਕਿ ਸਾਰਤਰ ਨੇ ਕਿਹਾ ਹੈ, "ਮੈਂ ਮੰਨਦਾ ਹਾਂ ਨਾਵਲ ਲਈ ਹਰ ਸਦੀ ਵਿਚ ਕੇਵਲ ਇਕ ਹੀ ਮੁਖੀ ਵਿਸ਼ਾ ਹੁੰਦਾ ਹੈ...ਸਾਡੀ ਸਦੀ ਦਾ ਮੁਖ ਵਿਸ਼ਾ ਸਮਾਜਵਾਦ ਦਾ ਨਿਰੂਪਣ ਹੈ।"

ਇਸ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਵਰਤਮਾਨ ਕਾਲ ਵਿਚ ਅਨੇਕਾਂ ਆਧੁਨਿਕਤਾਵਾਦੀ ਸਾਹਿੱਤਕ ਅੰਦੋਲਨ ਜੋ ਯਥਾਰਥ ਦੇ ਨਾਉਂ ਉਪਰ ਵਿਅਕਤੀ ਵਿਦਰੋਹ, ਨਿਰਾਸ਼ਾ, ਮੌਤ, ਲਿੰਗ, ਭੁੱਖ ਜਾਂ ਅਜਨਬੀਪਨ ਉਤੇ ਜ਼ੋਰ ਦੇ ਰਹੇ ਹਨ, ਵਾਸਤਵ ਵਿਚ ਯਥਾਰਥ ਵਿਰੋਧੀ ਹਨ। ਇਸੇ ਤਰ੍ਹਾਂ ਅਨੇਕਾਂ ਮਾਨਵਤਾਵਾਦੀ ਲੇਖਕਾਂ ਦਾ ਮਹਤਵ ਹੁੰਦੇ ਹੋਏ ਵੀ ਇਹ ਕਹਿਣਾ ਜ਼ਰੂਰੀ ਹੈ ਕਿ ਅੱਜ ਦੀਆਂ ਯਥਾਰਥ ਸਥਿਤੀਆਂ ਵਿਚ ਕੇਵਲ ਮਾਨਵਤਾਵਾਦ ਅਧੂਰਾ ਹੈ। ਅੱਜ ਦੇ ਯਥਾਰਥ ਬੋਧ ਦਾ ਸਿੱਧਾ ਲਗਾਉ ਉਹਨਾਂ ਲੋਕ ਸੰਗਰਾਮਾਂ ਨਾਲ ਹੋਣਾ ਚਾਹੀਦਾ ਹੈ ਜੋ ਸਾਡੇ ਦੇਸ਼ ਵਿਚ ਸਾਮੰਤੀ ਤੇ ਪੂੰਜੀਵਾਦੀ ਪ੍ਰਬੰਧ ਨੂੰ ਖਾਤਮ ਕਰਕੇ ਇਕ ਨਵੇਂ ਲੋਕ ਮਤੀ ਪ੍ਰਬੰਧ ਦੀ ਸਥਾਪਨਾ ਲਈ ਰਾਹ ਬਣਾ ਰਹੇ ਹਨ। ਯਥਾਰਥ ਵਿਰੋਧੀ ਪ੍ਰਵਿਰਤੀਆਂ ਦੇ ਵਿਰੁਧ ਸੰਘਰਸ਼ ਨੂੰ ਤੇਜ਼ ਕਰਨਾ ਤੇ ਅੰਤ ਵਿਚ ਉਹਨਾਂ ਨੂੰ ਭਾਂਜ ਦੇਣਾ—ਮੇਰੇ ਖਿਆਲ ਵਿਚ, ਸਾਡੇ ਦੇਸ਼ ਦੇ ਪ੍ਰਗਤਿਵਾਦੀ ਲੇਖਕਾਂ ਦਾ ਇਹੀ ਮੁਖ ਇਤਿਹਾਸਕ ਕਰਤੱਵ ਹੈ।

*

ਪੁਸਤਕ ਪੜਚੋਲ

## ਦੁੱਕੀ ਤਿੱਕੀ ਪੰਜੀ (ਕਹਾਣੀ ਸੰਗ੍ਰਹਿ)

ਆਧੁਨਿਕਤਾ ਦੇ ਅਨੁਯਾਈਆਂ ਵਲੋਂ ਅੱਜ ਨਵੇਂ ਅਨੁਭਵ ਤੇ ਨਵੇਂ ਰੂਪ ਦੀ ਗੱਲ ਬੜੇ ਜੋਸ਼ ਨਾਲ ਕਹੀ ਜਾਂਦੀ ਹੈ । ਆਪਣੇ ਆਪ ਨੂੰ ਬੁਤ-ਤੋੜ ਕਹਿਣ ਵਾਲੇ ਇਹ ਆਧੁਨਿਕਤਾ ਵਾਦੀ ਕਈ ਮਖੌਟੇ ਚੜ੍ਹਾ ਕੇ ਆਪਣਾ ਪਰਦਰਸ਼ਨ ਕਰਦੇ ਹਨ । ਆਪਣੀ ਅੰਮ੍ਰਿਤਾ-ਮੋਹਨ ਸਿੰਘ ਵਿਰੋਧੀ ਧਾਰਨਾ ਵਿਚ ਉਹ ਆਦਰਸ਼ਵਾਦੀ ਉਪਭਾਵੁਕਤਾ ਨੂੰ ਸਭ ਤੋਂ ਵੱਡਾ ਨਿਸ਼ਾਨਾ ਸਮਝਦੇਹਨ। ਪਰ ਇਹਨਾਂ ਆਧੁਨਿਕਤ ਵਿਰੋਧੀਆਂ ਦਾ ਦੁਖਾਂਤ ਇਹ ਹੈ ਕਿ ਇਕ ਉਪਭਾਵਕਤਾ ਤੋਂ ਖਹਿੜਾ ਛਡਾਂਦੇ ਛੁਡਾਂਦੇ ਉਹ ਆਪਣੀ ਉਪਭਾਵਕਤਾ ਦਾ ਕੱਟ ਉਸਾਰ ਲੈਂਦੇ ਹਨ ।

ਦਿਲਜੀਤ ਦਾ ਕਹਾਣੀ ਸੰਗ੍ਰਹਿ'ਦੁੱਕੀ ਤਿੱਕੀ ਪੰਜੀ',ਏਸ ਪ੍ਰਸੰਗ ਵਿਚ ਨਵੇਂ ਅਰਥ ਨਾਲ ਵਿਦਮਾਨ ਹੋਇਆ ਹੈ । ਦਲਜੀਤ ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ ਪਰ ਏਸ ਗੱਲ ਦੀ ਬੜੀ ਹੈਰਾਨੀ ਤੇ ਖੁਸ਼ੀ ਹੈ ਕਿ ਆਦਿ ਤੋਂ ਅੰਤ ਤਕ ਕਿਸੇ ਕਹਾਣੀ ਵਿਚ ਵੀ ਉਹ ਉਪਭਾਵੁਕਤਾ ਨੂੰ ਆਪਣੀ ਕਲਾ ਤੇ ਭਾਰੂ ਨਹੀਂ ਹੋਣ ਦੇਂਦਾ । ਸਵੈ-ਪਰੇਮ ਦੀਆਂ ਧੁਨੀਆਂ ਹਰ ਕਹਾਣੀ ਵਿਚ ਬਦਲਵੇਂ ਰੂਪ ਵਿੱਚ ਗੂੰਜਦੀਆਂ ਹਨ ਪਰ ਉਹਨਾਂ ਵਿਚੋਂ ਨੀਰਸ ਤੇ ਕਿਚਕਚਾਹਟ ਭਰੀ ਸਵੈ-ਤਰਸ ਦੀ ਤੇ ਸਵੈ-ਗੌਰਵਤਾ ਦੀ ਉਹ ਝਲਕ ਨਹੀਂ ਮਿਲਦੀ ਜਿਹੜੀ ਜਸਬੀਰ ਸਿੰਘ ਆਹਲੂ-ਵਾਲੀਆ ਤੋਂ ਲੈਕੇ ਜਗਜੀਤ ਬਰਾੜ ਤਕ ਦੀਆਂ ਰਚਨਾਵਾਂ ਵਿਚ ਉਭਰਵੇਂ ਰੂਪ ਵਿੱਚ ਤੇ ਜਗਤਾਰ ਦੀਆਂ ਰਚਨਾਵਾਂ ਵਿਚ ਫੇਰਵੇਂ ਸਵੈ-ਗੌਰਵ ਦੇ ਰੂਪ ਵਿਚ ਉਭਰਦੀ ਹੈ ।

'ਇਕ ਸੀ ਮੁੰਡਾ' ਵਿੱਚ ਸਤਵੰਤ ਉਸ ਨਵਯੁਵਕ ਭਾਵਨਾ ਦਾ ਪ੍ਰਤੀਕ ਹੈ ਜਿਹੜੀ ਮਧ ਵਰਗ ਦਾ ਖਾਸਾ ਹੈ । ਉਹ ਆਪਣੀ ਭੈੜੀ ਆਰਥਕ ਅਵਸਥਾ ਵਿੱਚ ਹੁੰਦਾ ਹੋਇਆ ਭੀ ਅਮੀਰ ਵਾਕਫ ਕੁੜੀ ਨਾਲ ਪਰੇਮ ਕ੍ਰੀੜਾ ਦੇ ਸੁਪਨੇ ਲੈਂਦਾ ਹੈ ; ਜਾਂ 'ਮੋਰੀ ਦੀ ਇੱਟ' ਵਿੱਚ ਏਸੇ ਤਰ੍ਹਾਂ ਦੇ ਇਕ ਯੁਵਕ ਦਾ ਅੰਤਰੀਵ ਦੰਵਦ ਉਹਨੂੰ ਇਛਾਵਾਂ ਭਾਵਨਾਵਾਂ ਦੇ ਜਵਾਰ-ਭਾਟੇ ਦੇ ਵਿਚ ਵਿਚਾਲੇ ਉਛਲਦਾ ਹੈ । ਉਹਦੀ ਉਡੀਕ ਤੇ ਰਾਣੋ ਦਾ ਮਿਲਣ ਨਾ ਆਉਣਾ ਉਹਦੇ ਮਨ ਵਿਚਲੀ 'ਕਲਰਕੀ' ਅਸਲੀਅਤ ਤੇ 'ਕੁਲਵੰਤੀ' ਸੁਪਨੇ ਦੇ ਕੌੜੇ ਸੱਚ ਨੂੰ ਸਪਸ਼ਟ ਕਰਦੀਆਂ ਹਨ । ਭਾਂਡੇ ਮਾਂਜਦੀ ਮਾਂ

ਦਾ ਪੁਤਰ ਕਲਰਕ ਬਣ ਕੇ ਆਪਣੇ ਪਿਛਲੇ ਜੀਵਨ ਨੂੰ ਹੁਣ ਦੇ ਜੀਵਨ ਵਿਚੋਂ ਕੱਢ ਦੇਣਾ ਚਾਹੁੰਦਾ ਹੈ ਪਰ ਪਿਛਲਾ ਜੀਵਨ ਉਹਦੇ 'ਕਲਰਕੀ' ਸੁਪਨਿਆਂ ਵਿੱਚ ਵਾਰ ਵਾਰ ਆ ਕੇ ਉਸ ਨੂੰ ਝੰਜੋੜਦਾ ਹੈ।

ਜਿਉਂ ਜਿਉਂ ਕਹਾਣੀਆਂ ਪੜ੍ਹੀਆਂ,ਏਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਇਹ ਕਹਾਣੀਆਂ ਕਿਸੇ ਸਤਵੰਤ, ਜਗਦੀਸ਼ ਜਾਂ ਚੰਦਰ ਦੀਆਂ ਕਹਾਣੀਆਂ ਨਹੀਂ ਸਗੋਂ ਲੇਖਕ ਦੇ ਆਪਣੇ ਅਨੁਭਵ ਦੇ ਵੱਖ ਵੱਖ ਰੂਪ ਹਨ। ਇਹਨਾਂ ਕਹਾਣੀਆਂ ਦੇ ਪਾਤਰਾਂ ਦੇ ਮਾਨਸਕ ਉਤਾਰ ਚੜ੍ਹਾਅ ਲੇਖਕ ਦੀ ਮਨੋ-ਸਥਿਤੀ ਦੇ ਅੱਡ ਅੱਡ ਚਿੱਤਰ ਸਾਡੀਆਂ ਅੱਖੀਆਂ ਸਾਹਮਣੇ ਉਭਾਰਦੇ ਹਨ । ਸ਼ਾਇਦ ਲੇਖਕ ਇਹਨਾਂ ਅੱਡ ਅੱਡ ਸਥਿਤੀਆਂ ਵਿਚ ਵੰਡੇ 'ਹਉ' ਦੇ ਖੇਰੂੰ ਖੇਰੂੰ ਹੋਏ ਕਿਣਕੇ ਇਕੱਠੇ ਕਰਕੇ ਇਕ ਸਮੁਚੀ ਤਸਵੀਰ ਬਣਾਨਾ ਚਾਹੁੰਦਾ ਹੈ, ਉਹ ਤਸਵੀਰ ਜਿਹੜੀ ਇਕ ਮਧ ਵਰਗੀ ਬਾਊ ਦੀ ਤਸਵੀਰ ਹੈ। ਜਿਹੜਾ ਸੁਪਨਿਆਂ ਦੀ ਤੇ ਯਥਾਰਥ ਦੀ ਅਸਲੀਅਤ ਵਿਚਕਾਰ ਤ੍ਰਿਸ਼ੰਕੂ ਵਾਂਗ ਲਟਕਦਾ ਹੈ।

ਅੱਜ ਦੇ ਅਧੁਨਿਕਤਾਵਾਦੀ ਲੇਖਕ ਏਸ 'ਤ੍ਰਸ਼ੰਕੂ' ਵਾਂਗ ਆਪਣੀ ਅਸਲੀਅਤ ਨੂੰ ਚਿਤਵਦੇ ਹਨ, ਪਰ ਆਪਣੇ ਆਪ ਨੂੰ ਤਰਸ ਦਾ ਪਾਤਰ ਬਣਾ ਕੇ। ਆਧੁਨਿਕਤਾ ਦਾ ਮਖੌਟਾ ਚੜ੍ਹਾ ਕੇ ਪਰਦਰਸ਼ਨ ਕਰਨ ਲਈ ਭਿਖ ਮੰਗਿਆਂ ਵਾਂਗ 'ਪਛਾਣ' ਦੀ ਭੀਖ ਮੰਗਦੇ ਹਨ। ਦਿਲਜੀਤ ਵਿਚ ਤੇ ਉਹਨਾਂ ਵਿੱਚ ਫਰਕ ਇਹੋ ਹੈ ਕਿ ਦਲਜੀਤ ਇਸੇ 'ਤ੍ਰਿਸ਼ੰਕੂ' ਨੂੰ ਹਵਾ ਵਿਚ ਲਟਕਦਾ ਮਹਿਸੂਸ ਕਰਦਾ ਹੈ ਤੇ ਉਹਦੀ ਅਸਲੀਅਤ ਨੂੰ ਸਾਰਿਆਂ ਪਾਸਿਆਂ ਤੋਂ ਵਾਚਕੇ ਉਹਦੇ ਨਾਲ ਹਵਾ ਵਿੱਚ ਲਟਕ ਸਕਦਾ ਹੈ, ਸਵਰਗੀਂ ਜਾ ਸਕਦਾ ਹੈ, ਭੁੰਜੇ ਪਟਕਿਆ ਜਾ ਸਕਦਾ ਹੈ ਪਰ ਤਰਸ ਦੀ ਖੈਰ ਨਹੀਂ ਮੰਗਦਾ। ਪਰ ਇਹ 'ਆਧੁਨਿਕਤਾ–ਵਾਦੀ' ਤ੍ਰਿਸ਼ੰਕੂ ਦੀ ਅਸਲੀਅਤ ਨਾ ਜਾਣਦੇ ਹੋਏ ਉਹਦੇ ਨਾਲ ਹੀ ਅਧ–ਅਸਮਾਨੇ ਲਟਕ ਜਾਂਦੇ ਹਨ ਤੇ ਇਸ ਨੂੰ ਪਿਛਲੇ ਸਾਹਿਤਕ-ਕਾਲ ਨਾਲੋਂ ਵੱਖਰੀ ਦੁਨੀਆ ਦੀ ਸਿਰਜਣਾ ਕਹਿੰਦੇ ਹਨ ਪਰ ਜਾਣਦੇ ਨਹੀਂ ਕਿ ਉਸ ਉਪ ਭਾਵਕਤਾ ਦੇ ਬਦਲੇ ਹੋਏ ਰੂਪ ਦੇ ਉਹ ਆਪ ਪਰਤੀਕ ਹਨ ਜਿਸ ਦਾ ਉਹ ਵਿਰੋਧ ਕਰਦੇ ਹਨ। ਫਰਕ ਇਹ ਹੈ ਕਿ ਇਹਨਾਂ ਕੋਲ ਨਾ ਆਦਰਸ਼ ਹੈ ਨਾ ਯਥਾਰਥ ਹੈ, ਉਹ ਯਥਾਰਥ ਜਿਹੜਾ ਸਹੀ ਰੂਪ ਵਿੱਚ ਆਧੁਨਿਕਤਾ ਦਾ ਲਖਾਇਕ ਹੋ ਸਕਦਾ ਹੈ। ਦਿਲਜੀਤ ਆਪਣੀਆਂ ਇਹਨਾਂ ਕਹਾਣੀਆਂ ਵਿੱਚ ਆਪਣੇ 'ਤ੍ਰਿਸ਼ੰਕੂ' ਨਾਲ ਹਮਦਰਦੀ ਰਖਦਾ ਹੋਇਆ ਵੀ ਕਦੀ ਯਥਾਰਥ ਦਾ ਪੱਲਾ ਛੱਡ ਕੇ ਉਪਭਾਵੁਕਤਾ ਦੀਆਂ ਧੁੰਦਾਂ ਵਿਚ ਨਹੀਂ ਗੁਆਚਦਾ।

ਅਗਲੀਆਂ ਤਿੰਨ ਕਹਾਣੀਆਂ 'ਧੱਕੇ' 'ਦੁਆਨੀ' 'ਮੂੰਹ ਮੰਗੇ ਪੈਸੇ' ਰਿਕਸ਼ਾ ਚਲਾਣ ਵਾਲਿਆਂ ਦੀਆਂ ਕਹਾਣੀਆਂ ਹਨ। ਇਹਨਾਂ ਤਿੰਨਾਂ ਕਹਾਣੀਆਂ ਵਿੱਚ ਉਸਨੇ ਏਸ ਵਰਗ ਦੀਆਂ ਉਹਨਾਂ ਗੱਲਾਂ ਨੂੰ ਵਿਦਮਾਨ ਕੀਤਾ ਹੈ ਜਿਨ੍ਹਾਂ ਰਾਹੀਂ ਬਣੀ ਕਹਾਣੀ ਦੀ ਵਿਉਂਤ ਸਾਡੇ ਮਨ ਵਿਚ ਤਰਸ ਦੀ ਭਾਵਨਾ ਪੈਦਾ ਨਹੀਂ ਕਰਦੀ। 'ਮੂੰਹ ਮੰਗੇ ਪੈਸੇ' ਵਿਚ ਇਹ ਤਰਸ ਦੀ ਭਾਵਨਾ ਸਾਡੇ ਮਨ ਵਿਚ ਆਉਂਦੀ ਆਉਂਦੀ ਰਹਿ ਜਾਂਦੀ ਹੈ। ਦਲਜੀਤ ਦੇ ਮਨ ਵਿੱਚ ਰਿਕਸ਼ੇ ਵਾਲਿਆਂ ਪ੍ਰਤੀ ਮਧ–ਵਰਗੀ ਤਰਸ-ਭਾਵਨਾ ਨਹੀਂ ਸਗੋਂ ਉਹਨਾਂ ਦੇ ਜੀਵਨ ਦਾ ਯਥਾਰਥਕ ਗਿਆਨ ਇਹਨਾਂ ਕਹਾਣੀਆਂ ਦਾ ਅਧਾਰ ਹੈ। ਉਚ–ਵਰਗੀ–ਹਮਦਰਦੀ ਸਾਡੇ ਬਹੁਤੇ ਕਹਾਣੀ-ਕਾਰਾਂ ਦਾ ਖਾਸਾ ਤੇ ਕਮਜ਼ੋਰੀ ਹੈ। ਦਲਜੀਤ ਨੇ ਇਹਨਾਂ ਦੇ ਜੀਵਨ ਨੂੰ ਨੇੜਿਉਂ ਹੋ ਕੇ ਵੇਖਿਆ ਹੈ ਤੇ ਸ਼ਾਇਦ ਬੇਕਾਰੀ

ਦੇ ਨਿੱਜੀ ਤਜਰਬੇ ਦੀ ਪੁੱਠ ਸਦਕਾ ਇਹਨਾਂ ਕਹਾਣੀਆਂ ਵਿੱਚ ਉਹ ਯਥਾਰਥਕ ਰੰਗਣ ਹੈ ਜਿਹੜੀ ਮਜ਼ਦੂਰ ਸ਼੍ਰੇਣੀ ਬਾਰੇ ਲਿਖੀਆਂ ਕਹਾਣੀਆਂ ਵਿੱਚ ਬਹੁਤ ਘਟ ਹੁੰਦੀ ਹੈ। ਪਰ ਰਿਕਸ਼ਾ ਵਾਲਾ ਮੂਲ ਰੂਪ ਵਿਚ ਮਧ-ਵਰਗੀ ਚੇਤਨਾ ਦਾ ਲਖਾਇਕ ਹੁੰਦਾ ਹੈ ਇਸ ਲਈ ਦਲਜੀਤ ਦੀ ਚੇਤਨਾ ਵਿੱਚ ਰਿਕਸ਼ਾ ਵਾਲੇ ਦੀ ਮਾਣਸਕ ਤਸਵੀਰ ਨੂੰ ਗ੍ਰਹਿਣ ਕਰਨਾ ਤੇ ਵਿਅਕਤ ਕਰਨਾ ਉਨਾਂ ਔਖਾ ਨਹੀਂ ਜਿੰਨਾ ਔਖਾ ਉਸ ਮਜ਼ਦੂਰ ਨੂੰ ਚਿਤਰਨਾ ਹੋਵੇਗਾ ਜਿਸ ਅਦਰੋਂ ਮਧ-ਵਰਗੀ ਸੁਪਨ—ਭਾਵਨਾ ਪੂਰਨ ਰੂਪ ਵਿਚ ਅਲੋਪ ਹੋ ਚੁਕੀ ਹੋਵੇਗੀ।

ਇਹਨਾਂ ਕਹਾਣੀਆਂ ਵਿੱਚ ਉਹ ਮੌਕੇ ਬੇ—ਮੌਕੇ ਸਮਾਜ ਨੂੰ ਬਦਲਣ ਦੀਆਂ ਗੱਲਾਂ ਨਹੀਂ ਕਰਦਾ। ਇਸ ਕਮਜ਼ੋਰੀ ਦੇ ਬਹੁਤੀ ਵਾਰੀ ਉਹੀ ਲੇਖਕ ਸ਼ਿਕਾਰ ਹੁੰਦੇ ਹਨ ਜਿਨ੍ਹਾਂ ਦੀ ਕਹਿਣੀ ਤੇ ਕਰਨੀ ਵਿਚ ਫਰਕ ਹੁੰਦਾ ਹੋਵੇ ਜਾਂ ਜਿਹੜੇ ਸਾਹਿਤ ਵਿਚ ਵਿਚਾਰ ਲਿਆਉਣ ਦੀ ਵਿਧੀ ਤੋਂ ਅਣਜਾਣ ਹੋਣ। 'ਦੁਆਨੀ' ਕਹਾਣੀ ਵਿੱਚ 'ਮੁਕੰਦਾ' ਉਹ ਵਿਅਕਤੀ ਹੈ ਜਿਹੜਾ ਆਪਣੇ ਵਿਦ-ਰੋਹੀ ਵਿਚਾਰਾਂ ਸਦਕਾ 'ਲਾਲਾ ਸੁੰਦਰ ਦਾਸ' ਨੂੰ ਨਾਰਾਜ਼ ਕਰ ਚੁਕਾ ਹੈ ਪਰ ਫੇਰ ਧੱਕੇ ਖਾਕੇ ਉਹਦੇ ਕੋਲੋਂ ਹੀ ਮਿੰਨਤ ਨਾਲ ਰਿਕਸ਼ਾ ਕਿਰਾਏ ਤੇ ਲੈਣ ਲਈ ਆਉਂਦਾ ਹੈ, ਯਥਾਰਥ ਦਾ ਇਹ ਨਿਆਇ ਉਹਨੂੰ ਉਪਭਾਵਕਤਾ ਦੀ ਸਲ੍ਹਾਬ ਤੋਂ ਬਚਾਂਦਾ ਹੈ।

'ਦੇਵਤਾ' ਕਹਾਣੀ ਉਹਨਾਂ ਨੌਜਵਾਨਾਂ ਦੀ ਕਹਾਣੀ ਹੈ ਜਿਹੜੇ ਕਾਮ—ਵਸ ਹੋ ਕੇ ਬੜੀਆਂ ਹਵਾਈ—ਤੇਗਾਂ ਵਾਹੁੰਦੇ ਹਨ ਪਰ ਐਨ ਵੇਲੇ ਸਿਰ ਉਹਨਾਂ ਦੇ ਸੰਸਕਾਰ ਉਹਨਾਂ ਨੂੰ ਨਿਪੁੰਸਿਕ ਬਣਾ ਦੇਂਦੇ ਹਨ। ਉਹ ਵੱਕਤ ਲੰਘਣ ਪਿਛੋਂ ਫੜ੍ਹਾਂ ਮਾਰ ਕੇ ਆਪਣੇ ਆਪ ਨੂੰ ਤਸੱਲੀ ਦੇਣ ਦੀ ਕੋਸ਼ਸ਼ ਕਰਦੇ ਹਨ। ਕਹਾਣੀ ਦੱਸਣ ਦੀ ਇਹ ਵਿਧੀ ਏਨੀ ਪ੍ਰਚਲਤ ਹੋ ਚੁਕੀ ਹੈ ਕਿ ਜੋ ਗੱਲ ਠੀਕ ਵੀ ਕਹੀ ਹੈ ਉਹ ਵੀ ਪੋਹੰਦੀ ਨਹੀਂ।

'ਮੂੰਹ ਦਿਖਾਣ ਜੋਗਾ ਨਹੀਂ ਰਿਹਾ', 'ਕਾਫੀ ਹਾਊਸ' 'ਕਹਾਣੀ' ਤੇ 'ਦੁਕੀ, ਤਿੱਕੀ ਪੰਜੀ' ਵਰਗੀਆਂ ਕਹਾਣੀਆਂ ਉਸ ਚਿੱਤਰ ਨੂੰ ਪੂਰਾ ਕਰ ਦੇਂਦੀਆਂ ਹਨ ਜਿਹੜਾ ਲੇਖਕ ਪ੍ਰਤੀ, ਉਸਦੀ ਚੇਤਨਾ ਪ੍ਰਤੀ ਤੇ ਉਹਦੇ ਵਿਕਾਸ ਪ੍ਰਤੀ ਸਾਡੇ ਮਨ ਵਿੱਚ 'ਇਕ ਸੀ ਮੁੰਡਾ' 'ਮੋਰੀ ਦੀ ਇੱਟ' 'ਕਲ—ਜੁਗ' ਆਦਿ ਕਹਾਣੀਆਂ ਨਾਲ ਉਘੜਨਾ ਸ਼ੁਰੂ ਹੋਇਆ ਸੀ। ਬੇਕਾਰੀ ਤੋਂ ਲੈਕੇ ਨੌਕਰੀ ਕਰਨ ਸਮੇਂ ਦੀ ਅਵਸਥਾ, ਆਰਥਕ ਸਥਿਤੀ ਸੁਧਰਨ ਪਿਛੋਂ ਪਿਆਰ ਬਾਰੇ ਸੁਖਾਵੀਂ ਰੁਚੀ ਜਾਂ ਇਸਤਰੀ ਨੂੰ ਪਿਆਰ ਲੀਲਾ ਦਾ ਇਕ ਮੁਹਰਾ ਸਮਝਣ ਦੀ ਰੁਚੀ ਤੇ ਅੰਤ ਵਿਚ 'ਦੁੱਕੀ, ਤਿੱਕੀ ਪੰਜੀ' ਵਿਚ ਉਸ ਰੁਚੀ ਦਾ ਪਰਦਰਸ਼ਨ ਜਿਥੇ ਇਸਤਰੀ ਸੰਸਕਾਰਾਂ ਤੇ ਪੁਰਾਣੀਆਂ ਕੀਮਤਾਂ ਤੋਂ ਮੁਕਤ ਹੋ ਨਿਰੋਲ ਕਾਮ—ਭਾਵਨਾ ਦੀ ਪੂਰਤੀ ਲਈ ਤਿਆਰ ਹੁੰਦੀ ਹੈ, ਸਾਡੇ ਸਾਹਮਣੇ ਆਉਂਦੀਆਂ ਹਨ।

ਇਹਨਾਂ ਕਹਾਣੀਆਂ ਵਿਚੋਂ ਮਧ-ਵਰਗ ਦਾ ਆਧੁਨਿਕ ਮਨੁੱਖ ਹੌਲੀ ਹੌਲੀ ਸਪਸ਼ਟ ਨੁਹਾਰ ਧਾਰਨ ਕਰਦਾ ਹੈ। ਪਰ ਦਿਲਜੀਤ ਦਾ ਇਹ ਸਾਧਾਰਨ ਆਧੁਨਿਕ ਜੀਵ ਇਹਨਾਂ ਅਖਾਉਤੀ ਆਧੁਨਿਕਤਾ—ਵਾਦੀਆਂ ਵਾਂਗ ਹੋਛੀਆਂ, ਉਪਭਾਵਕ, ਸਵੈ—ਪ੍ਰਸੰਸਕ ਰੁਚੀਆਂ ਨੂੰ ਆਧੁਨਿਕਤਾ ਦੇ ਪਰਦੇ ਹੇਠ ਪ੍ਰਦਰਸ਼ਤ ਨਹੀਂ ਕਰਦਾ ਸਗੋਂ ਜ਼ਿੰਦਗੀ ਦੇ ਅਨੁਭਵ ਵਿਚੋਂ ਰੱਜੇ-ਪੁਜੇ ਮਧ—ਵਰਗੀ ਨੌਜਵਾਨ ਵਾਲੀ ਉਸ ਮਾਣਸਕ ਬਣਤਰ ਤੇ ਅਪੜਦਾ ਹੈ ਜਿਸ ਨੂੰ ਆਧੁਨਿਕਤਾ ਦੇ ਇਕ ਪੱਖ ਦਾ ਸਹੀ ਰੂਪ ਕਿਹਾ ਜਾ ਸਕਦਾ ਹੈ। ਆਧੁਨਿਕਤਾ ਦਾ ਦੂਜਾ ਪੱਖ ਕੀ ਹੈ ਤੇ ਅੱਜ ਦੇ ਪ੍ਰਸੰਗ ਵਿਚ ਕਿਹੜਾ ਵਿਅਕਤੀ ਇਸ ਦੀ ਪ੍ਰਤਿਨਿਧਤਾ ਕਰ ਸਕਦਾ ਹੈ ਜਾਂ ਕਰਦਾ ਹੈ, ਇਹ ਇਕ ਵੱਖਰਾ

ਸੁਆਲ ਹੈ ਜਿਸ ਬਾਰੇ ਮੈਂ ਏਥੇ ਚਰਚਾ ਨਹੀਂ ਕਰਾਂਗਾ।

ਪਰ ਇਹਨਾਂ ਕਹਾਣੀਆਂ ਬਾਰੇ ਸਭ ਤੋਂ ਵਧ ਚੰਗੀ ਤੇ ਪਿਆਰੀ ਚੀਜ਼ ਜਿਹੜੀ ਮੈਨੂੰ ਲਗੀ ਹੈ ਉਹ ਹੈ ਇਹਨਾਂ ਵਿਚਲੀ ਮਨੁੱਖੀ ਮਨੋ-ਸਥਿਤੀ ਦੀ ਅਸਲੀਅਤ ਨੂੰ ਵਿਅਕਤ ਕਰਨ ਦੀ ਸਮਰੱਥਾ।

ਆਪਣੇ ਏਸ ਪਹਿਲੇ ਕਹਾਣੀ ਸੰਗ੍ਰਹਿ ਸਦਕਾ ਦਿਲਜੀਤ ਪੰਜਾਬੀ ਦੇ ਮੁਹਰਲੇ ਕਹਾਣੀ ਕਾਰਾਂ ਵਿੱਚ ਗਿਣਿਆ ਜਾਣਾ ਚਾਹੀਦਾ ਹੈ। ਪੰਜਾਬੀ ਵਿੱਚ ਚਲਦੀ ਧੜੇ-ਬੰਦੀ ਕਿਥੋਂ ਤਕ ਏਸ ਅਸਲੀਅਤ ਨੂੰ ਉਭਰਨ ਦੇਏਗੀ ਇਹਦੇ ਬਾਰੇ ਕੁਝ ਨਾ ਕਹਿਣਾ ਹੀ ਚੰਗਾ ਹੈ।

## ਟੁੱਟੀਆਂ ਤੰਦਾਂ (ਨਾਵਲ)

ਸੁਰਿੰਦਰ ਸਿੰਘ ਜੌਹਰ ਦੇ ਏਸ ਨਾਵਲ "ਟੁਟੀਆਂ ਤੰਦੀਆਂ" ਵਿਚ ਉਸ ਅੱਜਕੇ ਪ੍ਰੀਵਰ-ਤਤ ਸਮਾਜ ਦਾ ਚਿੱਤਰ ਦੇਣ ਦਾ ਯਤਨ ਕੀਤਾ ਗਿਆ ਹੈ ਜਿਹੜਾ ਪਿਛਲੇ ਵੀਹ ਸਾਲਾਂ ਦੀਆਂ ਆਰਥਕ ਯੋਜਨਾਵਾਂ ਤੇ ਪਾਲਸੀਆਂ ਰਾਹੀਂ ਤੇ ਨਵੇਂ ਬਦਲਦੇ ਸਮਾਜਕ ਰਿਸ਼ਤਿਆਂ ਦੇ ਰੂਪ ਵਿਚ ਹੋਂਦ ਵਿਚ ਆਇਆ ਹੈ।

ਨਾਵਲ ਦਾ ਕਰਮ ਖੇਤਰ-ਉਚ ਵਰਗ ਅਤੇ ਉਚ-ਮਧ-ਵਰਗ ਨਾਲ ਸਬੰਧਤ ਹੈ। ਜੌਹਰ ਏਸ ਨਾਵਲ ਦੇ ਮੰਤਵ ਨੂੰ ਇਹਨਾਂ ਸ਼ਬਦਾਂ ਰਾਹੀਂ ਸਪਸ਼ਟ ਕਰਨ ਦਾ ਯਤਨ ਕਰਦਾ ਹੈ। 'ਇਹ ਨਾਵਲ ਇਕ ਐਸੇ ਸਮਾਜ ਦੇ ਪਾਜ ਨੂੰ ਨੰਗਾ ਕਰਦਾ ਹੈ ਜਿਥੇ, ਛਲਕਦੇ ਜਾਮ, ਚਮਕਦੇ ਸਿੱਕੇ, ਰੰਗ ਬਰੰਗੀਆਂ ਰੌਸ਼ਨੀਆਂ ਵਿਚ ਚਮਕਦੇ ਦਮਕਦੇ ਤੇ ਮਹਿਕਦੇ ਸਰੀਰ ਹੀ ਸਭ ਕੁਝ ਸਮਝੇ ਜਾਂਦੇ ਹਨ।"

ਨਾਵਲ ਪੜ੍ਹ ਕੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਜੌਹਰ ਉਹਨਾਂ ਪਾਤਰਾਂ ਦੀਆਂ ਨਿਕੀਆਂ ਨਿਕੀਆਂ ਸੋਚਾਂ, ਚਿੰਤਾਵਾਂ, ਲੋੜਾਂ ਤੇ ਭਾਵਾਂ ਤੋਂ ਜਾਣੂ ਹੈ ਜਾਂ ਇੰਜ ਕਹਿਣਾ ਚਾਹੀਦਾ ਹੈ ਕਿ ਉਹ ਇਹਨਾਂ ਉੱਚ-ਵਰਗੀ ਪਾਤਰਾਂ ਦੀਆਂ ਨਿਗੂਣੀਆਂ ਤੋਂ ਨਿਗੂਣੀਆਂ ਸੋਚਾਂ ਤੇ ਭਾਵਾਂ ਤੋਂ ਨਾ ਸਿਰਫ ਜਾਣੂ ਹੀ ਹੈ ਸਗੋਂ ਉਹਨਾਂ ਨੂੰ ਵਿਅਕਤ ਵੀ ਕਰ ਸਕਦਾ ਹੈ। ਫਰਕ ਸਿਰਫ ਇਹ ਹੈ ਕਿ ਇਹਨਾਂ ਨਿਗੂਣੀਆਂ ਗੱਲਾਂ ਦੀ ਅਭਿਵਿਅੰਜਣਾ ਕਲਾ ਦਾ ਰੂਪ ਧਾਰਨ ਨਹੀਂ ਕਰਦੀ ਸਗੋਂ ਨਿਗੂਣਤਾ ਬਣ ਕੇ ਰਹਿ ਗਈ ਹੈ।

ਨਾਵਲ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਹੈ ਕਿ ਕੋਈ ਗੱਲ ਐਸੀ ਨਹੀਂ ਜਿਹੜੀ ਜੌਹਰ ਦੀ ਨਜ਼ਰ ਤੋਂ ਬਚੀ ਹੋਏ। ਹਰ ਗੱਲ ਉਹਦੀ ਕਲਮ ਹੇਠ ਆਕੇ ਨਾਵਲ ਨੂੰ ਲੰਮੇਰਾ ਕਰਨ ਵਿੱਚ ਸਹਾਇਤਾ ਕਰਦੀ ਹੈ। ਜੇ ਕਾਲਜ ਫੰਕਸ਼ਨ ਹੈ ਤਾਂ ਉਹਦਾ ਵਰਣਨ, ਸੁਨੀਤਾ ਦਾ ਡਰ ਹੈ ਜਾਂ ਪਿਆਰ ਹੈ, ਜਾਂ ਉਹਦਾ ਰਾਤ ਨੂੰ ਸੌਣ ਦਾ ਨਿਸਫਲ ਯਤਨ ਹੈ, ਜਾਂ ਰਾਜੇਸ਼ ਦਾ ਪੜ੍ਹਾਈ ਲਈ ਡਟਣ ਦਾ ਫੈਸਲਾ ਹੈ, ਨਹਿਰ ਤੇ ਪੜ੍ਹਨ ਜਾਂਦਿਆਂ ਸੁਨੀਤਾ ਨੂੰ ਮਿਲਣ ਤੇ ਫਜ਼ੂਲ ਕਿਸਮ ਦੀਆਂ

ਗੱਲਾਂ ਸੋਚਣੀਆਂ ਹਨ ਜਾਂ ਨਹਿਰ ਤੇ ਹੋ ਰਹੀਆਂ ਪਿਕਨਿਕਾਂ ਦਾ ਵਰਣਨ ਹੈ–ਇਹ ਸਾਰਾ ਕੁਝ ਜੌਹਰ ਦੀ "ਵੇਖਣ ਵਾਲੀ ਅੱਖ" ਤੋਂ ਨਹੀਂ ਬਚਦਾ। ਅਫਸੋਸ ਤਾਂ ਇਹ ਹੈ ਕਿ ਇਹ ਬਹੁਤ ਕੁਝ ਬੇ-ਲੋੜਾ, ਬੇ-ਥਵਾ, ਅਕਾਊ, ਰਸ-ਹੀਣ ਤੇ ਕਲਾ ਰਹਿਤ ਹੈ ਜਿਸਦਾ ਨਾਵਲ ਦੇ ਚੌਖਟੇ ਵਿਚ ਵਿਉਂਤ-ਬੱਧ ਹੋਣਾ ਸੰਭਵ ਨਹੀਂ। ਜਿਹੜੀ ਚੀਜ਼ ਸਾਹਮਣੇ ਆਉਂਦੀ ਹੈ ਉਹਦੇ ਬਾਰੇ ਕਲਮ-ਘਸੀਟਣਾ ਭੈੜੀ ਕਲਾ ਹੀ ਕਹੀ ਜਾ ਸਕਦੀ ਹੈ।

ਗਰੀਬ ਮਾਂ-ਪਿਉਂ ਦੇ ਘਰ ਜੰਮੇ ਰਾਜੇਸ਼ ਦ ਪਿਆਰ ਅਮੀਰਾਂ ਦੀ ਧੀ ਸੁਨੀਤਾ ਨਾਲ ਹੁੰਦਾ ਹੈ। ਅਚਾਨਕ ਇਕ ਦਿਨ ਉਹ ਨਹਿਰ ਦੇ ਕੰਢੇ ਤੇ ਮਿਲਦੇ ਹਨ ਤੇ ਗੱਲਾਂ ਚਲਦੀਆਂ ਚਲਦੀਆਂ ਸਮਾਜ ਨਾਲ ਟੱਕਰ ਲੈਣ ਤੇ ਪਹੁੰਚ ਜਾਂਦੀਆਂ ਹਨ, "........ਸੁਨੀਤਾ, ਵਿਚਾਰ ਤੇ ਦਲੀਲਾਂ ਤੁਹਾਡੀਆਂ ਠੀਕ ਹਨ ਪਰ ਕੋਈ ਪਿਓ ਕਿਵੇਂ ਆਪਣੀ ਧੀ ਕਿਸੇ ਕੰਗਾਲ ਦੇ ਗਲ ਮੜ੍ਹ ਸਕਦਾ ਹੈ......

ਸਮਾਜ ਬੜੀਆਂ ਉਲਝਣਾਂ ਵਿੱਚ ਫਸਿਆ ਹੋਇਆ ਹੈ। ਸਮਾਜ ਦੀਆਂ ਤੰਦਾਂ ਤੋੜਨ ਲਈ ਲੋਹੇ ਦੇ ਦੰਦ ਚਾਹੀਦੇ ਹਨ ਜਿਹੜੇ ਸਾਡੇ ਕੋਲ ਹੈ ਨਹੀਂ। ਤੁਹਾਡੇ ਮਾਤਾ ਪਿਤਾ ਤੁਹਾਡੇ ਵਿਚਾਰਾਂ ਨਾਲ ਕਦੀ ਵੀ ਸਹਿਮਤ ਨਹੀਂ ਹੋ ਸਕਦੇ ਤੇ ਉਹ ਤੁਹਾਡੇ ਨਾਲ ਘਿਰਨਾ ਕਰਨ ਲਗ ਜਾਣਗੇ। ਸਾਰਾ ਸਮਾਜ ਤੁਹਾਡੀ ਚਾਇਸ ਤੇ ਹੈਰਾਨ ਹੋਵੇਗਾ ਤੇ ਤੁਹਾਡੇ ਰਾਹ ਵਿੱਚ ਪੱਥਰਾਂ ਦੇ ਢੇਰ ਸੁਟ ਦਿੱਤੇ ਜਾਣਗੇ ਜਿਨ੍ਹਾਂ ਤੋਂ ਲੰਘਣ ਲਗਿਆ ਤੁਹਾਡੇ ਪੈਰ ਛਿਲੇ ਜਾਣਗੇ ਤੇ ਤੁਸੀਂ ਨਿਢਾਲ ਹੋਕੇ ਰਾਹ ਵਿਚ ਹੀ ਡਿਗ ਪਵੋਗੇ।'

"ਰਾਜੇਸ਼ ਜੀ, ਸਮਾਜ ਨਾਲ ਇਕ ਦਿਨ ਟੱਕਰ ਲੈਣੀ ਹੀ ਪਏਗੀ, ਆਖਰ ਇਕ ਸ਼ਕਤੀ ਪੈਦਾ ਹੋਏਗੀ ਜਿਹੜੀ ਸਮਾਜ ਨਾਲ ਮੱਥਾ ਲਗਾਏਗੀ ਤੇ ਤੁਸੀਂ ਕੋਈ ਚਿੰਤਾ ਨਾ ਕਰੋ, ਅਸੀਂ ਉਹ ਸ਼ਕਤੀ ਪੈਦਾ ਕਰਾਂਗੇ।"

(ਨਹਿਰ ਦੇ ਕੰਢੇ ਤੇ ਉਹ ਰਾਜੇਸ਼ ਦੇ ਗਲ ਵਿੱਚ ਬਾਹਾਂ ਪਾ ਦੇਂਦੀ ਹੈ ਜਿਹੜੀ ਡਰ ਰਹੀ ਸੀ ਕਿ ਕੋਈ ਵੇਖ ਨਾ ਲਵੇ)।

ਪਰ ਸਮਾਜ ਨਾਲ ਟੱਕਰ ਲੈਣ ਲਈ ਪੀ. ਸੀ. ਐਸ. ਦੇ ਇਮਤਿਹਾਨ ਵਿਚ ਰਾਜੇਸ਼ ਸਫਲ ਹੋ ਜਾਂਦਾ ਹੈ। ਵਿਆਹ ਹੁੰਦਾ ਹੈ। ਥੋੜੇ ਸਮੇਂ ਦੇ ਅਦਰਸ਼ਵਾਦੀ ਝਮੇਲੇ ਪਿਛੋਂ ਜੀਵਨ ਉਸ ਲੀਹ ਤੇ ਟੁਰਨ ਲਗਦਾ ਹੈ ਜਿਸਦਾ ਜ਼ਿਕਰ ਲੇਖਕ ਦੇ ਆਪਣੇ ਸ਼ਬਦਾਂ ਵਿਚ ਉਪਰ ਹੋਇਆ ਹੈ। ਕਲੱਬ ਦੇ ਜੀਵਨ ਬਾਰੇ, ਸੁਨੀਤਾ ਦੀ ਸਦਾਚਾਰਕ ਗਿਰਾਵਟ ਤੇ ਉਹਦੇ ਕਾਰਨ ਇਹ ਸਾਰੀਆਂ ਗੱਲਾਂ ਲੇਖਕ ਬਗੈਰ ਕਿਸੇ ਯਤਨ ਦੇ ਕਹਿ ਜਾਂਦਾ ਹੈ। ਅੰਤ ਵਿੱਚ ਜਦੋਂ ਪਤੀ ਪਤਨੀ ਦੇ ਰਾਹ ਵੱਖ ਹੁੰਦੇ ਹਨ ਤਾਂ ਸੁਨੀਤਾ ਬਿਲਕੁਲ ਹੀ ਏਸ ਸਮਾਜ ਦੀਆਂ ਸਰਮਾਏਦਾਰੀ ਦੀਆਂ ਕਾਮ ਰੁਚੀਆਂ ਦਾ ਸ਼ਿਕਾਰ ਹੋ ਚੁਕੀ ਹੁੰਦੀ ਹੈ। ਪਰ ਏਸ ਵਿੱਚ ਉਹਦੀ ਆਪਣੀ ਨਾ ਗਿਨਾਉਣੀ ਵਿਦ-ਰੋਹ ਦੀ ਰੁਚੀ ਹੀ ਮੁਖ ਕਾਰਨ ਦਿਖਾਈ ਗਈ ਹੈ। ਅੰਤ ਵਿਚ ਰਾਜੇਸ਼ ਆਤਮ-ਹਤਿਆ ਕਰਨ ਲਈ ਤੱਤਪਰ ਵਿਖਾਇਆ ਹੈ।

ਸਾਰੇ ਨਾਵਲ ਨੂੰ ਪੜ੍ਹਕੇ ਕਿਸੇ ਠੁੱਕ ਦਾਰ ਵਿਉਂਤ ਦਾ ਝਲਕਾਰਾ ਨਹੀਂ ਪੈਂਦਾ, ਸਗੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਲੇਖਕ ਕਿਸੇ ਤਰ੍ਹਾਂ ਕਹਾਣੀ ਨੂੰ ਲਮਕਾਈ ਜਾ ਰਿਹਾ ਹੈ।

ਕਹਾਣੀ ਦੇ ਵਿਸ਼ੇ ਤੇ ਨਵੇਂ ਜੀਵਨ ਖੇਤਰ ਸਦਕਾ ਜੋ ਸੰਭਾਵਨਾਵਾਂ ਨਾਵਲ ਵਿਚ ਪੈਦਾ ਕੀਤੀਆਂ ਜਾਣੀਆਂ ਚਾਹੀਦੀਆਂ ਸਨ ਉਹਨਾਂ ਦੇ ਤਲ ਲੇਖਕ ਨਿਭ ਨਹੀਂ ਸਕਿਆ ।

**ਅਮਰਜੀਤ ਸਿੰਘ**

## ਕਲ ਵੀ ਸੂਰਜ ਨਹੀਂ ਚੜ੍ਹੇਗਾ (ਨਾਵਲ)

ਸੁਰਜੀਤ ਸਿੰਘ ਸੇਠੀ ਨੂੰ ਸ਼ਕਾਇਤ ਹੈ ਕਿ ਉਸ ਨੂੰ ਪਾਠਕ ਨਹੀਂ ਮਿਲਦੇ । ਉਸ ਅਨੁਸਾਰ ਉਸਦੇ ਪਹਿਲੇ ਨਾਵਲ "ਜਨਤਾ ਜਾਗੀ" ਦੀ ਐਡੀਸ਼ਨ ਕੁਝ ਹੀ ਮਹੀਨਿਆਂ ਵਿਚ ਖਤਮ ਹੋ ਗਈ ਸੀ । ਪਰ ਜਿਉਂ ਜਿਉਂ ਉਹ ਅਗਾਂਹ ਲਿਖਦਾ ਗਿਆ ਉਸ ਦੇ ਪਾਠਕ ਘਟਦੇ ਗਏ ਤੇ ਹੁਣ ਪਾਠਕ ਵਰਗ ਦਾ ਲਗ ਪਗ ਅਭਾਵ ਹੀ ਹੈ । ਇਸ ਤੋਂ ਸਿੱਟਾ ਉਹ ਇਹ ਕਢਦਾ ਜਾਪਦਾ ਹੈ ਕਿ ਉਸਦੀ ਲਿਖਤ ਵਧੇਰੇ ਕਲਾਮਈ ਤੇ ਪਰੌਢ ਹੁੰਦੀ ਗਈ ਹੈ ਜਦਕਿ ਪਾਠਕ ਅਜੇ ਉਤਨੇ ਬੁਧੀਵਾਨ ਤੇ ਕਲਾ ਰਸੀਏ ਨਹੀਂ ਹੋਏ । ਇਸ ਖਿਆਲ ਦੇ ਤਰਕ ਅਨੁਸਾਰ ਹੀ ਉਸਨੂੰ ਆਸ਼ਾ ਹੈ ਕਿ ਸਮਾਂ ਬੀਤਣ ਉਪਰੰਤ ਜ਼ਰੂਰ ਹੀ ਉਸਨੂੰ ਪਾਠਕ ਮਿਲ ਜਾਣਗੇ ।

ਸੂਝਵਾਨ ਪਾਠਕਾਂ ਦੀ ਅਣਹੋਂਦ ਬਾਰੇ ਸੇਠੀ ਦਾ ਗਿਲਾ ਭਾਵੇਂ ਉਕਾ ਹੀ ਨਿਰਾਧਾਰ ਨਹੀਂ ਤਦ ਵੀ ਜਾਪਦਾ ਹੈ ਕਿ ਆਪਣੀਆਂ ਕਿਰਤਾਂ ਲਈ ਪਾਠਕਾਂ ਦੀ ਅਣਹੋਂਦ ਦੀ ਸਮਸਿਆ ਨੂੰ ਉਸਨੇ ਉਲਟੀ ਦਿਸ਼ਾ ਵਿਚ ਵੇਖਿਆ ਹੈ । ਯਥਾਰਥ ਰੂਪ ਵਿਚ ਸਮਸਿਆ ਇਉਂ ਹੈ ਕਿ ਆਪਣਾ ਸਾਹਿਤਕ ਜੀਵਨ ਆਰੰਭ ਕਰਨ ਉਪਰੰਤ ਸੇਠੀ ਉਸ ਵਰਗ ਤੋਂ ਵਧੇਰੇ ਪ੍ਰਭਾਵਤ ਹੁੰਦਾ ਆਇਆ ਹੈ ਜੋ ਕਿਸੇ ਵੀ ਠੀਕ ਜਾਂ ਗਲਤ ਵਿਧੀ ਦੁਆਰਾ ਪ੍ਰਸਿੱਧਤਾ ਪ੍ਰਾਪਤ ਕਰਨਾ ਲੋਚਦਾ ਸੀ । ਪ੍ਰਸਿੱਧਤਾ ਪ੍ਰਾਪਤ ਕਰਨ ਲਈ ਇਸ ਵਰਗ ਨੂੰ ਕੁਝ ਅਣੋਖੀਆਂ ਗੱਲਾਂ ਕਰਨਾ ਵੀ ਅਵਸ਼ਕ ਪ੍ਰਤੀਤ ਹੁੰਦਾ ਸੀ । ਅਤੇ ਅਣੋਖਾਪਨ ਇਸ ਵਰਗ ਨੇ ਆਮ ਤੌਰ ਤੇ ਨਿਰਾਰਥਕ ਫਜ਼ੂਲ ਤੇ ਹਾਸੋਹੀਣੀਆ ਗੱਲਾਂ ਕਰਕੇ ਉਤਪੰਨ ਕਰਨ ਦਾ ਯਤਨ ਕੀਤਾ । ਪੰਜਾਬੀ ਸਾਹਿਤ ਵਿਚ ਪ੍ਰਯੋਗਵਾਦ ਤੇ ਇਸਦੇ ਲਾਗੇ ਚਾਗੇ ਦੇ ਹੋਰ ਸਾਰੇ ਵਾਦ, ਹੋਰਨਾਂ ਕਾਰਨਾਂ ਤੋਂ ਬਿਨਾਂ, ਉਪਰੋਕਤ ਬਿਰਤੀ ਦੀ ਵੀ ਉਪਜ ਸਨ । ਸੇਠੀ ਅਜਿਹੇ ਵਰਗ ਦੇ ਪ੍ਰਭਾਵ ਅਧੀਨ ਵਧੇਰੇ ਕਰਕੇ ਫਜ਼ੂਲ ਤੇ ਨਿਰਾਰਥਕ ਗੱਲਾਂ ਨੂੰ ਆਪਣੀ ਸਾਹਿਤ ਰਚਨਾ ਦਾ ਮਧਿਅਮ ਬਣਾਉਂਦਾ ਰਿਹਾ ਹੈ । ਵਾਰਤਕ ਖੇਤਰ ਵਿਚ ਤਾਂ ਉਹ ਕਥਿਤ ਪ੍ਰਯੋਗਵਾਦੀਆਂ ਦਾ ਇਕੋ ਇਕ ਪ੍ਰਤੀਨਿਧ ਬਣ ਕੇ ਸਾਹਵੇਂ ਆਉਣ ਲਈ ਵੀ ਪ੍ਰਯਤਨਸ਼ੀਲ ਰਿਹਾ ਹੈ । ਫਲ ਸਰੂਪ ਆਪਣੇ ਅੰਦਰਲੇ ਕਲਾਕਾਰ ਨੂੰ ਇਕ ਭਰਮ ਵਸ ਉਸਨੇ ਬਹੁਤ ਹੱਦ ਤਕ ਅਜਾਈਂ ਨਸ਼ਟ ਕੀਤਾ ਹੈ ।

ਪਰ ਭਾਵੇਂ ਪਾਠਕਾਂ ਦੀ ਅਣਹੋਂਦ ਦੀ ਸ਼ਕਾਇਤ ਉਸਨੇ ਕੀਤੀ ਹੈ ਅਤੇ ਆਪਣੀ ਸਾਹਿਤਕ ਪ੍ਰਾਪਤੀ ਪ੍ਰਤੀ ਉਸਦੀ ਪਹੁੰਚ ਅਜੇ ਵੀ ਆਲੋਚਨਾਤਮਕ ਨਹੀਂ ਸਗੋਂ ਸਵੈਪ੍ਰਸ਼ੰਸਕ ਹੈ, ਤਦ ਵੀ ਉਸ ਦਾ ਨਵਾਂ ਨਾਵਲ "ਕੱਲ ਵੀ ਸੂਰਜ ਨਹੀਂ ਚੜ੍ਹੇਗਾ" ਫਜ਼ੂਲੀਅਤ ਦੇ ਉਸ ਦੇ

ਸ਼ੌਕ ਤੋਂ ਚੋਖੀ ਮਾਤਰਾ ਤਕ ਮੁਕਤ ਹੈ। ਇਸ ਪਰਕਾਰ ਉਹ ਆਪਣੇ ਗੁਮਸ਼ੁਦਾ ਪਾਠਕਾਂ ਨੂੰ ਢੂੰਡਣ ਦਾ ਜਤਨ ਕਰਦਾ ਪ੍ਰਤੀਤ ਹੁੰਦਾ ਹੈ। "ਕਲ ਵੀ ਸੂਰਜ ਨਹੀਂ ਚੜ੍ਹੇਗਾ" ਵਿਚ ਭਾਰਤ ਦੇ ਸੁਤੰ-ਤਰਤਾ ਸੰਗਰਾਮ ਦੀ ਉਸ ਘਟਨਾ ਨੂੰ ਵਸਤੂ ਵਜੋਂ ਅਪਨਾਇਆ ਗਿਆ ਹੈ ਜੋ ਨਾ ਕੇਵਲ ਸਮੂੰਹ ਪੰਜਾਬੀ ਤੇ ਭਾਰਤੀ ਲੋਕਾਂ ਨੂੰ ਸਦੀਆਂ ਤਕ ਇਕ ਖ਼ੂਨੀ ਘਟਨਾ ਵਜੋਂ ਯਾਦ ਰਹੇਗੀ ਸਗੋਂ ਜਿਸਨੂੰ ਪਰਾਧੀਨ ਲੋਕਾਂ ਦੇ ਰਾਸ਼ਟਰੀ ਮੁਕਤੀ ਦੇ ਸੰਘਰਸ਼ ਵਿਚ ਅੰਤਰਰਾਸ਼ਟਰੀ ਪੱਧਰ ਉਪਰ ਵੀ ਚਿਰਾਂ ਤਕ ਯਾਦ ਕੀਤਾ ਜਾਂਦਾ ਰਹੇਗਾ। ਅੰਮ੍ਰਿਤਸਰ ਦੇ ਜਲਿਆਂਵਾਲੇ ਬ ਗ ਦੇ ਇਤਿਹਾਸਕ ਖ਼ੂਨੀ ਕਾਂਡ ਨੂੰ ਨਾਵਲ ਦਾ ਵਸਤੂ ਬਣਾ ਲੈਣ ਨਾਲ ਸੇਠੀ ਵਿਸ਼ੈਵਸਤੂ ਦੀ ਚੋਣ ਸਬੰਧੀ ਆਮ ਕੀਤੀ ਜਾਣ ਵਾਲੀ ਆਪਣੀ ਗਲਤੀ ਤੋਂ ਮੁਕਤ ਹੋ ਜਾਂਦਾ ਹੈ। ਇਸ ਲਈ ਉਸਦਾ ਇਹ ਨਾਵਲ ਬੀਮਾਰ ਮਨਾਂ ਦੀਆਂ ਉਲਝਣਾਂ ਦੇ ਵਿਸ਼ਲੇਸ਼ਨ ਤਕ ਹੀ ਸੀਮਤ ਨਹੀਂ ਰਹਿ ਜਾਂਦਾ ਜੋ ਕਿ ਉਸਦੀਆਂ ਪਹਿਲੀਆਂ ਰਚਨਾਵਾਂ ਦਾ ਮੁੱਖ ਲੱਛਣ ਹੈ, ਤੇ ਜਿਸ ਕਾਰਨ ਪਾਠਕ ਵਰਗ ਉਸਤੋਂ ਨਿਰਾਸਤਾ ਪ੍ਰਗਟ ਕ ਦਾ ਹੈ। ਇਕ ਸਾਰਥਕ ਵਿਸ਼ੇ ਨੂੰ ਹੱਥ ਪਾ ਲੈਣ ਪਿਛੋਂ ਉਸਦੀ ਕਲਾ ਸਮਰੱਥਾ ਚੋਖੀ ਮਾਤਰਾ ਵਿਚ ਆਪਣਾ ਪ੍ਰਗਟਾ ਕਰ ਸਕਣ ਦੇ ਸਮਰੱਥ ਹੋ ਗਈ ਹੈ।

ਉਸ ਮਹਾਨ ਦੁਖਾਂਤ ਨੂੰ, ਜੋ "ਜਲਿਆਂਵਾਲਾ ਬਾਗ ਦਾ ਸਾਕਾ" ਕਰਕੇ ਜਾਣਿਆ ਜਾਂਦਾ ਹੈ, ਦਰਸਾਉਣ ਲਈ, ਲੇਖਕ ਨੇ ਕਈ ਇਕ ਨਵੀਨ ਵਿਧੀਆਂ ਦਾ ਪ੍ਰਯੋਗ ਕੀਤਾ ਹੈ।ਮੁਖ ਰੂਪ ਵਿਚ ਉਹ ਇਕ ਅਜਿਹੇ ਪਾਤਰ ਦੁਆਰਾ ਘਟਨਾਵਾਂ ਨੂੰ ਸਾਹਵੇਂ ਲਿਆਉਂਦਾ ਹੈ ਜੋ ਖ਼ੁਦ ਜਨਰਲ ਡਾਇਰ ਦੇ ਦੂਸਰੇ ਸਵੈ ਤੋਂ ਬਿਨਾਂ ਹੋਰ ਕੋਈ ਨਹੀਂ ਹੋ ਸਕਦਾ। ਰਾਮ ਨੌਮੀ ਦੇ ਤਿਉਹਾਰ ਸਮੇਂ ਹਿੰਦੂਆਂਸਿਖਾਂ ਮੁਸਲਮਾਨਾਂ ਦੇ ਸਾਂਝੇ ਪ੍ਰਦਰਸ਼ਣ ਨੂੰ ਰੋਕਣ ਲਈਕਿਵੇਂ ਅੰਗਰੇਜ਼ ਅਧਿਕਾਰੀਆਂ ਨੇ ਕੌਮੀ ਆਗੂਆਂ ਡਾਕਟਰ ਸੱਤਪਾਲ ਤੇ ਸੈਫਉਲਦੀਨ ਕਿਚਲੂ ਨੂੰ ਗਿਰਫਤਾਰ ਕਰਕੇ ਧਰਮ-ਸਾਲਾ ਭੇਜ ਦਿੱਤਾ ਸੀ। ਇਹਨਾਂ ਗਰਿਫਤਾਰੀਆਂ ਵਿਰੁੱਧ ਰੋਹ ਨਾਲ ਭਰਪੂਰ ਲੋਕਾਂ ਦੀ ਜੁੜੀ ਭੀੜ ਉਤੇ ਅੰਗਰੇਜ਼ ਅਧਿਕਾਰੀਆਂ ਨੇ ਅੰਨ੍ਹੇਵਾਹ ਲਾਠੀਆਂ ਤੇ ਗੋਲੀਆਂ ਵਰ੍ਹਾਈਆਂ ਸਨ। ਤੇ ਫੇਰ ਅੰਗਰੇਜ਼ ਡਿਪਟੀ ਕਮਿਸ਼ਨਰ ਮਾਈਲਜ਼ ਇਰਵਿੰਗ ਅੰਮ੍ਰਿਤਸਰ ਦੇ ਲੋਕਾਂ ਨੂੰ ਕਾਬੂ ਵਿਚ ਰੱਖ ਸਕਣ ਤੋਂ ਅਸਮਰੱਥ ਹੋ ਗਿਆ ਸੀ। ਇਸ ਸਮੇਂ ਸਥਿਤੀ ਉਤੇ ਕਾਬੂ ਪਾਉਣ ਲਈ ਸਮੁੱਚੇ ਸ਼ਹਿਰ ਨੂੰ ਫੌਜ ਦੇ ਹਵਾਲੇ ਕਰ ਦਿਤਾ ਗਿਆ ਸੀ, ਜਿਸਦੀ ਕਮਾਨ ਹੈਂਢੇ ਹੋਏ ਤੇ ਜਾਬਰ ਫੌਜੀ ਅਫਸਰ ਜਨਰਲ ਡਾਇਰ ਨੂੰ ਸੌਂਪੀ ਗਈ ਸੀ। ਹਿੰਦੁਸਤਾਨੀਆਂ ਪ੍ਰਤੀ ਅਤਿ ਦੀ ਘਿਰਣਾ ਵਿਚ ਗੁੱਸੇ ਜਨਰਲ ਡਾਇਰ ਨੇ ਗੋਰਿਆਂ ਦੇ ਰਾਜ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਸਦਾ ਲਈ ਸਬਕ ਸਿਖਾਉਣ ਦੇ ਮੰਤਵ ਨਾਲ ਵਿਸਾਖੀ ਦੇ ਅਵਸਰ ਉਤੇ ਜਲਿਆਂਵਾਲੇ ਬਾਗ ਵਿਚ ਹੋਣ ਵਾਲੇ ਇਕੱਠ ਉਤੇ ਗੋਲੀ ਚਲਾਉਣ ਦਾ ਨਿਸਚਾ ਕੀਤਾ ਸੀ। ਸਭਨਾਂ ਪਾਸਿਆਂ ਤੋਂ ਨਾਕੇ ਬੰਦ ਕਰਕੇ ਹਜ਼ਾਰਾਂ ਲੋਕਾਂ ਦੀ ਜੁੜੀ ਭੀੜ ਉਤੇ ਬਿਨਾਂ ਕਿਸੇ ਵਾਰਨਿੰਗ ਦੇ ਪੂਰੇ ਦਸ ਮਿੰਟ ਫਾਇਰਿੰਗ ਕੀਤੀ ਗਈ ਸੀ ਜਿਸ ਦੌਰਾਨ ਸੋਲਾਂ ਸੌ ਰੌਂਦ ਚਲਾਏ ਗਏ ਸਨ। ਸਿੱਟੇ ਵਜੋਂ ਸੈਂਕੜੇ ਮਨੁਖ ਪਲਾਂ ਛਿਨਾਂ ਵਿਚ ਮੌਤ ਦੀ ਗੋਦ ਵਿਚ ਜਾ ਸੁੱਤੇ ਸਨ।ਇਹ ਸਾਰਾ ਵਿਵਰਣ ਡਾਇਰ ਦਾ ਦੂਸਰਾ ਆਪਾ ਹੀ ਦਿੰਦਾ ਹੈ।ਇਸਤੋਂਬਿਨਾਂ ਇਸ ਦੁਖਾਂਤ ਦੇ ਪ੍ਰਭਾਵ ਨੂੰ ਹੋਰ ਉਘਾੜਨ ਲਈ ਲੇਖਕਨੇ ਕਈ ਹੋਰ ਪਾਤਰਾਂ ਦੀ ਸਿਰਜਣਾ ਵੀ ਕੀਤੀ ਹੈ ਜਿੰਨ੍ਹਾਂ ਨੂੰ ਇਸ ਪ੍ਰਕਾਰ ਫਿਲਮੀ ਦ੍ਰਿਸ਼ਾਂ ਦੀ ਤਕਨੀਕ ਅਨੁਸਾਰ ਸਾਹਵੇਂ

ਲਿਆਂਦਾ ਗਿਆ ਹੈ। ਸੋਮਾਵੰਤੀ ਦਾ ਗਭਰੂ ਦਸ ਅਪਰੈਲ ਨੂੰ ਗੋਲੀ ਦਾ ਨਿਸ਼ਾਨਾ ਹੋ ਗਿਆ ਸੀ ਤੇ ਹੁਣ ਉਸ ਦਾ ਪੁੱਤਰ ਕੰਵਲ ਵੀ ਚਲਦਾ ਹੋਇਆ ਹੈ। ਭਕਨੇ ਦੇ ਜੱਟ ਝੰਡਾ ਸਿੰਘ ਦੇ ਤਿੰਨ ਪੁੱਤਰ ਪਹਿਲੇ ਸੰਸਾਰ ਜੁੱਧ ਵਿਚ ਅੰਗਰੇਜ਼ ਦੀ ਖਾਤਰ ਲੜਦੇ ਮਰੇ ਸਨ ਤੇ ਹੁਣ ਉਹ ਅੰਗਰੇਜ਼ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ ਹੈ। ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਤੇ ਸ਼ਹਿਰ ਵਿਚ ਪੁੱਤਰ ਕੋਲ ਆਇਆ ਮਲਕ ਸਤਿਨਾਮ ਸਿੰਘ ਬਾਗ ਵਲ ਸੈਰ ਕਰਨ ਆਇਆ ਹੀ ਡਾਇਰ ਦਾ ਨਿਸ਼ਾਨਾ ਹੋ ਗਿਆ ਹੈ। ਸੋਲਾਂ ਵਰ੍ਹਿਆਂ ਦਾ ਬੀਰ ਸਿੰਘ ਆਪਣੇ ਚਾਚੇ ਕੋਲ ਪੁਜਦਾ ਹੋਇਆ ਹੈ, ਜੋ ਉਸ ਦਾ ਇਕੋ ਇਕ ਸਬੰਧੀ ਸੀ ਅਤੇ ਜੋ ਕੁਝ ਦਿਨ ਪਹਿਲਾਂ ਉਸ ਨੂੰ ਵਿਛੋੜਾ ਦੇ ਗਿਆ ਸੀ।

ਰਾਸ਼ਟਰੀ ਸੰਗਰਾਮ ਦੇ ਉਸ ਪੜਾਅ ਉਤੇ, ਜਦੋਂ ਜਲਿਆਂ ਵਾਲੇ ਬਾਗ ਦਾ ਸਾਕਾ ਹੋਇਆ, ਦੇਸ਼ ਵਾਸੀਆਂ ਤੇ ਖਾਸਕਰ ਅੰਮ੍ਰਿਤਸਰ ਦੇ ਵਸਨੀਕਾਂ ਦੀ ਕੀ ਮਨੋ ਅਵਸਥਾ ਸੀ, ਉਹਨਾਂ ਦਾ ਅੰਗਰੇਜ਼ ਸ਼ਾਸਨ ਪ੍ਰਤੀ ਕਿਹੋ ਜਿਹਾ ਵਤੀਰਾ ਸੀ, ਉਹਨਾਂ ਵਿਚ ਕਿੰਨੇ ਕੁ ਲੋਕ ਦ੍ਰਿੜ, ਸੰਗਰਾਮੀਏ, ਕਿੰਨੇ ਕੁ ਸਾਧਾਰਨ ਦ੍ਰਿਸ਼ਟੀ ਵਾਲੇ ਤੇ ਕਿੰਨੇ ਕੁ ਅੰਗਰੇਜ਼ ਤੋਂ ਭੈ ਖਾ ਕੇ ਆਪਣੇ ਘੁਰਨਿਆਂ ਵਿਚ ਛੁਪਣ ਵਾਲੇ ਸਨ ਤੇ ਉਹਨਾਂ ਦਾ ਸ੍ਰੇਣਕ ਕਿਰਦਾਰ ਕੀ ਸੀ, ਇਹ ਸਭ ਕੁਝ ਵੀ ਨਾਵਲ ਵਿਚੋਂ ਭਲੀ ਭਾਂਤ ਪ੍ਰਗਟ ਹੁੰਦਾ ਹੈ।

ਇਹ ਕਹਿਣਾ ਬਿਲਕੁਲ ਉਚਿਤ ਤੇ ਤਰਕ ਅਨੁਕੂਲ ਹੈ ਕਿ ਕੋਈ ਰਚਨਾ ਇਸ ਕਾਰਨ ਹੀ ਪੁਰਾਤਨ ਜਾਂ ਆਧੁਨਿਕ ਨਹੀਂ ਮਿਥੀ ਜਾ ਸਕਦੀ ਕਿ ਉਸ ਰਚਨਾ ਦਾ ਵਸਤੂ ਪੁਰਾਣੇ ਇਤਿਹਾਸ ਵਿਚੋਂ ਲਿਆ ਗਿਆ ਹੈ ਜਾਂ ਸਾਮਿਅਕ ਸਮਾਜ ਵਿਚੋਂ। ਮੂਲ ਰੂਪ ਵਿਚ ਕਿਸੇ ਰਚਨਾ ਵਿਚ ਵਸਤੂ ਦਾ ਨਿਭਾਅ ਢੰਗ ਹੀ ਇਹ ਨਿਰਧਾਰਤ ਕਰਦਾ ਹੈ ਕਿ ਉਹ ਰਚਨਾ ਆਧੁਨਿਕ ਹੈ ਜਾਂ ਨਹੀਂ। ਨਿਰਸੰਦੇਹ, ਇਤਿਹਾਸਕ ਘਟਨਾ ਨੂੰ ਵਸਤੂ ਬਣਾਉਣ ਦੇ ਬਾਵਜੂਦ, ਸੇਠੀ ਨੇ ਕਿਸੇ ਵੀ ਤਰ੍ਹਾਂ "ਕੱਲ ਵੀ ਸੂਰਜ ਨਹੀਂ ਚੜ੍ਹੇਗਾ" ਨੂੰ ਪੁਰਾਣੇ ਘਸੇ ਮਿਟੇ ਰੂਪ ਵਾਲਾ ਕਥਿਤ ਇਤਿਹਾਸਕ ਨਾਵਲ ਨਹੀਂ ਬਣਨ ਦਿੱਤਾ। ਘਟਨਾ ਜੜਤ, ਪਾਤਰ ਉਸਾਰੀ ਅਥਵਾ ਆਪਣੇ ਸਮੁੱਚੇ ਰੂਪ ਵਿਚ ਨਾਵਲ ਪੂਰੀ ਤਰ੍ਹਾਂ ਆਧੁਨਿਕ ਹੈ, ਤੇ ਸ਼ਾਇਦ ਪਹਿਲੀ ਵਾਰ ਸੇਠੀ ਵਿਚ ਇਸ ਆਧੁਨਿਕਤਾ ਨੇ ਕੁਝ ਸਾਰਥਕ ਸਰੂਪ ਗ੍ਰਹਿਣ ਕੀਤਾ ਹੈ।

ਨਾਵਲ ਦੀ ਸਾਰੀ ਕਹਾਣੀ ਦੋ ਘੰਟਿਆਂ ਦੇ ਸਮੇਂ ਦੌਰਾਨ—ਚਾਰ ਬੱਜਣ ਤੋਂ ਕੁਝ ਮਿੰਟ ਪਹਿਲਾਂ ਡਾਇਰ ਦੇ ਜਲਿਆਂ ਵਾਲਾ ਬਾਗ ਜਾਣ ਲਈ ਤਿਆਰੀ ਕਰਨ ਤੋਂ ਲੈਕੇ ਛੇ ਬਜੇ ਤਕ ਜਦੋਂ ਉਹ ਆਪਣਾ ਮਿਸ਼ਨ ਪ੍ਰਾਪਤ ਕਰਕੇ ਵਾਪਸ ਆਉਂਦਾ ਹੈ—ਸਮਾਪਤ ਹੋ ਜਾਂਦੀ ਹੈ। ਨਾਵਲ ਵਿਚ ਪ੍ਰਗਟ ਤੌਰ ਤੇ ਕੋਈ ਵੀ ਨਾਇਕ ਨਹੀਂ। ਉਂਜ, ਸਾਰੀ ਕਹਾਣੀ ਵਿਚ, ਉਚਿਤ ਤੌਰ ਤੇ, ਡਾਇਰ ਭਾਰੂ ਰਹਿੰਦਾ ਹੈ। ਜਲਿਆਂ ਵਾਲਾ ਬਾਗ ਦਾ ਮਹਾਨ ਖੂਨੀ ਕਾਂਡ ਕਰਨ ਸਮੇਂ ਜਿਸ ਤਰ੍ਹਾਂ ਉਸਦੇ ਮਨ ਵਿਚ ਸਵੈ ਗੁਮਾਨ, ਹੈਂਕੜ, ਤ੍ਰਾਸ ਤੇ ਘ੍ਰਿਣਾ ਦੇ ਭਾਵ ਉਠਦੇ ਹਨ, ਉਹਨਾਂ ਦਾ ਵਿਸ਼ਲੇਸ਼ਨ ਉਸਦੇ ਆਪਣੇ ਹੀ ਦੂਸਰੇ ਸਵੈ ਦੁਆਰਾ ਬਹੁਤ ਖੂਬਸੂਰਤੀ ਨਾਲ ਕਰਵਾਇਆ ਗਿਆ ਹੈ। ਇਸ ਤਰ੍ਹਾਂ ਕਰਕੇ ਸੇਠੀ ਇਕ ਅਤਿ ਕਠਿਨ ਪਾਤਰ ਦੇ ਚਿਤਰਨ ਦੀ ਸਮਸਿਆ ਨੂੰ ਬਹੁਤ ਸਹਿਜ ਨਾਲ ਹੀ ਸਫਲਤਾ ਪੂਰਵਕ ਨਜਿੱਠ ਗਿਆ ਹੈ। ਅਜਿਹੀ ਸਥਿਤੀ ਵਿਚ ਪੁਰਾਣੀ ਬਿਰਤੀ ਦੇ ਧਾਰਨੀ ਸਾਡੇ ਕਿਸੇ ਵੀ ਹੋਰ ਨਾਵਲਕਾਰ ਨੇ ਅਚੇਤ ਹੀ ਉਲਾਰਪਨ ਦਾ ਸ਼ਿਕਾਰ ਹੋ

ਜਾਣਾ ਸੀ। ਸੇਠੀ ਨੇ ਚੇਤੰਨਤਾ ਦੀ ਲਹਿਰ ਦੀ ਵਿਧੀ ਦੇ ਪ੍ਰਯੋਗ ਦੁਆਰਾ ਡਾਇਰ ਦੇ ਪਿਛਲੇ ਜੀਵਨ ਉਪਰ ਵੀ ਝਾਤ ਪੁਆਈ ਹੈ। ਡਾਇਰ ਦੇ ਪਿਛਲੇ ਜੀਵਨ ਉਪਰ ਇਹ ਝਾਤ ਉਸ ਵਿਚਲੇ ਚਾਤਰ, ਸੁਆਰਥੀ, ਦੂਰ ਦ੍ਰਿਸ਼ਟ, ਦ੍ਰਿੜ ਤੇ ਕਠੋਰ ਮਨੁੱਖ ਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ। ਸਿੱਟੇ ਵਜੋਂ, ਹਜ਼ਾਰਾਂ ਲੋਕਾਂ ਨੂੰ ਪਲਾਂ ਛਿਨਾਂ ਵਿਚ ਪਾਰ ਬੁਲਾਉਣ ਦਾ ਉਹ ਜੋ ਅਸਾਧਾਰਨ ਕਰਮ ਕਰਦਾ ਹੈ, ਉਸ ਦੇ ਲਈ ਕਲਾਤਮਕ ਦ੍ਰਿਸ਼ਟੀ ਤੋਂ ਆਧਾਰ ਸਥਾਪਤ ਹੋ ਜਾਂਦਾ ਹੈ ।

ਡਾਇਰ ਦਾ ਚਿੱਤਰ ਉਸਨੂੰ ਨਾਇਕ ਨਹੀਂ ਬਣਨ ਦਿੰਦਾ,ਉਹ ਪ੍ਰਤਿਨਾਇਕ ਹੀ ਰਹਿੰਦਾ ਹੈ। ਇਸ ਪ੍ਰਤਿਨਾਇਕ ਦੇ ਟਾਕਰੇ ਵਿਚ ਨਾਇਕ ਸ਼ਾਇਦ ਅੰਮ੍ਰਿਤਸਰ ਦੀ ਸਮੂੰਹ ਜਨਤਾ ਹੈ, ਜੋ ਉਸਦੀਆਂ ਗੋਲੀਆ ਦਾ ਨਿਸ਼ਾਨਾ ਬਣਦੀ ਹੋਈ ਵੀ ਉਸਦੇ ਮਨ ਦਾ ਸੰਤੁਲਨ ਗੁਆਕੇ ਉਸਨੂੰ ਭਾਂਜ ਦਿੰਦੀ ਹੈ । ਜਾਂ ਸ਼ਾਇਦ ਵਿਸ਼ਾਲ ਜਨ ਸਮੂੰਹ ਦੇ ਉਹ ਅੰਗ ਨਾਇਕ ਹਨ ਜੋ ਵੱਖ ਵੱਖ ਵਿਅ-ਕਤੀ ਜਾਂ ਗਰੋਹ ਰੂਪਾਂ ਵਿਚ ਡਾਇਰ ਦੇ ਮਨ ਦੇ ਚਿਤਰ ਪਟ ਉਪਰ ਆਕੇ ਭੈ ਤੇ ਤ੍ਰਾਸ ਪੈਦਾ ਕਰਦੇ ਹਨ । ਡਾਇਰ ਤੋਂ ਬਿਨਾਂ ਨਾਵਲ ਵਿਚ ਆਉਣ ਵਾਲੇ ਅੰਗਰੇਜ਼ ਪਾਤਰ ਮਾਈਲਜ਼ ਇਰਵਿੰਗ, ਕਰ-ਨਲ ਸਮਿੱਥ, ਲੈਵਿਸ, ਮਿਸਜ਼ ਇਰਵਿੰਗ ਤੇ ਮਿਸਜ਼ ਸਮਿੱਥ-ਸਭ ਦੇ ਸਭ ਸ਼ੈਣੀ ਪਾਤਰ ਹਨ ਜੋ ਆਪਣੇ ਆਪਨੂੰ ਸਭਿਆ ਅਖਵਾਉਣ ਵਾਲੀ ਕੌਮ ਦੀ ਗਿਰਾਵਟ ਭਰਪੂਰ ਤੇ ਘ੍ਰਿਣਤ ਅਵਸਥਾ ਦੇ ਚਿੰਨ੍ਹ ਹਨ। ਨੋਰਾ ਤੇ ਸਟੈਲਾ ਦੁਆਰਾ ਉਸੇ ਕੌਮ ਵਿਚਲੇ ਮੁਕਾਬਲਤਨ ਮਾਨਵੀ ਤੇ ਸਾਰਥਕ ਅੰਗ ਨੂੰ ਉਜਾਗਰ ਕੀਤਾ ਗਿਆ ਹੈ।

ਸੇਠੀ ਦੀ ਲਿਖਤ ਦਾ ਸਭ ਤੋਂ ਵੱਡਾ ਗੁਣ ਹੈ ਉਸਦੀ ਬੌਧਕ ਦ੍ਰਿਸ਼ਟੀ । ਉਸਦੇ ਹੱਥਾਂ ਵਿਚ ਆਕੇ ਕੋਈ ਵੀ ਘਟਨਾ ਕਰਮ ਜਾਂ ਪਾਤਰ ਸਤਈ ਨਹੀਂ ਰਹਿੰਦਾ । ਉਹ ਉਸਨੂੰ ਡੂੰਘੀ ਵਿਸ਼ਲੇਸ਼ਨਾਤਮਕ ਨੀਝ ਨਾਲ ਪ੍ਰਸਤੁਤ ਕਰਦਾ ਹੈ । ਫਲ ਸਰੂਪ ਉਸਦੀ ਲਿਖਤ ਉਪਭਾਵੁਕਤਾ ਤੋਂ ਮੁਕਤ ਹੁੰਦੀ ਹੈ, ਤੇ ਇਕ ਬੌਧਕ ਭਾਂਤ ਦਾ ਸੁਆਦ ਦਿੰਦੀ ਹੈ। ਸੇਠੀ ਦਾ ਇਹ ਗੁਣ ਉਸਦੇ ਵਿਚਾਰ ਗੋਚਰੇ ਨਾਵਲ ਵਿਚ ਭਰਪੂਰ ਮਾਤਰਾ ਵਿਚ ਵਿਦਮਾਨ ਹੈ। ਜਦਤਕ ਇਸ ਬੌਧਕ ਸੁਆਦ ਨੂੰ ਮਾਣ ਸਕਣ ਵਾਲੇ ਪਾਠਕ ਅਲਪ ਮਾਤਰਾ ਵਿਚ ਹਨ ਤਦ ਤਕ ਪਾਠਕਾਂ ਦੀ ਉਡੀਕ ਦੀ ਗੱਲ ਕੁਝ ਵਜ਼ਨੀ ਜਾਪਦੀ ਹੈ। ਫਿਰ ਵੀ ਇਹ ਆਖਣਾ ਅਨੁਚਿਤ ਨਹੀਂ ਹੋਵੇਗਾ ਕਿ ਫਜ਼ੂਲੀਅਤ ਤੋਂ ਮੁਕਤ ਹੋਣ ਕਾਰਨ ਸੇਠੀ ਦਾ ਇਹ ਨਾਵਲ ਅਵੱਸ਼ ਹੀ ਕੁਝ ਪਾਠਕ ਲੱਭ ਲਏਗਾ ।

## ਖੂਨ ਸ਼ਹੀਦਾਂ ਦਾ

ਕੋਈ ਸਮਾਂ ਸੀ ਜਦੋਂ ਪ੍ਰਗਤਿਵਾਦੀ ਲਹਿਰ ਦੇ ਪ੍ਰਭਾਵ ਅਧੀਨ ਪੰਜਾਬੀ ਵਿਚ ਹਰ ਸਹਿੱਤਕਾਰ ਜਿੰਨਾ ਚਿਰ ਕਿਸੇ ਵੀ ਗਿਣਨਯੋਗ ਅੰਤਰਰਾਸ਼ਟਰੀ ਘਟਨਾ ਜਾਂ ਸਮਸਿਆ ਸਬੰਧੀ ਕੋਈ ਰਚਨਾ ਨਾ ਕਰ ਲੈਂਦਾ, ਸੰਤੁਸ਼ਟਤਾ ਅਨੁਭਵ ਨਹੀਂ ਸੀ ਕਰਦਾ। ਪ੍ਰਗਤਿਵਾਦ ਦਾ ਸੰਕਲਪ ਕਿਉਂਜੁ ਮਾਰਕਸਵਾਦੀ ਦਰਸ਼ਨ ਦਾ ਕਲਾਤਮਕ ਪਰਤਾ ਸੀ ਜਿਸਦਾ ਲੱਛਣ ਅੰਤਰਰਾਸ਼ਟਰੀਅਤਾ ਹੈ, ਇਸ ਲਈ ਹਰ ਪ੍ਰਗਤਿਵਾਦੀ ਕਲਾਕਾਰ ਆਪਣੇ ਆਪ ਨੂੰ ਅੰਤਰਰਾਸ਼ਟਰੀ ਪੱਧਰ ਉਪਰ ਚੇਤੰਨ

ਦਰਸਾਉਣ ਲਈ ਸਦਾ ਤੱਤਪਰ ਰਹਿੰਦਾ ਸੀ। ਨਾ ਕੇਵਲ ਸੋਵੀਅਤ ਯੂਨੀਅਨ ਦੀ ਮਹਾਨ ਪ੍ਰੋਲਤਾਰੀ ਕ੍ਰਾਂਤੀ ਤੇ ਉਥੇ ਉਸਾਰੇ ਜਾ ਰਹੇ ਨਵੇਂ ਸਮਾਜਵਾਦੀ ਪ੍ਰਬੰਧ ਸਬੰਧੀ ਬਹੁਤ ਕੁਝ ਲਿਖਿਆ ਗਿਆ। ਸਗੋਂ ਦੂਸਰੇ ਸੰਸਾਰ ਯੁੱਧ, ਹੀਰੋ ਸ਼ੀਮਾਨਾਗਾਸਕੀ ਉਪਰ ਪ੍ਰਮਾਣੂੰ ਬੰਬਾਂ ਦੀ ਵਰਤੋਂ, ਰੋਜ਼ਾ ਲਕਸਮਵਰਗ ਦੇ ਕਤਲ, ਫਾਸ਼ੀਵਾਦ ਤੇ ਨਾਜ਼ੀਵਾਦ ਦੇ ਜ਼ੁਲਮ, ਲਾਲ ਫੌਜ ਦੇ ਚਮਤਕਾਰ, ਚੀਨੀ ਲੋਕ ਕ੍ਰਾਂਤੀ ਦੀ ਸਫਲਤਾ, ਕੋਰੀਆਂ ਦੀ ਲੜਾਈ, ਗੱਲ ਕੀ ਕੌਮਾਂਤਰੀ ਖੇਤਰ ਵਿਚ ਵਾਪਰਨ ਵਾਲੀ ਹਰ ਮਹੱਤਵ ਪੂਰਨ ਘਟਨਾ ਨੂੰ ਪੰਜਾਬੀ ਸਾਹਿੱਤਕਾਰਾਂ ਵਲੋਂ ਵਿਸ਼ਾ ਵਸਤੂ ਬਣਾਇਆ ਜਾਂਦਾ ਰਿਹਾ। ਨਿਸਚੇ ਹੀ ਇਹ ਇਕ ਉਸਾਰੂ ਰੁਚੀ ਸੀ। ਪਰ ਕਿਉਂਜੁ ਇਹ ਸੰਭਵ ਨਹੀਂ ਕਿ ਹਰ ਲੇਖਕ ਹਰ ਘਟਨਾ ਨਾਲ ਹੀ ਆਤਮਕ ਪੱਧਰ ਉਪਰ ਇਕਸੁਰ ਹੋ ਸਕੇ, ਇਸ ਲਈ ਬਹੁਤ ਵਾਰ ਅਜਿਹੀਆਂ ਰਚਨਾਵਾਂ ਵੀ ਰਚੀਆਂ ਗਈਆਂ ਜਿੰਨਾਂ ਵਿਚ ਉਪਭਾਵੁਕਤਾ ਤੇ ਨਾਅਰੇ-ਬਾਜ਼ੀ ਭਾਰੂ ਹੋ ਜਾਂਦੀ ਸੀ। ਪ੍ਰਤੱਖ ਰੂਪ ਵਿਚ ਇਹ ਇਕ ਉਲਾਰ ਅਥਵਾ ਕਮਜ਼ੋਰੀ ਸੀ ਤੇ ਆਵਸ਼ਕਤਾ ਸੀ ਇਹ ਰੁਚੀ ਦੂਰ ਕਰਕੇ ਅੰਤਰ-ਰਾਸ਼ਟਰੀਅਤਾ ਦੇ ਸੰਕਲਪ ਨੂੰ ਸੰਤੁਲਤ ਰੂਪ ਦੇਣ ਦੀ। ਪਰ ਹੋਇਆ ਪਿਛਲੇ ਸਮੇਂ ਵਿਚ, ਪ੍ਰਯੋਗਵਾਦ ਦੇ ਨਕਾਰਾਤਮਕ ਪ੍ਰਭਾਵ ਅਧੀਨ, ਇਹ ਹੈ ਕਿ ਸਾਡੇ ਸਾਹਿੱਤਕਾਰ ਨਾ ਕੇਵਲ ਦ੍ਰਿਸ਼ਟੀ ਦੀ ਵਿਸ਼ਾਲਤਾ ਦਾ ਇਹ ਗੁਣ ਲਗ ਪਗ ਤਿਆਗ ਹੀ ਗਏ ਸਗੋਂ ਆਪਣੇ ਚੁਗਿਰਦੇ ਤੋਂ ਵੀ ਅਭਿੱਜ ਰਹਿਣ ਵਲ ਰੁਚਿਤ ਹੁੰਦੇ ਗਏ। ਵੀਅਤਨਾਮ ਦੇ ਘੱਲੂਘਾਰੇ ਸਬੰਧੀ ਕਿਸੇ ਉਤਕ੍ਰਿਸ਼ਟ ਰਚਨਾ ਦਾ ਅਭਾਵ ਉਪ੍ਰੋਕਤ ਸਥਿਤੀ ਦੀ ਹੀ ਪੈਦਾਵਾਰ ਹੈ। ਬਹੁਤ ਸਾਰੇ ਪੰਜਾਬੀ ਸਾਹਿੱਤਕਾਰਾਂ ਨੂੰ ਤਾਂ ਦਸਾਂ ਵਰ੍ਹਿਆਂ ਤੋਂ ਵਾਪਰਦੇ ਆ ਰਹੇ ਇਸ ਦੁਖਾਂਤ ਦਾ ਜਿਵੇਂ ਪਤਾ ਵੀ ਨਹੀਂ।

ਅਜਿਹੀ ਨਿਰਾਸ਼ਾਮਈ ਸਥਿਤੀ ਦੇ ਪਿਛੋਕੜ ਵਿਚ ਵੀਅਤਨਾਮ ਸਬੰਧੀ ਕਿਸੇ ਪੁਸਤਕ ਦਾ ਪ੍ਰਕਾਸ਼ਨ ਆਪਣੇ ਆਪ ਵਿਚ ਇਕ ਪ੍ਰਾਪਤੀ ਹੈ। "ਖੂਨ ਸ਼ਹੀਦਾਂ ਦਾ" ਇਸ ਵਿਸ਼ੇ ਸਬੰਧੀ ਪ੍ਰਕਾਸ਼ਤ ਹੋਣ ਵਾਲੀ ਦੂਸਰੀ ਕਾਵਿ ਪੁਸਤਕ ਹੈ (ਪਹਿਲੀ ਪੁਸਤਕ "ਕੂੜ ਨਿਖੁੱਟੇ" ਪੰਜਾਬੀ ਲੇਖਕ ਸਭਾ ਰਾਮਪੁਰ ਨੇ ਪ੍ਰਕਾਸ਼ਤ ਕੀਤੀ ਹੈ)ਜਿਸ ਵਿਚ ਬਰਤਾਨੀਆ'ਚ ਵਸਦੇ ਭਾਰਤੀ ਤੇ ਪਾਕਿਸਤਾਨੀ ਕਵੀਆਂ ਦੀਆਂ ਕਵਿਤਾਵਾਂ ਦਾ ਸੰਕਲਨ ਸ੍ਰੀ ਅਜਮੇਰ ਸਿੰਘ ਅਤੇ ਸ੍ਰੀ ਚ. ਸ. ਚੰਨ ਦੁਆਰਾ ਬੜੇ ਉਦਮ ਨਾਲ ਕੀਤਾ ਗਿਆ ਹੈ। ਆਪਣੀ ਮਾਤਭੂਮੀ ਤੋਂ ਹਜ਼ਾਰਾਂ ਹੀ ਕੋਹਾਂ ਦੀ ਵਿੱਥ ਉਤੇ ਬੈਠੇ ਹੋਣ ਕਾਰਨ ਅਤੇ ਇਸ ਤਰ੍ਹਾਂ ਪੰਜਾਬੀ ਸਾਹਿੱਤ ਤੇ ਕਲਾ ਦੇ ਵਿਆਪਕ ਪਰਵਾਹ ਤੋਂ ਕੱਟੇ ਹੋਣ ਕਾਰਨ ਇਹਨਾਂ ਸੱਜਣਾਂ ਤੋਂ ਕਿਸੇ ਬਹੁਤ ਉਚੇਰੀ ਕਲਾਤਮਕ ਪ੍ਰਾਪਤੀ ਦੀ ਆਸ ਰੱਖਣੀ ਤਾਂ ਯਥਾਰਥਕ ਨਹੀਂ, ਤਦ ਵੀ "ਖੂਨ ਸ਼ਹੀਦਾਂ ਦਾ" ਪੁਸਤਕ ਵਿਚ ਕੁਝ ਬਹੁਤ ਖੂਬਸੂਰਤ ਕਵਿਤਾਵਾਂ ਵੇਖਕੇ ਸੰਤੁਸ਼ਟਤਾ ਹੁੰਦੀ ਹੈ ਜਿੰਨ੍ਹਾਂ ਵਿਚ ਨਾ ਕੇਵਲ ਵੀਅਤਨਾਮ ਵਿਚ ਵਾਪਰ ਰਹੇ ਦੁਖਾਂਤ ਨਾਲ ਕਵੀਆਂ ਦੀ ਭਾਵਾਤਮਕ ਇਕਸੁਰਤਾ ਦਾ ਪ੍ਰਗਟਾ ਹੀ ਹੁੰਦਾ ਹੈ ਸਗੋਂ ਉਹਨਾਂ ਕਵਿਤਾਵਾਂ ਵਿਚ ਕਾਵਿ ਆਵਸ਼ੱਕਤਾਵਾਂ ਨੂੰ ਵੀ ਅੱਖੋਂ ਪਰੋਖਾ ਨਹੀਂ ਕੀਤਾ ਗਿਆ। ਸਾਮਰਾਜਵਾਦ ਦੁਆਰਾ ਲਤਾੜੀ ਗਈ ਵੀਤਨਾਮ ਦੀ ਧਰਤੀ ਨਾਲ ਤੇ ਇਸ ਧਰਤੀ ਦੇ ਜਾਇਆਂ ਨਾਲ ਇਹ ਭਾਵੁਕ ਸਾਂਝ ਜੁਗਿੰਦਰ ਸ਼ਮਸ਼ੇਰ ਦੀ ਕਵਿਤਾ ਵਿਚੋਂ ਬੜੇ ਉਘੜਵੇਂ ਰੂਪ ਵਿਚ ਪ੍ਰਗਟ ਹੁੰਦੀ ਹੈ :

ਹੇ ਵੀਅਤਨਾਮ ਦੀ ਸੁੰਦਰ ਵਾਦੀ

ਧੁਰ ਪੂਰਬ ਦੀ ਰਾਣੀ
ਸਾਡੀ ਧਰਤੀ
ਤੇਰੀ ਧਰਤੀ
ਦੋਨੋ ਸਕੀਆਂ ਭੈਣਾਂ ਜਾਪਣ
ਸਾਡੇ ਲੋਕੀਂ
ਤੇਰੇ ਲੋਕੀਂ
ਸਾਰੇ ਅਸੀਂ ਪਰਾਏ ਵੱਸ ਸਾਂ
ਤੇਰੀ ਸਾਡੀ ਇਕ ਕਹਾਣੀ ।

ਆਪਣੀ ਰਾਸ਼ਟਰੀ ਮੁਕਤੀ ਲਈ ਵੀਅਤਨਾਮੀ ਲੋਕਾਂ ਨੇ ਇਕ ਲੰਮਾ ਸੰਘਰਸ਼ ਕਰਨ ਉਪਰੰਤ ਫਰਾਂਸੀਸੀਆਂ ਨੂੰ ਦੇਸੋਂ ਕਢਿਆ ਸੀ ਅਤੇ ਉਹ ਅਮਨ ਤੇ ਖੁਸ਼ਹਾਲੀ ਭਰਿਆ ਜੀਵਨ ਜਿਉਣ ਲੱਗੇ ਹੀ ਸਨ ਕਿ ਮਿਰਕਣ ਦੇ ਧਾੜਵੀ ਆ ਪਹੁੰਚੇ । ਵੀਅਤਨਾਮ ਲਈ ਸੁਤੰਤਰ ਨਿਰਣੈ ਦੇ ਦਾਅਵੇਦਾਰ ਅਮਰੀਕਨ ਧਾੜਵੀ ਸਥਾਨਕ ਵਸੋਂ ਨੂੰ ਇਹ ਆਜ਼ਾਦੀ ਗਰਮ ਸਿੱਕੇ ਦੇ ਰੁੱਗ ਭਰ ਭਰ ਕੇ ਦਿੰਦੇ ਹਨ । ਉਹ ਜੁਆਨਾਂ, ਬੁਢਿਆਂ ਤੇ ਮਾਸੂਮਾਂ ਦਾ, ਬਿਨਾਂ ਕਿਸੇ ਵਿਤਕਰੇ ਦੇ, ਵਿਆਪਕ ਕਤਲਾਮ ਕਰਦੇ ਹਨ, ਮੁਟਿਆਰਾਂ ਦੀਆਂ ਛਾਤੀਆਂ ਨੋਚਦੇ ਹਨ ਤੇ ਵੀਅਤਨਾਮੀ ਲੋਕਾਂ ਦੀਆਂ ਸਭਨਾਂ ਸਮਸਿਆਵਾਂ ਨੂੰ ਕੁਝ ਇਸ ਤਰ੍ਹਾਂ ਸੁਲਝਾਉਂਦੇ ਹਨ ਕਿ ਵੀਅਤਨਾਮੀ ਮਾਂ ਆਪਣੇ ਪੁੱਤਰ ਨੂੰ ਕਹਿ ਉਠਦੀ ਹੈ :

ਭੁੱਖ ਲੱਗੀ ਹੈ ਬੱਚੇ ?
ਫਿਕਰ ਤੂੰ ਕਰਦਾ ਏਂ ਕਿਉਂ
ਸ਼ਾਮ ਹੁੰਦਿਆਂ ਹੀ ਸੁੱਤੇ ਦਿਲਾਂ ਵਾਲੇ
ਗਰਮ ਸਿੱਕੇ ਦਾ ਰੁੱਗ
ਤੇਰੇ ਮੇਰੇ ਮੂੰਹ 'ਚ ਤੁੰਨ, ਦੇਣਗੇ ਸਾਨੂੰ ਸੁਲਾ
... ... ...
ਵੱਡੀਆਂ ਭੈਣਾਂ ਨੂੰ ਵਾਜਾਂ ਮਾਰਨੈਂ
ਖਾਮੋਸ਼ ਰਹੁ ਮੇਰੇ ਜਿਗਰ ਦੇ ਟੋਟਿਆ
ਯਾਦ ਮੈਨੂੰ ਆ ਗਈ
ਕੁਝ ਹੀ ਦਿਨ ਪਹਿਲੋਂ, ਹਨੇਰੀ ਸੀ ਜੋ ਝੁੱਲੀ
ਸਾਡੇ ਪਿੰਡ ਦੀਆਂ ਜੂਹਾਂ ਵਿਚ
ਕੱਚ ਕੁਆਰੇ ਪਿੰਡਿਆਂ ਦੇ, ਕੱਚ ਕੁਆਰੇ ਚਾਅ
ਦੁੱਧ ਚਿੱਟੀਆਂ ਚਾਦਰਾਂ ਤੇ ਖੂਨ ਦੇ ਧੱਬੇ ਬਣੇ (ਸੁਰਜੀਤ ਵਿਰਦੀ)

''ਸ਼ਾਂਤੀ ਦੀ ਸਥਾਪਨਾ ਲਈ'' ਅਮਰੀਕਾ ਦੇ ਭੇਜੇ ਲੋਹੇ ਦੇ ਪੰਛੀ ਵੀ ਇਸੇ ਪਰਕਾਰ ਹਰ ਰੋਜ਼ ਅਨੋਖੇ ਖੇਲ ਕਰਦੇ ਹਨ । ਜਿਥੇ ਜਿਥੇ ਵੀ ਉਹਨਾਂ ਦਾ ਪਰਛਾਵਾਂ ਪੈਂਦਾ ਹੈ, ਉਥੇ ਉਥੇ ਸਾਰੀ ਪ੍ਰਕ੍ਰਿਤੀ ਉਪਰ ਮੌਤ ਦਾ ਵਾਤਾਵਰਨ ਪਸਰ ਜਾਂਦਾ ਹੈ :

ਸੁਣ ਸੁਣ ਕੇ ਨਿੱਤ ਗੂੰਜ ਇੰਨ੍ਹਾਂ ਦੀ

ਘਰਾਂ ਵਿਚ ਨਾ ਬੱਤੀ ਬਲਦੀ
ਹੋਇਆ ਜੱਗ ਹਨੇਰ
ਧਰਤੀ ਘਾਇਲ. ਅੰਬਰ ਜ਼ਖਮੀ,
ਤਾਰੇ ਸਹਿਮੇ, ਸੂਰਜ ਛਿਪਿਆ,
ਦਿਸਦੀ ਨਹੀਂ ਸਵੇਰ।

(ਈਸ਼ਵਰ ਚਿੱਤ੍ਰਕਾਰ)

ਹਜ਼ਾਰਾਂ ਕੋਹਾਂ ਤੋਂ ਚੱਲਕੇ ਆਏ ਅਮਰੀਕਨ ਫੌਜੀ ਸਿਪਾਹੀ ਜੰਗਲਾਂ ਨੂੰ ਅੱਗਾਂ ਲਾਉਂਦੇ ਹਨ, ਫਸਲਾਂ ਸਾੜਦੇ ਹਨ, ਝੁੱਗੀਆਂ ਤਬਾਹ ਕਰਦੇ ਹਨ, ਬੰਬਾਂ ਦੀ ਵਾਛੜ ਕਰਦੇ ਹਨ, ਜ਼ਹਿਰੀਲੀ ਗੈਸ ਛੱਡਦੇ ਹਨ ਤੇ ਅਜੇ ਵੀ ਵਾਸ਼ਿੰਗਟਨ ਦਾ ਕਹਿਣਾ ਹੈ ਕਿ ਉਸਦਾ ਕਰਤਵ ਤਾਂ ਕੇਵਲ ਸ਼ਾਂਤੀ ਸਥਾਪਤ ਕਰਨਾ ਹੈ। ਪਰ ਇਹ ਕਿਹੋ ਜਿਹੀ ਸ਼ਾਂਤੀ ਹੈ :

ਵ੍ਹਾਈਟ ਹਾਊਸ ਦੇ ਨੀਰੋ
ਤੂੰ ਕਿਸ ਅਮਨ ਦਾ ਹੀਰੋ
ਕਿਸ ਲੋਕ ਰਾਜ ਦੇ ਲਈ
ਲੋਕਾਂ ਨੂੰ ਮਾਰਦਾ ਹੈਂ ?

(ਨ. ਸ. ਨੂਰ)

ਇਸ ਕਾਵਿ ਸੰਗ੍ਰਹਿ ਵਿਚ ਕੇਵਲ ਮਾਤਰ ਸਾਮਰਾਜਵਾਦ ਦੇ ਜ਼ੁਲਮਾਂ ਦਾ ਹੀ ਚਿਤਰਨ ਨਹੀਂ। ਭਾਵੇਂ ਅਜਿਹੇ ਚਿਤਰਨ ਦੀ ਵੀਅਤਨਾਮ ਦੇ ਲਾ-ਮਿਸਾਲ ਮਨੁਖੀ ਦੁਖਾਂਤ ਦੇ ਪ੍ਰਸੰਗ ਵਿਚ ਬਹੁਤ ਮਹੱਤਤਾ ਹੈ। ਤਦ ਵੀ ਕੇਵਲ ਜ਼ੁਲਮ, ਅਤਿਆਚਾਰ ਤੇ ਤਬਾਹੀ ਦਾ ਚਿਤਰਨ ਇਕ ਨਿਰਾਸ਼ਾਮਈ ਭਾਵ ਹੀ ਉਤਪੰਨ ਕਰਦਾ ਹੈ, ਜੋ ਕੋਈ ਚੰਗੀ ਗੱਲ ਨਹੀਂ ਕਹੀ ਜਾ ਸਕਦੀ। ਪਰ ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਆਸ਼ਾ, ਦ੍ਰਿੜਤਾ ਤੇ ਅੰਤਮ ਜਿੱਤ ਵਿਚ ਉਸ ਵਿਸ਼ਵਾਸ ਦਾ ਝਲਕਾਰਾ ਵੀ ਮਿਲਦਾ ਹੈ ਜੋ ਵੀਅਤਨਾਮ ਦੇ ਸੂਰਬੀਰਾਂ ਵਿਚ ਵਿਦਮਾਨ ਹੈ। ਇਹ ਯੋਧੇ ਜ਼ੁਲਮ ਸਾਹਵੇਂ ਕਦੇ ਹਾਰਨਗੇ ਨਹੀਂ। ਉਹ ਤਾਂ ਜਿੱਤ ਦੇ ਆਸ਼ਕ ਹਨ :

ਮੈਂ ਹਾਂ ਆਸ਼ਕ, ਆਸ਼ਕ ਜਿੱਤ ਦਾ,
ਜਿੱਤ ਹੋਣੀ ਏਂ, ਅੰਤ ਨੂੰ ਮੇਰੀ

(ਅ. ਸ. ਖਰਲਵੀਰ)

ਜਿੱਤ ਦੇ ਆਸ਼ਕ ਇਹਨਾਂ ਯੋਧਿਆਂ ਦਾ ਆਗੂ ਕੌਣ ਹੈ :

ਕਰ ਰਿਹਾ ਇਸ ਕਾਫਲੇ ਦੀ ਰਹਿਬਰੀ
ਇਕ ਮਰਦੇ ਆਮਿਲ ਕਰ ਰਿਹਾ

(ਅਜਮੇਰ ਸਿੰਘ)

ਤੇ ਇਸ ਮਰਦੇ ਆਮਿਲ ਹੋ ਚੀ ਮਿੰਨ੍ਹ ਦੀ ਅਗਵਾਈ ਵਿਚ ਵੀਅਤਨਾਮ ਦੇ ਲੋਕ ਅਥਾਹ ਕੁਰਬਾਨੀਆਂ ਕਰਦੇ ਹੋਏ ਸਾਮਰਾਜਵਾਦ ਨੂੰ ਇਕ ਤਕੜੀ ਭਾਂਜ ਦੇ ਰਹੇ ਹਨ। ਭਾਵੇਂ ਉਹਨਾਂ ਦਾ ਟਾਕਰਾ ਸੰਸਾਰ ਦੇ ਸਭ ਤੋਂ ਘ੍ਰਿਣਤ ਦੈਂਤ ਅਥਵਾ ਸਭ ਤੋਂ ਵਧ ਸ਼ਕਤੀਸ਼ਾਲੀ ਸਾਮਰਾਜ ਨਾਲਹੈ ਤਦ ਵੀ ਸੱਚ ਤੇ ਨਿਆਂ ਲਈ ਲਹੂ ਦਾ ਅਰਘ ਚੜ੍ਹਾਉਣ ਵਾਲੇ ਇਕ ਯੋਧੇ ਹਰ ਚੜ੍ਹਦੇਦਿਨ ਕਾਲਖ

ਦੇ ਵਣਜਾਰਿਆਂ ਉਪਰ ਪਹਿਲਾਂ ਨਾਲੋਂ ਵੀ ਜ਼ਿਆਦਾ ਕਸਵੀਂ ਸੱਟ ਲਾਉਂਦੇ ਹਨ :

ਪੂਰਬ ਪੱਖੋਂ,
ਵੀਅਤਨਾਮ ਦੀ ਵੱਖੀ ਵਿਚੋਂ,
ਰੋਜ਼ ਸੂਰਜ ਚੜ੍ਹਦਾ ਹੈ
ਕਾਲਖ ਦਾ ਮੱਥਾ ਸੜਦਾ ਹੈ

(ਸੰਤੋਖ ਸਿੰਘ ਸੰਤੋਖ)

ਇਸ ਪਰਕਾਰ ਲਗ ਪਗ ਸਾਢੇ ਤਿੰਨ ਦਰਜਨ ਕਵਿਤਾਵਾਂ ਦਾ ਇਹ ਸੰਗ੍ਰਹਿ ਵੀਅਤ-ਨਾਮ ਵਿਚ ਜੋ ਕੁਝ ਵਾਪਰ ਰਿਹਾ ਹੈ, ਉਸਦਾ ਇਕ ਅਜਿਹਾ ਚਿੱਤਰ ਸਾਹਵੇਂ ਲਿਆਉਂਦਾ ਹੈ, ਜੋ ਮਨੁਖੀ ਭਾਵਾਂ ਨੂੰ ਝੰਜੋੜਦਾ ਵੀ ਹੈ ਤੇ ਜੋਸ਼ ਵੀ ਪਰਦਾਨ ਕਰਦਾ ਹੈ। ਪਰ ਇਸ ਸੰਗ੍ਰਹਿ ਵਿਚ ਸਭ ਤੋਂ ਵਧ ਪ੍ਰਭਾਵਕਾਰੀ ਲਿਖਤ ਹੈ ਸੰਸਾਰ ਪਰਸਿਧ ਦਾਰਸ਼ਨਕ ਲਾਰਡ ਬਰਟਰੰਡ ਰੱਸਲ ਦੀ, ਜੋ ਕਿ ਵਾਰਤਕ ਹੁੰਦਿਆਂ ਵੀ ਕਵਿਤਾ ਪ੍ਰਤੀਤ ਹੁੰਦੀ ਹੈ।"ਅਮਰੀਕਨ ਲੋਕ ਆਤਮਾ ਨੂੰ" ਉਸ ਵਲੋਂ ਕੀਤੀ ਗਈ "ਅਪੀਲ"ਇਕ ਅਜਿਹੀ ਅਪੀਲ ਹੈ ਜੋ ਮਨੁੱਖ ਦਾ ਦਿਲ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਝੰਜੋੜੇ ਬਿਨਾਂ ਨਹੀਂ ਛੱਡਦੀ। ਇਹ ਲਿਖਤ ਉਸ ਸਾਰੇ ਪਿਛੋਕੜ ਨੂੰ ਵੀ ਪਰਤੱਖ ਕਰਦੀ ਹੈ ਜੋ ਇਸ ਵਿਆਪਕ ਮਨੁੱਖੀ ਕਤਲਾਮ ਦਾ ਕਾਰਨ ਹੈ। ਪੈਂਟਾਗਨ ਦੀ ਇਸ ਜੰਗ ਨੂੰ ਜਾਰੀ ਰੱਖਣ ਵਿਚ ਕਿਉਂ ਦਿਲਚਸਪੀ ਹੈ, ਕਿਵੇਂ ਇਸ ਜੰਗ ਦੇ ਜਾਰੀ ਰਹਿਣ ਨਾਲ ਅਸਲੇ ਦੇ ਕਾਰ-ਖਾਨਿਆਂ ਦੇ ਮਾਲਕ ਉਹਨਾਂ ਮੁੱਠੀ ਕੁ ਭਰ ਕਰੋੜਪਤੀ ਅਮਰੀਕਨਾਂ ਦੇ ਮੁਨਾਫ਼ੇ ਵਧਦੇ ਹਨ, ਜੋ ਅਜ ਲਿੰਕਨ ਦੇ ਦੇਸ ਨੂੰ ਧੋਖੇ ਨਾਲ ਆਪਣੇ ਗਲਬੇ ਵਿਚ ਲੈ ਚੁੱਕੇ ਸਨ—ਇਹ ਸਾਰਾ ਕੁਝ ਲਾਰਡ ਰੱਸਲ ਨੇ ਏਨੀ ਸਪਸ਼ਟਤਾ ਨਾਲ ਦਸਿਆ ਹੈ ਕਿ ਬਾਰਾਂ ਕੁਝ ਪੰਨਿਆਂ ਦਾ ਇਹ ਲੇਖ ਪੜ੍ਹਨ ਉਪਰੰਤ ਵੀਅਤਨਾਮ ਦੇ ਸੰਘਰਸ਼ ਸਬੰਧੀ ਹੋਰ ਕੁਝ ਜਾਨਣ ਦੀ ਆਵਸ਼ਕਤਾ ਹੀ ਨਹੀਂ ਰਹਿ ਜਾਂਦੀ। ਉਂਜ ਫੀਬੀ ਮੋਬਰਲੀ ਤੇ ਈਸ਼ਵਰ ਚਿੱਤ੍ਰਕਾਰ ਦੇ ਲੇਖ ਵੀ ਜਾਣਕਾਰੀ ਦੇਣ ਦੇ ਪੱਖ ਤੋਂ ਪ੍ਰਸ਼ਸ਼ਨੀਯ ਹਨ। ਉੱਤਰੀ ਵੀਅਤਨਾਮ ਉਪਰ ਲਾਰੰਸ ਡੈਲੀ ਵਲੋਂ ਅਮਰੀਕਨ ਬੰਬਾਰੀ ਸਬੰਧੀ ਦਿੱਤਾ ਅੱਖੀਂ ਡਿੱਠਾ ਵਿਵਰਣ ਉਸ ਧਰਤੀ ਦੀ ਵਸੋਂ ਦੀ ਦ੍ਰਿੜਤਾ ਨੂੰ ਪ੍ਰਭਾਵਕਾਰੀ ਰੂਪ ਵਿਚ ਪੇਸ਼ ਕਰਦਾ ਹੈ ਜੋ ਜੱਗ ਦੀ ਛੋਟੀ ਜਿਹੀ ਟੁਕੜੀ ਹੋਣ ਦੇ ਬਾਵਜੂਦ ਸਾਰੀ ਮਨੁਖਤਾ ਦੀ ਖਾਤਰ ਕੁਰਬਾਨੀ ਦਾ ਬੋਝ ਕੇਵਲ ਆਪਣੇ ਸਿਰ ਝੱਲ ਰਹੀ ਹੈ।

**ਰਘਬੀਰ ਸਿੰਘ**

## ਕੰਜਕਾਂ (ਕਾਵਿ ਸੰਗ੍ਰਹਿ)

ਇਹ ਪ੍ਰਤੱਖ ਹੈ ਕਿ ਸਾਡਾ ਅੱਜ ਦਾ ਸਮਾਜ ਪੁਰਾਣੇ ਪਿਤਰੀ ਸਬੰਧਾਂ ਨੂੰ ਤੋੜਕੇ ਨਿਜ-ਵਾਦ ਵਲ ਵਧ ਰਿਹਾ ਹੈ ਪਰ ਇਹ ਵਿਕਾਸ਼ ਇਕਸੁਰ ਨਹੀਂ। ਸ਼ਹਿਰਾਂ ਵਿਚ, ਖਾਸ ਕਰਕੇ ਪੜ੍ਹੀ ਲਿਖੀ ਮਧ ਸ਼ਰੇਣੀ ਦੇ ਸਬੰਧਾਂ ਵਿਚ ਤੇਜ਼ੀ ਨਾਲ ਸਿਹਤਮੰਦ ਸਮੂਹਕ ਵਿਚਾਰ ਮਾਤ ਖਾਂਦੇ ਜਾ ਰਹੇ ਹਨ ਤੇ ਇਹਨਾਂ ਦੀ ਥਾਂ ਆਪੋ ਆਪਣੀ ਹਉਮੈਂ ਅਧੀਨ ਸਭ ਕੁਝ ਨਿਜ

ਉਦਾਲੇ ਉਸਾਰਨ ਦੀ ਰੁਚੀ ਘਰ ਕਰ ਰਹੀ ਹੈ। ਪਰ ਇਸ ਦੇ ਉਲਟ ਪਿੰਡਾਂ ਵਿਚ, ਖਾਸ ਕਰਕੇ ਅੱਜ ਦੇ ਪਜਾਬੀ ਪਰਾਂਤ ਦੇ ਦੋ ਤਿਹਾਈ ਅਵਿਕਸਤ ਇਲਾਕੇ ਵਿਚ ਜੋ ਮਾਲਵਾ ਨਾਉਂ ਤੋਂ ਵੀ ਜਾਣਿਆ ਜਾਂਦਾ ਹੈ, ਅਜੇ ਤਕ ਸਰਮਾਏਦਾਰੀ ਪਰਬੰਧ ਦੇ ਘਨਾਉਣੇ ਪ੍ਰਭਾਵਾਂ ਨੇ ਘਰ ਨਹੀਂ ਕੀਤਾ। ਇਥੇ ਅਜ ਵੀ ਲੋਕ 'ਮੈਂ' ਦੀ ਥਾਂ 'ਅਸੀਂ' ਪਰਯੋਗ ਕਰਦੇ ਹਨ। ਦੁਖ ਸੁਖ ਦੀ ਸਾਂਝ ਬਾਕੀ ਹੈ ਤੇ ਨਿਜੀ ਹਿਤਾਂ ਦੇ ਨਾਲ ਭਾਈਚਾਰੇ ਦੀ ਭਲਾਈ ਦੇ ਵਿਚਾਰ ਵੀ ਮੌਜੂਦ ਹਨ।

ਇਹਨਾਂ ਟੁਟ ਰਹੀਆਂ ਕਦਰਾਂ ਤੇ ਦਿਨੋ ਦਿਨ ਘਟ ਰਹੇ ਵਿਰਸੇ ਨੂੰ ਪ੍ਰੀਤਮ ਸਿੰਘ ਰਾਹੀ 'ਕੰਜਕਾਂ' ਰਾਹੀਂ ਸਾਡੇ ਸਾਹਮਣੇ ਲਿਆਉਣ ਦਾ ਯਤਨ ਕਰਦਾ ਹੈ ਜਦ ਉਹ ਇਹ ਕਹਿੰਦਾ ਹੈ :

ਅੱਜ ਸਾਡੇ ਕੋਈ ਆਵੇ
ਜੇ ਆਵੇ ਤਾਂ ਨਾਲ ਆਪਣੇ
ਖੁਸ਼ੀਆਂ ਲੈਂਦਾ ਆਵੇ
ਨਹੀਂ ਤਾਂ ਕੋਈ ਨਾ ਆਵੇ।

ਤਾਂ ਸਾਨੂੰ ਇਸ ਵਿਚੋਂ ਸਾਧਾਰਨ ਪੇਂਡੂਆਂ ਦੀ ਅਣਖ ਦੀ ਉਹ ਪੁਕਾਰ ਸੁਣਾਈ ਦਿੰਦੀ ਹੈ ਜਿਹੜੀ ਕਿ ਸਰਮਾਏਦਾਰੀ ਪ੍ਰਬੰਧ 'ਚੋਂ ਉਪਜੇ ਨਿਜਵਾਦ ਦੇ, ਸ਼ਹਿਰਾਂ ਤੋਂ ਪਿੰਡਾਂ ਵਲ ਦੇ ਫੈਲਾਅ ਵਿਰੁਧ ਰੋਸ ਪਰਗਟਾਉਂਦੀ ਹੈ। ਜਾਂ ਜਦ ਉਹ ਕਹਿੰਦਾ ਹੈ :

ਸੱਜਣਾ ਵੇ ! ਸੁਣ ਮੇਰਿਆ ਸੱਜਣਾ,
ਕੀ ਹੋਈ ਮਜਬੂਰੀ।
ਦੋ ਪੈਰਾਂ ਦੀ ਵਿਥ ਬਣੀ ਹੈ,
ਸੌ ਕੋਹਾਂ ਦੀ ਦੂਰੀ।

ਤਾਂ ਉਹ ਸਭ ਪੁਰਾਣੇ ਮਿੱਤਰ, ਬਚਪਨ ਦੇ ਬੇਲੀ ਤੇ ਹਮਜੋਲੀ ਯਾਦ ਆ ਜਾਂਦੇ ਹਨ ਜਿਹਨਾਂ ਨੂੰ ਅੱਜ ਕੇਵਲ ਇਸ ਲਈ ਨਹੀਂ ਮਿਲ ਸਕਦੇ ਕਿਉਂਕਿ ਉਹ ਸਾਡੇ ਰੋਜ਼ ਦੇ ਕਾਰੋਬਾਰ ਦੇ ਝੰਜਟਾਂ ਦੀ ਵਲਗਣ ਤੋਂ ਜ਼ਰਾ ਦੁਰੇਡੇ ਹਨ।

ਅਜ ਦੇ ਨਵੇਂ ਕਵੀ ਦਾ ਇਸਤਰੀ ਦਾ ਤਸਵਰ ਪਰੇਮਕਾ, ਵੇਸ਼ਿਆ, ਕਾਮ ਤੇ ਸੁੰਦਰਤਾ ਦਾ ਵਿਖਾਵਾ ਕਰਨ ਵਾਲੀ ਸੁਸਾਇਟੀ-ਗਰਲ ਦਾ ਹੈ। ਪਰ ਰਾਹੀ ਦੀ ਕਵਿਤਾ ਵਿਚ ਭੋਲੇ ਸਾਊ ਤੇ ਪਿੰਡ ਦੇ ਇਕ ਦੂਜੇ ਵਿਚ ਰਚੇ ਮਿਚੇ ਪਾਤਰ ਮਿਲਦੇ ਹਨ ਜਿਹੜੇ ਕਿ ਮਿਲਕੇ ਬਹਿੰਦੇ, ਇਕਠੇ ਖਾਂਦੇ ਪੀਂਦੇ, ਮੁੱਢਲੇ ਮਨੁਖੀ ਰਿਸ਼ਤਿਆਂ ਨੂੰ ਮਾਣਦੇ ਹਨ। ਉਹ ਕਹਿੰਦਾ ਹੈ :

ਆਓ ਕੁੜੀਓ ! ਆਓ ਚਿੜੀਓ !!
ਚੁਗ ਲਓ ਮੇਰੀ ਹਰੀ-ਕਚੂਰੀ
ਖੇਤ ਤੁਹਾਡੇ, ਫਸਲ ਤੁਹਾਡੀ
ਚਿੜੀ ਕੀ ਲੈ ਜਾਏ ਕਣਕ ਦਾ ਦਾਣਾ
ਕੁੜੀ ਕੀ ਲੈ ਜਾਏ ਘਰ ਦੀ ਮਮਤਾ

ਉਪਰੋਕਤ ਤੋਂ ਸ਼ਾਇਦ ਇਹ ਪਰਭਾਵ ਪਵੇ ਕਿ ਰਾਹੀ ਬਲਜ਼ਾਕ ਵਾਂਗ ਪਿਛਾਂਹ ਨੂੰ ਝਾਕਦਾ ਰਹਿੰਦਾ ਹੈ, ਪਰ ਇਉਂ ਨਹੀਂ ਹੈ। ਕਵੀ ਨੂੰ ਭਵਿਖ ਨਾਲ ਉਤਨਾ ਹੀ ਲਗਾਓ ਹੈ ਜਿਤਨਾ ਕਿ ਉਸ ਦੀ ਪੀੜ੍ਹੀ ਦੇ ਕਿਸੇ ਹੋਰ ਅਗਾਂਹ ਵਧਣ ਦੀ ਤਾਂਘ ਰਖਣ ਵਾਲੇ ਨੌਜਵਾਨ ਲੇਖਕ ਨੂੰ ਹੈ। ਰਾਹੀ ਨੂੰ ਇਸ ਗੱਲ ਦੀ ਵੀ ਪਕੜ ਹੈ ਕਿ ਜਨ-ਸਮੂਹ ਦਾ ਕਲਿਆਣ ਸ਼ਹਿਰਾਂ ਵਿਚੋਂ ਉਠ

ਰਹੀ ਨਵੀਂ ਕਾਮਿਆਂ ਦੀ ਸ਼ਰੇਣੀ ਦੀ ਵਿਚਾਰਧਾਰਾ ਦੀ, ਜਦੋਜਹਿਦ ਵਿਚ ਹੈ। ਉਸ ਦੇ ਕਹੇ ਮੁਤਾਬਕ 'ਘਟ ਰਹੀ ਹੈ ਉਮਰਾ, ਹਾਸੇ ਉਧਾਰ ਲੈਕੇ' ਪਿਛੇ ਵਲ ਤਕਦੇ ਰਹਿਣ ਨਾਲ ਅੱਜ ਜਬਰ ਦੇ ਭਾਰ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ। ਉਹ ਜਾਣਦਾ ਹੈ ਕਿ !

ਹੱਕ ਦੇ ਹੁਣ ਹਰ ਜਗ੍ਹਾ 'ਤੇ ਛਿੜ ਪਏ ਨੇ ਮਾਮਲੇ
ਮੰਜ਼ਲਾਂ ਦੀ ਧੂੜ ਚੁੰਮਣ, ਪੈਰ ਰਾਹੀਆਂ ਦੇ ਸਦਾ
ਮੰਜ਼ਲਾਂ ਨੂੰ ਪਾਉਣ ਖਾਤਰ, ਪੈਰ ਪੈਰਾਂ ਨੂੰ ਮਿਲੇ।

ਉਸ ਨੂੰ ਰਵਾਇਤ ਦੀ ਨਾ ਕੇਵਲ ਪਹਿਚਾਣ ਹੈ ਸਗੋਂ ਪਰਖ ਵੀ ਹੈ। ਤੇ ਇਹ ਪਰਖ ਹੀ ਉਸ ਨੂੰ ਭਵਿਖ ਵੇਖਣ ਦੇ ਸਮਰੱਥ ਕਰਦੀ ਹੈ। ਪਰ ਇਕ ਗੱਲ ਖਟਕਦੀ ਵੀ ਹੈ ਕਿ ਉਹ ਪੁਰਾਣੀ ਰਵਾਇਤੀ ਬਿੰਬਾਵਲੀ ਨੂੰ ਨਵਾਂ ਰੰਗ ਦੇਣ ਦੀ ਥਾਂ ਕਦੇ ਅੰਮ੍ਰਿਤਾ ਪ੍ਰਤੀਮ ਦੇ ਰੰਗ 'ਚ 'ਤੁਧ ਬਿਨ ਕਾਹਦਾ ਜ਼ੀਣ, ਸੱਜਣ ਜੀ !' ਕਦੇ 'ਸੁਣ ਵੇ ਸੱਜਣ, ਸੁਣ ਵੇ ਮਹਿਰਮ' ਵਰਗੀਆਂ ਰੂੜ੍ਹੀਵਾਦੀ ਤਸ਼ਬੀਹਾਂ ਦਾ ਸਹਾਰਾ ਲੈਂਦਾ ਹੈ। ਇਸ ਤੋਂ ਉਪਰ ਉਠਦਾ ਹੈ ਤਾਂ ਭਾਈ ਵੀਰ ਸਿੰਘ ਦੀ ਅਧਿਆਤਮਕ ਸ਼ਬਦਾਵਲੀ ਵਿਚ ਇਸਤਰੀ ਚਿਤਰਣ ਤੇ 'ਕਰਮ ਦੀ ਧਾਰ' ਕਿਸਮ ਦੇ ਵਿਸ਼ਿਆਂ 'ਤੇ ਤਬਾਅ ਅਜ਼ਮਾਈ ਕਰਦਾ ਹੈ। ਕਵਿਤਾ ਵਿਚ ਵੇਦਾਂ ਤੋਂ ਲੈਕੇ ਮੈਥਲੀ ਸ਼ਰਨ ਗੁਪਤ ਤੱਕ ਇਸ ਤਰ੍ਹਾਂ ਦੀ ਪੰਡਤਾਈ ਕਰਦੇ ਰਹੇ ਹਨ :

ਇਸਤਰੀ ਜੰਮੇ ਸਰਿਸ਼ਟੀ,
ਇਸਤਰੀ ਪਾਲੇ ਜਗਤ;
ਇਸਤਰੀ ਹਰ ਰੂਪ ਅੰਦਰ,
ਆਦਮੀ ਨੂੰ ਸਰਚਦੀ।

ਜਾਂ

ਮੌਤ ਵੀ ਸੁਪਨ ਹੈ ਯਾਰਾ
ਇਸ ਦੇ ਨਕਸ਼ ਭੈੜੇ ਨੇ
ਜਿੰਦ ਸੈੱਲਾਂ ਦੀ ਢੇਰੀ ਹੈ,

ਇਸ ਕਿਸਮ ਦੀਆਂ ਕਵਿਤਾਵਾਂ ਪੜ੍ਹਕੇ ਇਹ ਸ਼ੱਕ ਉਪਜਦਾ ਹੈ ਕਿ ਸ਼ਾਇਦ ਕਵੀ 'ਪਾਠਸ਼ਾਲਾ ਦਾ ਮੰਦ-ਅਕਲ ਵਿਦਿਆਰਥੀ' ਹੀ ਹੈ, ਜਿਸ ਨੂੰ ਮਜਬੂਰਨ ਫਿਲਾਸਫੀ ਦੀ ਪੁਸਤਕ ਪੜ੍ਹਨੀ ਪੈ ਰਹੀ ਹੈ। ਅਜ ਦੀ ਕਲਾ ਤੇ ਅਜੋਕੇ ਜੀਵਨ ਦੀ ਅਭਿਵਿਅਕਤੀ ਇਸ ਕਿਸਮ ਦੀ ਲਫਾਜ਼ੀ ਦੀ ਮੁਥਾਜ਼ ਨਹੀਂ ਹੈ।

'ਕੰਜਕਾਂ' ਪ੍ਰੀਤਮ ਸਿੰਘ ਰਾਹੀ ਦੀ ਤੀਸਰੀ ਪੁਸਤਕ ਹੈ। ਪਾਠਕਾਂ ਦੀ ਸੌਖ ਲਈ ਪੁਸਤਕ ਨੂੰ ਤਿੰਨ "ਭਾਗਾਂ ਵਿਚ ਵੰਡਿਆ ਗਿਆ ਹੈ, ਪਹਿਲੇ ਵਿਚ "ਗੀਤ", ਦੂਜੇ ਵਿਚ ਨਿੱਕੇ ਮੋਟੇ ਵਿਸ਼ਿਆਂ ਦੀਆਂ ਕਵਿਤਾਵਾਂ ਤੇ ਤੀਜੇ ਅੰਤਿਮ ਭਾਗ ਵਿਚ ਸਮਾਜਵਾਦੀ ਰੰਗਣ ਦੀਆਂ ਕਵਿ-ਤਾਵਾਂ ਸ਼ਾਮਲ ਹਨ। ਪੜਚੋਲੀਏ ਦਾ ਭਾਰ ਬਹੁਤ ਹਲਕਾ ਹੋ ਗਿਆ ਹੈ: ਕੇਵਲ ਇਤਨਾ ਹੀ ਲਿਖਣਾ ਰਹਿ ਜਾਂਦਾ ਹੈ ਕਿ ਪੁਸਤਕ ਦੀ ਛਪਾਈ ਵਧੀਆ ਤੇ ਦਿੱਖ ਸੁੰਦਰ ਹੈ। ਟਾਈਟਲ ਉਤਨਾ ਹੀ ਚੰਗਾ (ਜਾਂ ਮਾੜਾ) ਹੈ ਜਿਤਨੀਆਂ ਕਿ ਦਲੀਪ ਦੀਆਂ ਹੋਰ ਕਲਾ ਕਿਰਤੀਆਂ ਹੁੰਦੀਆਂ ਹਨ।

**ਨਰਿੰਦਰ ਕ. ਜੋਸ਼ੀ**

# ਬਾਵਾ ਬਲਵੰਤ ਦਾ ਸਨਮਾਨ

ਲਿਖਾਰੀ ਸਭਾ ਬਰਨਾਲਾ ਵਲੋਂ ਆਪਣੇ ਵਾਰਸ਼ਕ ਸਮਾਗਮ ਸਮੇਂ 22 ਅਕਤੂਬਰ 1967 ਨੂੰ ਪੰਜਾਬੀ ਦੇ ਪ੍ਰਮੁਖ ਕਵੀ ਬਾਵਾ ਬਲਵੰਤ ਦਾ ਅਭਿਨੰਦਨ ਕੀਤਾ ਗਿਆ। ਪ੍ਰੋਫੈਸਰ ਸੁਜਾਨ ਸਿੰਘ ਦੀ ਪਰਧਾਨਗੀ ਹੇਠ ਹੋਏ ਇਸ ਸਮਾਗਮ ਵਿਚ ਸਭਾ ਦੇ ਪ੍ਰਧਾਨ ਸ੍ਰੀ ਸਾਧੂ ਸਿੰਘ ਬੇਦਿਲ ਨੇ ਬਾਵਾ ਜੀ ਨੂੰ ਸ੍ਰੀ ਪ੍ਰੀਤਮ ਸਿੰਘ ਰਾਹੀ ਤੇ ਪ੍ਰੋ: ਜੋਗਾ ਸਿੰਘ ਲਿਖਤ ਪੁਸਤਕ "ਬਾਵਾ ਬਲਵੰਤ ਕਾਵਿ ਮੁਲਾਂਕਣ" ਭੇਟ ਕੀਤੀ।

ਡਾ: ਗੁਰਚਰਨ ਸਿੰਘ, ਪ੍ਰੋ: ਕੇਸਰ ਸਿੰਘ ਕੇਸਰ ਤੇ ਸ੍ਰੀ ਓਮ ਪ੍ਰਕਾਸ਼ ਨੇ ਬਾਵਾ ਜੀ ਦੀ ਸਾਹਿਤ ਸਾਧਨਾ ਦੀ ਚਰਚਾ ਕਰਦਿਆਂ ਉਹਨਾਂ ਦਾ ਅਭਿਨੰਦਨ ਕੀਤਾ। ਡਾਕਟਰ ਸਾਹਿਬ ਨੇ ਬਾਵਾ ਜੀ ਦੇ ਜੀਵਨ ਉਤੇ ਵੀ ਰੌਸ਼ਨੀ ਪਾਈ।

ਪ੍ਰੋ: ਸੁਜਾਨ ਸਿੰਘ ਨੇ ਉਛਲਦੇ ਜਜ਼ਬਾਤਾਂ ਨਾਲ ਪਰਧਾਨਗੀ ਭਾਸ਼ਨ ਵਿਚ ਕਿਹਾ ਕਿ "ਮੈਨੂੰ ਉਮੀਦ ਸੀ ਕਿ ਉਹ ਜ਼ਮਾਨਾ ਆਵੇਗਾ ਜਦੋਂ ਲੋਕ ਆਪਣੇ ਕਲਾਕਾਰਾਂ ਨੂੰ ਸਮਝਣਗੇ। ਖੁਸ਼ੀ ਦੀ ਗੱਲ ਹੈ ਕਿ ਲਿਖਾਰੀ ਸਭਾ, ਬਰਨਾਲਾ ਇਸ ਗੱਲ ਨੂੰ ਪਾ ਗਈ ਹੈ।"

ਉਹਨਾਂ ਬਾਵਾ ਜੀ ਦੀ ਰਚਨਾ ਦਾ ਮੁਲਾਂਕਣ ਕਰਦਿਆਂ ਦਸਿਆ ਕਿ "ਇਹਨਾਂ ਦੀ ਕਵਿਤਾ ਦਾ ਮੁਖ ਵਿਸ਼ਾ ਦੇਸ ਭਗਤੀ ਸੀ।......ਮੁਢ ਤੋਂ ਹੀ ਦੋ ਧਾਰਾਵਾਂ ਨਾਲ ਨਾਲ ਚਲਦੀਆਂ ਰਹੀਆਂ ਹਨ—ਇਕ ਰਹੱਸਵਾਦੀ ਤੇ ਦੂਜੀ ਇਨਕਲਾਬੀ। ਬਾਵੇ ਦਾ ਰਹੱਸਵਾਦ ਸੂਫੀਆਂ ਸੰਤਾਂ ਵਾਲਾ ਨਹੀਂ ਸਗੋਂ ਉਸ ਦੇ ਰਹੱਸ ਵਿਚ ਭੇਤ ਵਾਲੀ ਗਲ ਜ਼ਰੂਰ ਹੁੰਦੀ ਹੈ ਪਰ ਹੁੰਦੀ ਉਹ ਜ਼ਿੰਦਗੀ ਦੀ ਗੱਲ ਹੈ।"

ਬਾਵਾ ਬਲਵੰਤ ਨੇ ਲਿਖਾਰੀ ਸਭਾ ਤੇ ਹਾਜ਼ਰ ਮਿੱਤਰਾਂ ਦਾ ਧੰਨਵਾਦ ਕੀਤਾ। ਆਪਣੀ ਪ੍ਰਸਿਧ ਕਵਿਤਾ 'ਰੋਜ਼ ਉਸ ਦਾ ਹਾਰ ਟੁਟ ਜਾਇਆ ਕਰੇ' ਸੁਣਾਈ।

''ਦੁਧ ਪਥਰੀ'' ਦੇ ਲੇਖਕ

**ਜਗਤਾਰ**

ਦਾ

ਨਵਾਂ ਕਾਵਿ ਸੰਗ੍ਰਹਿ

**ਅਧੂਰਾ ਆਦਮੀ**

ਜਿਸ ਦੁਆਰਾ ਕਵੀ ਨਵੇਂ ਪਰਾਪਤ ਕੀਤੇ ਆਧੁਨਿਕ ਬੋਧ ਨਾਲ ਪ੍ਰਗਟ ਹੁੰਦਾ ਹੈ ਅਤੇ ਪੰਜਾਬੀ ਕਵਿਤਾ ਦੇ ਘੇਰੇ ਨੂੰ ਵਿਸ਼ਾਲਤਾ ਪਰਦਾਨ ਕਰਦਾ ਹੈ ।

ਪ੍ਰਕਾਸ਼ਕ—ਸੰਕੇਤ ਪ੍ਰਕਾਸ਼ਨ ਜਲੰਧਰ

---

**ਸੁਰਿੰਦਰ ਸਿੰਘ ਜੌਹਰ**

ਦਾ ਪ੍ਰਥਮ ਨਾਵਲ

**ਟੁਟੀਆਂ ਤੰਦਾਂ**

ਜਿਸ ਵਿਚ ਅੱਜ ਦੇ ਸਮੇਂ ਦੇ ਵਿਅਕਤੀ ਅਤੇ ਵਾਤਾਵਰਨ ਦੀ ਪਰਸਪਰ ਟਕਰ 'ਚ ਜੀਵਨ ਦੀਆਂ ਆਖੀਆਂ ਜਾਂਦੀਆਂ ਅਟੁਟਾਂ ਤੰਦ ਨੂੰ ਟੁਟਦੀਆਂ ਵਿਖਾ-ਇਆ ਗਿਆ ਹੈ ਤੇ ਜਿਸ ਰਾਹੀਂ ਲੇਖਕ ਅੱਜ ਦੇ ਸਮਾਜ ਦਾ ਧਿਆਨ ਤਿੜਕ ਰਹੇ ਜੀਵਨ ਦੀ ਤਰਸਯੋਗ ਦਸ਼ਾ ਵਲ ਆਕਰਸ਼ਤ ਕਰਨ ਦੀ ਦਲੇਰੀ ਕਰਦਾ ਹੈ ।

ਪ੍ਰਕਾਸ਼ਕ ਕੀਮਤ ਚਾਰ ਰੁਪ

**ਪ੍ਰਤਿਭਾ ਪ੍ਰਕਾਸ਼ਨ, ਚਹਾਰ ਬਾਗ,** ਜਲੰਧਰ

---

ਪ੍ਰਗਤਿਵਾਦੀ ਦ੍ਰਿਸ਼ਟੀਕੋਣ ਦਾ ਧਾਰਨੀ

ਇਕ ਨਵਾਂ ਪੱਤਰ

**ਮੁਹਾਂਦਰਾ**

ਸੰਪਾਦਕ : ] ਜੋਗਾ ਸਿੰਘ
ਪ੍ਰੀਤਮ ਸਿੰਘ ਰਾਹੀ

ਆਲੋਕ ਪ੍ਰਕਾਸ਼ਨ ਬਰਨਾਲਾ

---

ਸੰਪਾਦਕ, ਮੁਦ੍ਰਿਕ, ਪ੍ਰਕਾਸ਼ਕ ਤੇ ਮਾਲਕ ਸ੍ਰੀਮਤੀ ਸੁਲੇਖਾ ਨੇ ਅਨੂਪਮ ਪ੍ਰਿੰਟਿੰਗ ਪਰੈਸ ਚਹਾਰ ਬਾਗ ਜਲੰਧਰ ਤੋਂ ਛਪਵਾ ਕੇ 225B, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

ਪ੍ਰਕਾਸ਼ਨ ਮਿਤੀ : 20 ਜਨਵਰੀ, 1968

SIRJANA —LITERARY PUNJABI QUARTERLY JULLUNDUR
JANUARY-MARCH 1968
Registered with the Registrar of Newspapers for India vide R. N. 10215/65

# ਇਕ ਨਿੱਕੀ ਸੂਚੀ

★ ਕਲ੍ਹ ਵੀ ਸੂਰਜ ਨਹੀਂ ਚੜ੍ਹੇਗਾ
[ਸੁਰਜੀਤ ਸਿੰਘ ਸੇਠੀ]

★ ਧੁੱਪ ਦਰਿਆ ਦੀ ਦੋਸਤੀ
[ਜਗਜੀਤ ਬਰਾੜ]

★ ਅਣਹੋਏ
[ਗੁਰਦਿਆਲ ਸਿੰਘ]

★ ਰਾਤ ਦਾ ਚਿਹਰਾ
[ਸੁਖਬੀਰ]

★ ਦੁੱਕੀ ਤਿੱਕੀ ਪੰਜੀ
[ਦਿਲਜੀਤ]

★ ਕਚਕੜੇ
[ਪ੍ਰੇਮ ਪ੍ਰਕਾਸ਼]

★ ਸਫ਼ਰ ਤੇ ਸੂਰਜ
[ਸੁਰਿੰਦਰ ਗਿੱਲ]

★ ਮਾਰਗ
[ਹਰਭਜਨ ਸਿੰਘ ਹੁੰਦਲ]

★ ਨਾ ਧੁੱਪੇ ਨਾ ਛਾਵੇਂ
[ਡਾ: ਹਰਿਭਜਨ ਸਿੰਘ]

★ ਖ਼ੂਨ ਸ਼ਹੀਦਾਂ ਦਾ
[ਸੰਪਾਦਕ : ਚੰਨ ਤੇ ਅਜਮੇਰ]

★ ਵਾਦ-ਵਿਵਾਦ
[ਪ੍ਰੀਤਮ ਸਿੰਘ]

★ ਬਾਵਾ ਬਲਵੰਤ ਕਾਵਿ ਮੂਲਾਂਕਣ
[ਜੋਗਾ ਸਿੰਘ]